Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.
Chief Editor: Gurjatinder Singh Randhawa
Punjab Mail USA


FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 903, 23 to 29 Apr., 2026, Ph: 916-320-9444, E-mail: punjabmailusa@yahoo.com, Web: punjabmailusa.com

## ਪੁਰਾਣੇ ਗ੍ਰੀਨ ਕਾਰਡ ਕੇਸਾਂ ਦੀ ਮੁੜ ਹੋ ਸਕਦੀ ਹੈ ਜਾਂਚ !

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਦੇ ਇਮੀਗ੍ਰੇਸ਼ਨ ਸਿਸਟਮ ਵਿਚ ਸਖ਼ਤੀ ਵਧਾਉਣ ਦੀ ਦਿਸ਼ਾ ਵਿਚ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ. ਐੱਸ.) ਵੱਲੋਂ ਪੁਰਾਣੇ ਮਨਜ਼ੂਰਸ਼ੁਦਾ ਗ੍ਰੀਨ ਕਾਰਡ ਕੇਸਾਂ ਦੀ ਦੁਬਾਰਾ ਸਮੀਖਿਆ ਕਰਨ ਦੀ ਸੰਭਾਵਨਾ ਜਤਾਈ ਗਈ ਹੈ। ਇਹ ਕਦਮ ਖਾਸ ਕਰਕੇ ਉਨ੍ਹਾਂ ਮਾਮਲਿਆਂ ਲਈ ਹੋ ਸਕਦਾ ਹੈ, ਜਿੱਥੇ ਧੋਖਾਧੜੀ, ਗਲਤ ਜਾਣਕਾਰੀ, ਨਕਲੀ ਦਸਤਾਵੇਜ਼ ਜਾਂ ਤੱਥ ਲੁਕਾਉਣ ਦਾ ਸ਼ੱਕ ਹੋਵੇ।

ਜੋਸਫ ਐਡਲੋਅ ਦੇ ਹਾਲੀਆ ਬਿਆਨਾਂ ਤੋਂ ਬਾਅਦ ਇਹ ਮਾਮਲਾ ਹੋਰ ਚਰਚਾ ਵਿਚ ਆ ਗਿਆ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਇਮੀਗ੍ਰੇਸ਼ਨ ਲਾਭ ਧੋਖੇ ਨਾਲ ਹਾਸਲ ਕਰਕੇ ਸਮਝਦੇ ਹਨ ਕਿ ਹੁਣ ਬਚ ਗਏ ਹਨ, ਉਹ

■ USCIS ਦੀ ਸਖਤ ਨੀਤੀ ਨਾਲ ਪ੍ਰਵਾਸੀਆਂ 'ਚ ਚਰਚਾ



ਗਲਤਫਹਿਮੀ ਵਿਚ ਹਨ। ਏਜੰਸੀ ਪੁਰਾਣੇ ਰਿਕਾਰਡਾਂ ਨੂੰ ਦੁਬਾਰਾ ਖੰਗਾਲਣ ਅਤੇ ਸ਼ੱਕੀ ਕੇਸਾਂ ਦੀ ਜਾਂਚ ਕਰਨ ਲਈ ਵਾਧੂ ਸਰੋਤ ਲਗਾ ਰਹੀ ਹੈ।

ਇਸ ਮੁਹਿੰਮ ਵਿਚ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਅਤੇ ਯੂ.ਐੱਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਵਰਗੀਆਂ ਏਜੰਸੀਆਂ ਨਾਲ ਸਹਿਯੋਗ ਵੀ ਸ਼ਾਮਲ ਹੋ ਸਕਦਾ ਹੈ। ਜਾਣਕਾਰੀ ਅਨੁਸਾਰ ਫਰਾਡ ਰਿਪੋਰਟਿੰਗ ਹੋਟਲਾਈਨ ਅਤੇ ਡਾਟਾ ਮੈਚਿੰਗ ਸਿਸਟਮ ਨੂੰ ਵੀ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ, ਤਾਂ ਜੋ ਪੁਰਾਣੇ ਕੇਸਾਂ ਵਿਚ ਵੀ ਗੜਬੜੀਆਂ ਪਤਾ ਲੱਗ ਸਕਣ। ਇਸ ਨਾਲ ਸਰਕਾਰ ਵੱਲੋਂ "ਪਬਲਿਕ ਚਾਰਜ" ਅਤੇ ਫਾਈਨਾਂਸ਼ੀਅਲ ਸਵੈ-ਨਿਰਭਰਤਾ ਮਾਪਦੰਡਾਂ ਨੂੰ ਵੀ ਗੰਭੀਰਤਾ ਨਾਲ ਦੇਖਿਆ ਜਾ ਰਿਹਾ ਹੈ। ਮਤਲਬ ਇਹ ਕਿ ਭਵਿੱਖ ਦੇ ਗ੍ਰੀਨ ਕਾਰਡ ਕੇਸਾਂ ਵਿਚ ਇਹ ਵੇਖਿਆ ਜਾਵੇਗਾ ਕਿ ਬਿਨੈਕਾਰ ਆਪਣਾ ਖਰਚਾ ਆਪ ਚਲਾ ਸਕਦਾ ਹੈ ਜਾਂ ਨਹੀਂ।

ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਜਿਨ੍ਹਾਂ ਲੋਕਾਂ ਨੇ ਸਹੀ ਤਰੀਕੇ ਨਾਲ, ਸੱਚੀ ਜਾਣਕਾਰੀ ਦੇ ਕੇ ਅਤੇ ਕਾਨੂੰਨੀ ਦਸਤਾਵੇਜ਼ਾਂ ਨਾਲ ਗ੍ਰੀਨ ਕਾਰਡ ਲਿਆ ਹੈ, ਉਨ੍ਹਾਂ ਨੂੰ ਘਬਰਾਉਣ ਦੀ ਲੋੜ ਨਹੀਂ। ■ ਬਾਕੀ ਖਬਰ ਸਫਾ 16 'ਤੇ

## ਟਰੰਪ ਪ੍ਰਸ਼ਾਸਨ ਅਮਰੀਕੀ ਇਮੀਗ੍ਰੇਸ਼ਨ ਕਾਨੂੰਨਾਂ 'ਚ ਵੱਡੇ ਬਦਲਾਅ ਲਈ ਤਿਆਰ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ 'ਚ ਡੋਨਾਲਡ ਟਰੰਪ ਦੀ ਅਗਵਾਈ ਹੇਠ ਪ੍ਰਸ਼ਾਸਨ ਇਮੀਗ੍ਰੇਸ਼ਨ ਕੋਡਸ ਅਤੇ ਨੀਤੀਆਂ ਨੂੰ ਮੁੜ ਤਿਆਰ ਕਰਨ ਵੱਲ ਤੇਜ਼ੀ ਨਾਲ ਕੰਮ ਕਰ ਰਿਹਾ ਹੈ। ਨਵੀਂ ਯੋਜਨਾ ਅਧੀਨ ਕਾਨੂੰਨੀ ਅਤੇ ਗੈਰਕਾਨੂੰਨੀ ਦੋਵੇਂ ਤਰ੍ਹਾਂ ਦੀ ਇਮੀਗ੍ਰੇਸ਼ਨ ਪ੍ਰਕਿਰਿਆ ਵਿਚ ਵੱਡੇ ਬਦਲਾਅ ਕੀਤੇ ਜਾ ਸਕਦੇ ਹਨ।

ਵ੍ਹਾਈਟ ਹਾਊਸ ਨਾਲ ਜੁੜੇ ਸਰੋਤਾਂ ਅਨੁਸਾਰ ਪ੍ਰਸ਼ਾਸਨ ਸਰਹੱਦੀ ਸੁਰੱਖਿਆ ਮਜ਼ਬੂਤ ਕਰਨ, ਵੀਜ਼ਾ ਜਾਂਚ ਕੜੀ ਕਰਨ, ਸ਼ਰਨਾਰਥੀ ਅਤੇ ਆਸਰਾ ਕੇਸਾਂ ਵਿਚ ਨਵੀਆਂ ਸ਼ਰਤਾਂ ਲਗਾਉਣ ਅਤੇ ਡਿਪੋਰਟੇਸ਼ਨ ਪ੍ਰਕਿਰਿਆ ਨੂੰ ਤੇਜ਼ ਕਰਨ ਉੱਤੇ ਕੰਮ ਕਰ ਰਿਹਾ ਹੈ। ਨਵੀਆਂ ਤਜਵੀਜ਼ਾਂ ਅਨੁਸਾਰ ਵਿਦੇਸ਼ੀ ਨਾਗਰਿਕਾਂ ਲਈ ਬੈਕਗ੍ਰਾਊਂਡ ਚੈਕ ਹੋਰ ਸਖ਼ਤ ਹੋ ਸਕਦੇ



ਹਨ। ਵਰਕ ਵੀਜ਼ਾ, ਸਟੂਡੈਂਟ ਵੀਜ਼ਾ ਅਤੇ ਪਰਿਵਾਰਕ ਸਪਾਂਸਰਸ਼ਿਪ ਵਾਲੇ ਕੇਸਾਂ ਵਿਚ ਵੀ ਵਧੇਰੇ ਦਸਤਾਵੇਜ਼ ਮੰਗੇ ਜਾ ਸਕਦੇ ਹਨ।

ਇਸ ਦੇ ਨਾਲ ਹੀ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਅਤੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਨੂੰ ਨਵੇਂ ਨਿਯਮਾਂ ਅਨੁਸਾਰ ਹੋਰ ਅਧਿਕਾਰ ਦਿੱਤੇ ਜਾਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਇਸ ਨਾਲ ਕੇਸਾਂ ਦੀ ਜਾਂਚ, ਇੰਟਰਵਿਊ ਅਤੇ ਰਿਕਾਰਡ ਚੈਕ ਹੋਰ ਗਹਿਰਾਈ ਨਾਲ ਹੋ ਸਕਦੀ ਹੈ। ਪ੍ਰਵਾਸੀ ਭਾਈਚਾਰੇ ਵਿਚ ਇਹ ਚਰਚਾ ਚੱਲ ਰਹੀ ਹੈ ਕਿ ਨਵੇਂ ਬਦਲਾਅ ਨਾਲ ਗ੍ਰੀਨ ਕਾਰਡ, ਵਰਕ ਪਰਮਿਟ, ਅਸਾਇਲਮ ਅਤੇ ਪਰਿਵਾਰਕ ਇਮੀਗ੍ਰੇਸ਼ਨ ਵਾਲੇ ਕੇਸ ਪ੍ਰਭਾਵਿਤ ਹੋ ਸਕਦੇ ਹਨ। ਕਈ ਇਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਅਰਜ਼ੀਕਾਰਾਂ ਨੂੰ ਆਪਣੇ ਦਸਤਾਵੇਜ਼ ਪੂਰੇ ਰੱਖਣੇ ਚਾਹੀਦੇ ਹਨ ਅਤੇ ਕਿਸੇ ਵੀ ਪੁਰਾਣੇ ਰਿਕਾਰਡ ਨੂੰ ਸਹੀ ਤਰੀਕੇ ਨਾਲ ਦਰਜ ਕਰਨਾ ਚਾਹੀਦਾ ਹੈ।

ਮਾਹਿਰਾਂ ਅਨੁਸਾਰ ਟਰੰਪ ਪ੍ਰਸ਼ਾਸਨ ਦੀ ਕੋਸ਼ਿਸ਼ ਇਹ ਹੈ ਕਿ ਇਮੀਗ੍ਰੇਸ਼ਨ ਸਿਸਟਮ ਨੂੰ "ਮੇਰਿਟ ਬੇਸਡ" ਬਣਾਇਆ ਜਾਵੇ, ਜਿਸ ਵਿਚ ਹੁਨਰਮੰਦ, ਉੱਚ-ਪੜ੍ਹੇ ਅਤੇ ਆਰਥਿਕ ਤੌਰ 'ਤੇ ਮਜ਼ਬੂਤ ਅਰਜ਼ੀਕਾਰਾਂ ਨੂੰ ਤਰਜੀਹ ਮਿਲੇ।

■ ਬਾਕੀ ਖਬਰ ਸਫਾ 16 'ਤੇ

## ਅਮਰੀਕਾ ਵੱਲੋਂ ਵੀਜ਼ਾ, ਗ੍ਰੀਨ ਕਾਰਡ ਤੇ ਨਾਗਰਿਕਤਾ ਜਾਂਚ 'ਚ ਹੋਰ ਸਖਤੀ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਦੇ ਯੂ.ਐੱਸ. ਡਿਪਾਰਟਮੈਂਟ ਆਫ ਸਟੇਟ (DOS) ਅਤੇ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (USCIS) ਨੇ ਵੀਜ਼ਾ, ਗ੍ਰੀਨ ਕਾਰਡ, ਨਾਗਰਿਕਤਾ ਅਤੇ ਹੋਰ ਇਮੀਗ੍ਰੇਸ਼ਨ ਕੇਸਾਂ ਦੀ ਸਕ੍ਰੀਨਿੰਗ ਹੋਰ ਵਧਾ ਦਿੱਤੀ ਹੈ। ਹੁਣ ਵਿਦੇਸ਼ਾਂ ਤੋਂ ਵੀਜ਼ਾ ਲੈਣ ਵਾਲਿਆਂ ਅਤੇ ਅਮਰੀਕਾ ਅੰਦਰ ਲਾਭ ਮੰਗਣ ਵਾਲਿਆਂ ਦੀ ਜਾਂਚ ਹੋਰ ਡੂੰਘੀ ਹੋਵੇਗੀ।





30 ਮਾਰਚ 2026 ਤੋਂ ਕਈ ਵੀਜ਼ਾ ਕੈਟਾਗਰੀਆਂ ਜਿਵੇਂ ਐੱਚ-1ਬੀ, ਐੱਚ-4, ਐੱਫ-1, ਜੇ-1 ਅਤੇ ਕੇ-1 ਵੀਜ਼ਾ ਆਦਿ ਲਈ ਅਰਜ਼ੀਕਰਤਾ ਦੇ ਸੋਸ਼ਲ ਮੀਡੀਆ ਅਕਾਊਂਟਸ ਅਤੇ ਔਨਲਾਈਨ ਐਕਟੀਵਿਟੀ ਵੀ ਚੈੱਕ ਕੀਤੀ ਜਾ ਸਕਦੀ ਹੈ। ਪਿਛਲੇ ਪੰਜ ਸਾਲਾਂ ਦੇ ਸੋਸ਼ਲ ਮੀਡੀਆ ਹੈਂਡਲਜ਼ ਵੀ ਮੰਗੇ ਜਾ ਸਕਦੇ ਹਨ। USCIS ਵੱਲੋਂ ਗਰੀਨ ਕਾਰਡ, ਅਸਾਇਲਮ, ਸਿਟੀਜ਼ਨਸ਼ਿਪ ਅਤੇ ਵਰਕ ਪਰਮਿਟ ਅਰਜ਼ੀਆਂ ਦੀ ਵੀ ਵਧੀਕ ਜਾਂਚ ਕੀਤੀ ਜਾਵੇਗੀ। ਕੁਝ ਫਾਈਲਜ਼ ਹੋਲਡ 'ਤੇ ਰੱਖੀਆਂ ਜਾ ਸਕਦੀਆਂ ਹਨ, ਹੋਰ ਸਬੂਤ ਮੰਗੇ ਜਾ ਸਕਦੇ ਹਨ ਜਾਂ ਪ੍ਰੋਸੈਸਿੰਗ ਸਮਾਂ ਲੰਮਾ ਹੋ ਸਕਦਾ ਹੈ। 39 ਹਾਈ-ਰਿਸਕ ਦੇਸ਼ਾਂ ਨਾਲ ਜੁੜੀਆਂ ਕੁਝ ਅਰਜ਼ੀਆਂ ਨੂੰ ਖਾਸ ਗੀਵਿਊ ਹੇਠ ਰੱਖਿਆ ਗਿਆ ਹੈ। **Employment Authorization Documents (EAD)** ਦੀ ਮਿਆਦ ਵੀ ਕੁਝ ਕੇਸਾਂ ਵਿਚ ਘਟਾਈ ਜਾ ਸਕਦੀ ਹੈ।

ਮਾਹਿਰਾਂ ਅਨੁਸਾਰ ਫਾਰਮ ਵਿਚ ਸਹੀ ਜਾਣਕਾਰੀ ਦੇਣਾ, ਪੁਰਾਣੇ ਰਿਕਾਰਡਜ਼ ਸਹੀ ਰੱਖਣਾ ਅਤੇ ਸੋਸ਼ਲ ਮੀਡੀਆ 'ਤੇ ਗਲਤ ਜਾਣਕਾਰੀ ਤੋਂ ਬਚਣਾ ਹੁਣ ਬਹੁਤ ਜ਼ਰੂਰੀ ਹੈ। ਸਾਧਾਰਨ ਸ਼ਬਦਾਂ ਵਿਚ, ਅਮਰੀਕਾ ਦੀ ਇਮੀਗ੍ਰੇਸ਼ਨ ਪ੍ਰੋਸੈਸਿਸ ਹੁਣ ਪਹਿਲਾਂ ਨਾਲੋਂ ਕਾਫ਼ੀ ਸਖ਼ਤ, ਡਿਜ਼ੀਟਲ ਅਤੇ ਸਕਿਓਰਿਟੀ-ਆਧਾਰਿਤ ਹੋ ਗਈ ਹੈ।

## ਟਰੰਪ ਵੱਲੋਂ ਸੀਜ਼ਫਾਇਰ ਦੀ ਮਿਆਦ 'ਚ ਵਾਧਾ !

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਪੱਛਮੀ ਏਸ਼ੀਆ ਵਿਚ ਜਾਰੀ ਤਣਾਅ ਦਰਮਿਆਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵੱਡਾ ਐਲਾਨ ਕਰਦਿਆਂ ਅਮਰੀਕਾ ਅਤੇ ਈਰਾਨ ਵਿਚਾਲੇ ਜਾਰੀ ਜੰਗਬੰਦੀ (ਸੀਜ਼ਫਾਇਰ) ਦੀ ਮਿਆਦ ਨੂੰ ਵਧਾ ਦਿੱਤਾ ਹੈ। ਟਰੰਪ ਨੇ ਮੰਗਲਵਾਰ ਨੂੰ ਸਪੱਸ਼ਟ ਕੀਤਾ ਕਿ ਇਹ ਸੀਜ਼ਫਾਇਰ ਉਦੋਂ ਤੱਕ ਪ੍ਰਭਾਵੀ ਰਹੇਗਾ, ਜਦੋਂ ਤੱਕ ਈਰਾਨ ਆਪਣਾ ਰਸਮੀ ਪ੍ਰਸਤਾਵ ਪੇਸ਼ ਨਹੀਂ ਕਰ ਦਿੰਦਾ ਅਤੇ ਦੋਵਾਂ ਦੇਸ਼ਾਂ ਵਿਚਾਲੇ ਚਰਚਾ ਕਿਸੇ ਸਿਰੇ ਨਹੀਂ ਲੱਗ ਜਾਂਦੀ।

ਭਾਵੇਂ ਰਾਸ਼ਟਰਪਤੀ ਟਰੰਪ ਨੇ ਹਮਲੇ ਨੂੰ ਟਾਲ ਦਿੱਤਾ ਹੈ, ਪਰ ਉਨ੍ਹਾਂ ਨੇ ਈਰਾਨ 'ਤੇ ਫੌਜੀ ਦਬਾਅ ਘੱਟ ਨਹੀਂ ਕੀਤਾ। ਉਨ੍ਹਾਂ ਨੇ ਅਮਰੀਕੀ ਫੌਜ ਨੂੰ ਸਪੱਸ਼ਟ ਹੁਕਮ ਦਿੱਤੇ ਹਨ ਕਿ ਈਰਾਨੀ ਬੰਦਰਗਾਹਾਂ ਦੀ ਨਾਕਾਬੰਦੀ

■ ਨਾਕਾਬੰਦੀ ਰਹੇਗੀ ਜਾਰੀ



(ਬਲਾਕੇਡ) ਨਿਰੰਤਰ ਜਾਰੀ ਰੱਖੀ ਜਾਵੇ। ਟਰੰਪ ਅਨੁਸਾਰ, ਅਮਰੀਕੀ ਸੈਨਾ ਬਾਕੀ ਸਾਰੇ ਮੋਰਚਿਆਂ 'ਤੇ ਵੀ ਪੂਰੀ ਤਰ੍ਹਾਂ ਤਿਆਰ ਅਤੇ ਸਮਰੱਥ ਹੈ।

ਆਪਣੇ ਅਧਿਕਾਰਤ ਬਿਆਨ ਵਿਚ ਟਰੰਪ ਨੇ ਖੁਲਾਸਾ ਕੀਤਾ ਕਿ ਇਹ ਫੈਸਲਾ ਪਾਕਿਸਤਾਨ ਦੀ ਲੀਡਰਸ਼ਿਪ ਦੀ ਬੇਨਤੀ 'ਤੇ ਲਿਆ ਗਿਆ ਹੈ। ਪਾਕਿਸਤਾਨ ਦੇ ਫੀਲਡ ਮਾਰਸ਼ਲ ਆਸਿਮ ਮੁਨੀਰ ਅਤੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਅਮਰੀਕਾ ਨੂੰ ਅਪੀਲ ਕੀਤੀ ਸੀ ਕਿ ਕੂਟਨੀਤਕ ਰਸਤਿਆਂ ਨੂੰ ਇੱਕ ਹੋਰ ਮੌਕਾ ਦਿੱਤਾ ਜਾਵੇ, ਤਾਂ ਜੋ ਈਰਾਨੀ ਆਗੂ ਇੱਕ ਸਾਂਝਾ ਪ੍ਰਸਤਾਵ ਤਿਆਰ ਕਰ ਸਕਣ। ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਮੌਜੂਦਾ ਸਮੇਂ ਵਿਚ ਈਰਾਨੀ ਸਰਕਾਰ ਅੰਦਰੂਨੀ ਤੌਰ 'ਤੇ ਕਾਫੀ ਬਿਖਰੀ ਹੋਈ ਹੈ।

ਦੂਜੇ ਪਾਸੇ, ਈਰਾਨ ਨੇ ਅਮਰੀਕਾ ਦੇ ਇਸ ਕਦਮ ਨੂੰ ਨਕਾਰ ਦਿੱਤਾ ਹੈ। ਈਰਾਨੀ ਸੰਸਦ ਦੇ ਸਪੀਕਰ ਦੇ ਸਲਾਹਕਾਰ ਨੇ ਕਿਹਾ ਕਿ ਹਾਰਨ ਵਾਲਾ ਪੱਖ ਸ਼ਰਤਾਂ ਨਹੀਂ ਥੋਪ ਸਕਦਾ। ਉਨ੍ਹਾਂ ਨੇ ਸੀਜ਼ਫਾਇਰ ਵਧਾਉਣ ਨੂੰ ਅਚਾਨਕ ਹਮਲੇ ਲਈ ਸਮਾਂ ਲੈਣ ਦੀ ਇੱਕ ਰਣਨੀਤੀ ਕਰਾਰ ਦਿੱਤਾ। ਈਰਾਨ ਨੇ ਬੰਦਰਗਾਹਾਂ ਦੀ ਨਾਕਾਬੰਦੀ ਨੂੰ 'ਬੰਬਾਰੀ' ਦੇ ਬਰਾਬਰ ਦੱਸਦਿਆਂ ਇਸ ਦਾ ਫੌਜੀ ਜਵਾਬ ਦੇਣ ਦੀ ਚਿਤਾਵਨੀ ਵੀ ਦਿੱਤੀ ਹੈ।

## ਜ਼ਬਰਦਸਤੀ ਵਸੂਲੀ ਤੇ ਗੋਲੀਬਾਰੀ ਮਾਮਲਾ: ਭਾਰਤੀ ਮੂਲ ਦੇ 2 ਨੌਜਵਾਨਾਂ 'ਤੇ ਦੋਸ਼ ਆਇਦ

**ਕੈਲਗਰੀ, (ਪੰਜਾਬ ਮੇਲ)-** ਕੈਨੇਡਾ ਦੇ ਕੈਲਗਰੀ 'ਚ ਦੱਖਣੀ ਏਸ਼ੀਆਈ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਕੀਤੀ ਜਾ ਰਹੀ ਜ਼ਬਰਦਸਤੀ ਵਸੂਲੀ ਅਤੇ ਗੋਲੀਬਾਰੀ ਦੇ ਮਾਮਲੇ ਵਿਚ ਭਾਰਤੀ ਮੂਲ ਦੇ 2 ਨੌਜਵਾਨਾਂ 'ਤੇ ਦੋਸ਼ ਆਇਦ ਕੀਤੇ ਗਏ ਹਨ। ਪੁਲਿਸ ਦੀ ਇਸ ਕਾਰਵਾਈ ਨੇ ਅੰਤਰ-ਸੂਬਾਈ ਅਪਰਾਧਿਕ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ।

ਪੁਲਿਸ ਨੇ ਦੋਵੇਂ ਨੌਜਵਾਨਾਂ ਦੀ ਪਛਾਣ ਕਰਨਬੀਰ ਸਿੰਘ (21 ਸਾਲ) ਅਤੇ ਜਰਮਨਜੀਤ ਸਿੰਘ (22 ਸਾਲ) ਵਜੋਂ ਕੀਤੀ ਹੈ। ਕਰਨਬੀਰ ਸਿੰਘ 'ਤੇ ਜਾਣਬੁੱਝ ਕੇ ਗੋਲੀ ਚਲਾਉਣ ਦਾ ਦੋਸ਼ ਹੈ ਅਤੇ ਉਹ ਇਸ ਸਮੇਂ ਪੁਲਿਸ ਹਿਰਾਸਤ ਵਿਚ ਹੈ। ਜਰਮਨਜੀਤ ਸਿੰਘ ਫਿਲਹਾਲ



ਕਰਨਬੀਰ ਸਿੰਘ, ਜਰਮਨਜੀਤ ਸਿੰਘ

ਫਰਾਰ ਹੈ ਅਤੇ ਪੁਲਿਸ ਨੇ ਇਸ ਦੇ ਖਿਲਾਫ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਹੈ।

ਇਹ ਦੋਸ਼ ਉੱਤਰ-ਪੂਰਬੀ ਕੈਲਗਰੀ ਦੇ ਸੈਡਲਰਿਜ ਡਰਾਈਵ ਸਥਿਤ ਇੱਕੋ ਘਰ ਵਿਚ ਹੋਈਆਂ ਦੋ ਵੱਖ-ਵੱਖ ਗੋਲੀਬਾਰੀ ਦੀਆਂ ਘਟਨਾਵਾਂ ਨਾਲ ਸਬੰਧਤ ਹਨ। 22 ਫਰਵਰੀ ਨੂੰ ਦੋ ਸ਼ੱਕੀ ਵਿਅਕਤੀਆਂ ਨੇ ਇੱਕ ਗੱਡੀ ਵਿਚੋਂ ਘਰ 'ਤੇ ਕਈ ਰਾਊਂਡ ਫਾਇਰ ਕੀਤੇ ਅਤੇ ਫਰਾਰ ਹੋ ਗਏ। ਫਿਰ 4 ਮਾਰਚ ਨੂੰ ਉਸੇ ਘਰ ਨੂੰ ਦੁਬਾਰਾ ਨਿਸ਼ਾਨਾ ਬਣਾਇਆ ਗਿਆ, ਜਿੱਥੇ ਤਿੰਨ ਸ਼ੱਕੀਆਂ ਨੇ ਗੋਲੀਆਂ ਚਲਾਈਆਂ।

ਇਸ ਤੋਂ ਬਾਅਦ 7 ਮਾਰਚ ਨੂੰ ਪੁਲਿਸ ਨੇ ਇੱਕ ਸ਼ੱਕੀ ਵਾਹਨ ਨੂੰ ਰੋਕਿਆ, ਜਿਸ ਨਾਲ ਜਾਂਚ ਵਿਚ ਅਹਿਮ ਸੁਰਾਗ ਮਿਲੇ। ਜਾਂਚ ਦੌਰਾਨ ਮਿਲੇ ਸਬੂਤਾਂ ਨੇ ਇਨ੍ਹਾਂ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਇੱਕ ਵੱਡੇ 'ਜ਼ਬਰਦਸਤੀ ਵਸੂਲੀ' ਦੇ ਰੈਕੇਟ ਨਾਲ ਜੋੜ ਦਿੱਤਾ, ਜੋ ਦੱਖਣੀ ਏਸ਼ੀਆਈ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾ ਰਿਹਾ ਸੀ। ■ ਬਾਕੀ ਖਬਰ ਸਫਾ 16 'ਤੇ

## ਅਮਰੀਕੀ ਸੁਪਰੀਮ ਕੋਰਟ ਗ੍ਰੀਨ ਕਾਰਡ ਹੋਲਡਰ ਨਾਲ ਸੰਬੰਧਤ ਕੇਸ ਦੀ ਕਰੇਗੀ ਸੁਣਵਾਈ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀ ਸੁਪਰੀਮ ਕੋਰਟ ਬੁੱਧਵਾਰ ਨੂੰ ਇੱਕ ਮਹੱਤਵਪੂਰਨ ਕੇਸ ਦੀ ਸੁਣਵਾਈ ਕਰੇਗੀ, ਜਿਸ ਵਿਚ ਇਹ ਫੈਸਲਾ ਕੀਤਾ ਜਾਵੇਗਾ ਕਿ ਜੇ ਕੋਈ ਗ੍ਰੀਨ ਕਾਰਡ ਹੋਲਡਰ ਜੁਰਮ ਕਰਦਾ ਹੈ, ਤਾਂ ਕੀ ਉਸ ਨੂੰ ਅਮਰੀਕਾ ਤੋਂ ਕੱਢਿਆ ਜਾ ਸਕਦਾ ਹੈ ਜਾਂ ਨਹੀਂ।

ਇਹ ਕੇਸ ਮੁਕ ਚੋਈ ਲਾਊ ਨਾਮ ਦੇ ਚੀਨੀ ਨਾਗਰਿਕ ਨਾਲ ਜੁੜਿਆ ਹੈ, ਜੋ 2007 ਵਿਚ ਅਮਰੀਕਾ ਦੇ ਕਾਨੂੰਨੀ ਸਥਾਈ ਨਿਵਾਸੀ (ਗਰੀਨ ਕਾਰਡ ਹੋਲਡਰ) ਬਣੇ ਸਨ। 2012 ਵਿਚ ਉਨ੍ਹਾਂ 'ਤੇ ਨਿਊ ਜਰਸੀ

■ ਨਕਲੀ ਸਮਾਨ ਵੇਚਣ ਦੇ ਦੋਸ਼ ਹੇਠ ਡਿਪੋਰਟ ਕਰਨ ਦੀ ਚੱਲ ਰਹੀ ਹੈ ਕਾਰਵਾਈ



ਵਿਚ ਲਗਭਗ 300,000 ਡਾਲਰ ਦੇ ਨਕਲੀ ਕੱਪੜੇ ਵੇਚਣ ਦੇ ਦੋਸ਼ ਲੱਗੇ ਸਨ।

ਜਦੋਂ ਕੇਸ ਚੱਲ ਰਿਹਾ ਸੀ, ਲਾਊ ਕੁਝ ਸਮੇਂ ਲਈ ਅਮਰੀਕਾ ਤੋਂ ਬਾਹਰ ਗਏ। ਵਾਪਸੀ ਸਮੇਂ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਨੇ ਉਨ੍ਹਾਂ ਨੂੰ ਆਮ ਗ੍ਰੀਨ ਕਾਰਡ ਹੋਲਡਰ ਦੀ ਥਾਂ **"Applicant for Admission"** ਮੰਨਿਆ ਅਤੇ ਡਿਪੋਰਟ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ। ਆਮ ਤੌਰ 'ਤੇ ਗ੍ਰੀਨ ਕਾਰਡ ਵਾਲੇ ਲੋਕ ਕੁਝ ਸਮੇਂ ਲਈ ਵਿਦੇਸ਼ ਜਾ ਕੇ ਵਾਪਸ ਆ ਸਕਦੇ ਹਨ ਅਤੇ ਉਨ੍ਹਾਂ ਦੀ ਸਥਿਤੀ ਪ੍ਰਭਾਵਿਤ ਨਹੀਂ ਹੁੰਦੀ। ਪਰ ਜੇ ਕਿਸੇ ਉੱਤੇ ਧੋਖਾਧੜੀ ਜਾਂ ਨੈਤਿਕ ਤੌਰ 'ਤੇ ਗਲਤ ਜੁਰਮ ਦਾ ਦੋਸ਼ ਹੋਵੇ, ਤਾਂ ਕਾਨੂੰਨ ਵਿਚ ਕੁਝ ਛੋਟਾਂ ਹਨ। ਬਾਅਦ ਵਿਚ ਲਾਊ ਨੇ ਨਕਲੀ ਸਮਾਨ ਵੇਚਣ ਦੇ ਦੋਸ਼ ਕਬੂਲ ਕਰ ਲਏ ਅਤੇ ਉਨ੍ਹਾਂ ਨੂੰ ਦੋ ਸਾਲ ਪ੍ਰੋਬੇਸ਼ਨ ਮਿਲੀ। ■ ਬਾਕੀ ਖਬਰ ਸਫਾ 16 'ਤੇ



ਸੰਗਤ ਮੇਲੇ ਵਿੱਚ ਆਵੇ, ਖੁਸ਼ੀਆਂ ਨਾਲ ਮੁਸਕਾਵੇ,
ਗੁਰੂ ਦੀ ਬਾਣੀ ਨਾਲ ਜੁੜ ਕੇ, ਜੀਵਨ ਰਾਹ ਬਣਾਵੇ।

## ਸੌਗੀ ਦੇ ਬਾਦਸ਼ਾਹ, ਸੰਸਾਰ ਪ੍ਰਸਿੱਧ ਸਮਾਜ ਸੇਵੀ

# ਸ. ਚਰਨਜੀਤ ਸਿੰਘ ਬਾਠ ਅਤੇ ਪਰਿਵਾਰ

## ਵੱਲੋਂ ਸਮੁੱਚੀ ਸਿੱਖ ਸੰਗਤ ਅਤੇ ਮਨੁੱਖਤਾ ਨੂੰ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



**CHARANJIT SINGH BATTH**
RAISIN, GRAPE AND ALMOND GROWER

Designed By Punjab Mail USA

## ਗੁਰਦੁਆਰਾ ਸਾਹਿਬ ਕਰਦਰਜ਼ ਵਿਖੇ 25 ਅਪ੍ਰੈਲ ਨੂੰ ਵਿਸਾਖੀ ਮੇਲਾ

ਗੁਰਦੁਆਰਾ ਕਰਦਰਜ਼ (P.C.K.D.S.) ਵਿਖੇ ਸ੍ਰੀ ਸਹਿਜ ਪਾਠ ਦੇ ਭੋਗ 25 ਅਪ੍ਰੈਲ, ਦਿਨ ਸ਼ਨਿੱਚਰਵਾਰ ਨੂੰ ਸਵੇਰੇ 10 ਵਜੇ ਪਾਏ ਜਾਣਗੇ। ਸ੍ਰੀ ਸਹਿਜ ਪਾਠ ਸਾਹਿਬ ਅਤੇ ਲੰਗਰਾਂ ਦੀ ਸੇਵਾ ਸ. ਚਰਨਜੀਤ ਸਿੰਘ ਬਾਠ ਅਤੇ ਉਨ੍ਹਾਂ ਦੇ ਵਰਕਰਾਂ ਵੱਲੋਂ ਕੀਤੀ ਜਾਵੇਗੀ। ਇਸ ਉਪਰੰਤ ਗੁਰਦੁਆਰਾ ਕਰਦਰਜ਼ (P.C.K.D.S.) ਵਿਖੇ 25 ਅਪ੍ਰੈਲ, ਦਿਨ ਸ਼ਨਿੱਚਰਵਾਰ ਨੂੰ ਹੀ ਗੁਰਦੁਆਰਾ ਸਾਹਿਬ ਦੇ ਬਾਹਰ ਇਕ ਸ਼ਾਨਦਾਰ ਵਿਸਾਖੀ ਮੇਲਾ ਲੱਗੇਗਾ, ਜਿਸ ਵਿਚ ਬੱਚਿਆਂ ਦੀਆਂ ਖੇਡਾਂ, ਪਿੰਡ ਦੇ ਸੀਨ, ਕਲਚਰਲ ਪ੍ਰੋਗਰਾਮ, ਕਿਡਜ਼ ਕਰਾਫਟ, ਭੋਜਨ ਅਤੇ ਭੰਗੜੇ-ਗਿੱਧੇ ਤੋਂ ਇਲਾਵਾ ਮੈਡੀਕਲ ਬੂਥ ਵੀ ਲਾਏ ਜਾਣਗੇ। ਇਸ ਮੌਕੇ 'ਤੇ ਬੱਚਿਆਂ ਲਈ ਰਾਈਡਾਂ ਦਾ ਵਿਸ਼ੇਸ਼ ਪ੍ਰਬੰਧ ਵੀ ਹੋਵੇਗਾ। 18 ਸਾਲ ਤੋਂ ਉਪਰ ਉਮਰ ਦੇ ਖਿਡਾਰੀਆਂ ਲਈ ਆਈ.ਡੀ. ਜ਼ਰੂਰੀ ਹੋਵੇਗੀ। ਇਹ ਵਿਸਾਖੀ ਮੇਲਾ ਇਕ ਯਾਦਗਾਰੀ ਮੇਲਾ ਹੋਵੇਗਾ, ਜਿਸ ਵਿਚ ਸਮੂਹ ਪੰਜਾਬੀਆਂ ਦੀ ਦਿਲਚਸਪੀ ਵਾਲੇ ਪ੍ਰੋਗਰਾਮ ਹੋਣਗੇ। ਸਾਰਾ ਦਿਨ ਗੁਰੂ ਦਾ ਲੰਗਰ ਅਤੁੱਟ ਵਰਤੇਗਾ। ਵਿਸਾਖੀ ਦੇ ਮੌਕੇ 'ਤੇ ਗੁਰੂਘਰ ਵਿਖੇ ਪਾਠ ਦੇ ਭੋਗ ਉਪਰੰਤ ਹਫਤਾਵਾਰੀ ਦੀਵਾਨ ਸਜਣਗੇ। ਸਮੂਹ ਸੰਗਤਾਂ ਨੂੰ ਗੁਰੂਘਰ ਵਿਖੇ ਪਹੁੰਚਣ ਦੀ ਬਾਠ ਪਰਿਵਾਰ ਵਲੋਂ ਅਪੀਲ ਕੀਤੀ ਗਈ ਹੈ।

# CHILDREN'S VAISAKHI MELA

**2025 W Clemenceau Ave. Caruthers, CA**
**ON SATURDAY, APRIL 25, 2026 TILL 6:00 PM**

**Programs:- Games, Kids Rides, Cultural Activities, Villages Scenes, Food, Bhangra, Gidha and More.**

Players up to 18 years of age - ID Reqd.
Basketball Signups at 9:00 am
Games Start at 9:30 am
Rides 10:00 am - 6:00 pm
Bhangra and Gidha - 12:00 pm - 6:00 pm

Basketball info: Harry Brar : 559-360-0303
Satbir Batth : 559-318-6047
ਗਿੱਧਾ ਤੇ ਭੰਗੜਾ ਦੀਆਂ ਬਹੁਤ ਨਾਮਵਰ ਟੀਮਾਂ ਪਹੁੰਚ ਰਹੀਆਂ ਹਨ।
Bhangra & Gidha: Jasvir S. Gosal 559-776-4955

ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਅਤੇ ਵੀਰਾਂ-ਭੈਣਾਂ ਨੂੰ ਇਸ ਮੇਲੇ ਵਿਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

Contact for more Information:

**Charanjit Singh Batth (559) 284-1149**

Sarwan S. Purewal : 559-305-5228 | Jagjit S. Sanghera : 559-709-5225 | Jaswinder S. Sandhu: 559-317-2674
Kulwant S. Gill : 559-493-1910 | Baljinder S. Grewal : 559-905-8513 | Satnam Singh, Head Granthi, Gurdwara : 559-864-7000

ਜਾਰੀ ਕਰਤਾ - **ਸ. ਚਰਨਜੀਤ ਸਿੰਘ ਬਾਠ : (559) 284-1149**

# ਡਾ. ਐੱਸ.ਪੀ. ਸਿੰਘ ਓਬਰਾਏ ਮੁੱਖ ਮਹਿਮਾਨ ਵਜੋਂ ਬੀ.ਬੀ.ਕੇ. ਡੀ.ਏ.ਵੀ. ਕਾਲਜ ਦੇ 57ਵੇਂ ਐਵਾਰਡ ਡੇਅ ਵਿਚ ਸ਼ਾਮਲ



**ਅੰਮ੍ਰਿਤਸਰ, (ਪੰਜਾਬ ਮੇਲ)-** ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਡਾਇਰੈਕਟਰ ਡਾ. ਐੱਸ.ਪੀ. ਸਿੰਘ ਓਬਰਾਏ ਨੇ ਮੁੱਖ ਮਹਿਮਾਨ ਵਜੋਂ ਬੀ.ਬੀ.ਕੇ. ਡੀ.ਏ.ਵੀ. ਕਾਲਜ ਫਾਰ ਵੂਮੈਨ ਦੇ 57ਵੇਂ ਐਵਾਰਡ ਡੇਅ ਸਮਾਰੋਹ ਵਿਚ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਨੇ ਕਾਲਜ ਦੀਆਂ ਪ੍ਰਾਪਤੀਆਂ ਅਤੇ ਵਿਦਿਆਰਥਣਾਂ ਦੀ ਮਿਹਨਤ ਦੀ ਸਰਾਹਨਾ ਕੀਤੀ।

ਸਮਾਰੋਹ ਦੌਰਾਨ ਡਾ. ਸਤਨਾਮ ਸਿੰਘ ਨਿੱਜਰ, ਡਾ. ਬਾਗੀ, ਕਾਲਜ ਦੀ ਪ੍ਰਿੰਸੀਪਲ ਅਤੇ ਹੋਰ ਮਾਣਯੋਗ ਸ਼ਖਸੀਅਤਾਂ ਵੀ ਹਾਜ਼ਰ ਸਨ। ਡਾ. ਓਬਰਾਏ ਨੇ ਇਸ ਅਰਥਪੂਰਨ ਸਮਾਗਮ ਨੂੰ ਦੇਖ ਕੇ ਖੁਸ਼ੀ ਪ੍ਰਗਟਾਈ ਅਤੇ ਕਿਹਾ ਕਿ ਸਿੱਖਿਆ ਹੀ ਸਮਾਜ ਨੂੰ ਉੱਚਾਈਆਂ ਤੱਕ ਲੈ ਕੇ ਜਾਣ ਦਾ ਸਭ ਤੋਂ ਵੱਡਾ ਸਾਧਨ ਹੈ।



ਇਸ ਵਿਸ਼ੇਸ਼ ਮੌਕੇ 'ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 30 ਹੋਣਹਾਰ ਪਰ ਆਰਥਿਕ ਤੌਰ 'ਤੇ ਕਮਜ਼ੋਰ ਵਿਦਿਆਰਥੀਆਂ ਦੀ ਸਿੱਖਿਆ ਦੀ ਜ਼ਿੰਮੇਵਾਰੀ ਸੰਭਾਲਦੇ ਹੋਏ ਉਨ੍ਹਾਂ ਨੂੰ ਗੋਦ ਲਿਆ ਗਿਆ। ਟਰੱਸਟ ਵੱਲੋਂ ਇਹ ਕਦਮ ਵਿਦਿਆਰਥੀਆਂ ਦੇ ਚੰਗੇ ਭਵਿੱਖ ਲਈ ਇੱਕ ਸ਼ਲਾਘਾਯੋਗ ਯਤਨ ਮੰਨਿਆ ਜਾ ਰਿਹਾ ਹੈ।

ਸਮਾਗਮ ਦੇ ਅੰਤ 'ਤੇ ਕਾਲਜ ਪ੍ਰਬੰਧਕਾਂ ਵੱਲੋਂ ਡਾ. ਓਬਰਾਏ ਅਤੇ ਹੋਰ ਮਹਿਮਾਨਾਂ ਦਾ ਸਨਮਾਨ ਵੀ ਕੀਤਾ ਗਿਆ।

## 'ਆਪ' ਵਿਧਾਇਕ ਪਠਾਣਮਾਜਰਾ ਦੀ ਜ਼ਮਾਨਤ ਅਰਜ਼ੀ ਰੱਦ

**ਪਟਿਆਲਾ, (ਪੰਜਾਬ ਮੇਲ)-** ਇੱਥੋਂ ਦੀ ਅਦਾਲਤ ਨੇ ਸਨੌਰ ਤੋਂ ਆਮ



ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਜਬਰ-ਜਨਾਹ ਮਾਮਲੇ ਵਿਚ ਜ਼ਮਾਨਤ ਅਰਜ਼ੀ ਸੋਮਵਾਰ ਨੂੰ ਰੱਦ ਕਰ ਦਿੱਤੀ ਹੈ। ਵਿਧਾਇਕ ਨੂੰ ਪਟਿਆਲਾ ਦੇ ਵਧੀਕ ਸੈਸ਼ਨ ਜੱਜ ਨਵਦੀਪ ਕੌਰ ਗਿੱਲ ਦੀ ਅਦਾਲਤ ਪੇਸ਼ ਕੀਤਾ ਗਿਆ ਸੀ। ਹੁਣ ਉਹ ਜ਼ਮਾਨਤ ਲਈ ਹਾਈ ਕੋਰਟ ਦਾ ਰੁਖ਼ ਕਰ ਸਕਦੇ ਹਨ। ਵਿਧਾਇਕ ਖ਼ਿਲਾਫ਼ ਥਾਣਾ ਸਿਵਲ ਲਾਈਨ ਪਟਿਆਲਾ ਵਿਚ ਜਬਰ-ਜਨਾਹ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ ਤਹਿਤ ਕੇਸ ਦਰਜ ਕੀਤਾ ਗਿਆ ਸੀ। ਇਸ ਮਾਮਲੇ ਦੀ ਅਗਲੀ ਸੁਣਵਾਈ 2 ਮਈ ਨੂੰ ਹੋਵੇਗੀ। ਇਸ ਦੌਰਾਨ ਪੁਲਿਸ ਨੇ ਥਾਣਾ ਜੁਲਕਾਂ ਵਿਚ ਪਿਛਲੇ ਸਾਲ 5 ਸਤੰਬਰ ਨੂੰ ਖਣਨ ਕਾਨੂੰਨ ਤਹਿਤ ਦਰਜ ਕੇਸ ਵਿਚ ਵੀ ਵਿਧਾਇਕ ਹਰਮੀਤ ਪਠਾਣਮਾਜਰਾ ਦੀ ਗ੍ਰਿਫ਼ਤਾਰੀ ਪਾ ਲਈ ਹੈ। ਐੱਸ.ਪੀ.ਡੀ. ਗੁਰਬੰਸ ਬੈਂਸ ਨੇ ਇਸ ਮਾਮਲੇ ਵਿਚ ਅਧਿਕਾਰਤ ਤੌਰ 'ਤੇ ਗ੍ਰਿਫ਼ਤਾਰੀ ਪਾਉਣ ਦੀ ਪੁਸ਼ਟੀ ਕੀਤੀ ਹੈ। ਹਾਲਾਂਕਿ, ਉਨ੍ਹਾਂ ਕਿਹਾ ਕਿ ਇਸ ਕੇਸ 'ਚ ਰਿਮਾਂਡ ਬਾਅਦ ਵਿਚ ਲਿਆ ਜਾਵੇਗਾ। ਵਿਧਾਇਕ ਹਰਮੀਤ ਪਠਾਣਮਾਜਰਾ ਦੇ ਵਕੀਲਾਂ ਬੀ.ਐੱਸ. ਭੁੱਲਰ ਅਤੇ ਐੱਸ.ਐੱਸ. ਸੱਗੂ ਨੇ ਅਦਾਲਤ ਨੂੰ ਦੱਸਿਆ ਕਿ ਵਿਧਾਇਕ ਖ਼ਿਲਾਫ਼ ਪਟਿਆਲਾ ਵਿਚ ਦੋ ਕੇਸ ਦਰਜ ਹਨ, ਪਰ ਉਨ੍ਹਾਂ ਨੂੰ ਬਠਿੰਡਾ ਜੇਲ੍ਹ 'ਚ ਰੱਖਿਆ ਹੋਇਆ ਹੈ।

## ਪੰਜਾਬ ਵਿਧਾਨ ਸਭਾ ਚੋਣਾਂ: ਕਈ ਮਹੀਨੇ ਪਹਿਲਾਂ ਹੀ ਟਿਕਟਾਂ ਦੇ ਚਾਹਵਾਨਾਂ ਦੀਆਂ ਸਿਆਸੀ ਗਤੀਵਿਧੀਆਂ ਤੇਜ਼

**ਬਠਿੰਡਾ, (ਪੰਜਾਬ ਮੇਲ)-** ਵਿਧਾਨ ਸਭਾ ਚੋਣਾਂ ਵਿਚ ਅਜੇ ਕਰੀਬ 10 ਮਹੀਨੇ ਬਾਕੀ ਹਨ ਪਰ ਸ਼ਹਿਰਾਂ ਅਤੇ ਪਿੰਡਾਂ ਵਿਚ ਸਿਆਸੀ ਗਤੀਵਿਧੀਆਂ ਤੇਜ਼ ਹੋਣੀਆਂ ਸ਼ੁਰੂ ਹੋ ਗਈਆਂ ਹਨ, ਜਿੱਥੇ ਟਿਕਟਾਂ ਦੇ ਚਾਹਵਾਨਾਂ ਨੇ ਪੋਸਟਰਾਂ ਅਤੇ ਸੋਸ਼ਲ ਮੀਡੀਆ ਮੁਹਿੰਮਾਂ ਰਾਹੀਂ ਲੋਕਾਂ ਤੱਕ ਆਪਣੀ ਪਹੁੰਚ ਵਧਾ ਦਿੱਤੀ ਹੈ। ਫਾਜ਼ਿਲਕਾ ਜ਼ਿਲ੍ਹੇ ਵਿਚ ਕਾਂਗਰਸੀ ਆਗੂ ਸੁਧੀਰ ਭਾਦੂ, ਜੋ ਪਾਰਟੀ ਦੇ ਸਾਬਕਾ ਸੀਨੀਅਰ ਉਪ ਪ੍ਰਧਾਨ ਰਹਿ ਚੁੱਕੇ ਹਨ, ਨੇ ਅਬੋਹਰ ਤੋਂ ਪਾਰਟੀ ਟਿਕਟ 'ਤੇ ਆਪਣਾ ਦਾਅਵਾ ਪੇਸ਼ ਕਰਦਿਆਂ ਪੋਸਟਰ ਲਗਾਏ ਹਨ। ਉਨ੍ਹਾਂ ਕਿਹਾ, "ਸਾਡਾ ਪਰਿਵਾਰ ਕਾਂਗਰਸ ਦਾ ਕੱਟੜ ਸਮਰਥਕ ਰਿਹਾ ਹੈ, ਅਤੇ ਮੈਂ ਪਾਰਟੀ ਦੀ ਟਿਕਟ ਮੰਗੀ ਹੈ।"

ਇੱਕ ਹੋਰ ਕਾਂਗਰਸੀ ਆਗੂ ਕ੍ਰਿਸ਼ਨ ਸਿੰਘ ਭਾਗੀ ਵਾਂਦਰ ਬਠਿੰਡਾ ਜ਼ਿਲ੍ਹੇ ਦੇ ਤਲਵੰਡੀ ਸਾਬੋ ਵਿਧਾਨ ਸਭਾ ਹਲਕੇ ਤੋਂ ਪਾਰਟੀ ਟਿਕਟ 'ਤੇ ਅੱਖ ਰੱਖੀ ਬੈਠੇ ਹਨ। ਉਨ੍ਹਾਂ ਕਿਹਾ, "ਮੈਂ ਜ਼ਮੀਨੀ ਪੱਧਰ 'ਤੇ ਕੰਮ ਕਰ ਰਿਹਾ ਹਾਂ ਅਤੇ ਪੂਰੇ ਹਲਕੇ ਵਿਚ ਪੋਸਟਰ ਲਗਾਏ ਹਨ।" ਇਸ ਦੌਰਾਨ, ਆਪ ਆਗੂ ਸਿੱਪੀ ਭਾਕਰ ਮੌੜ ਬਠਿੰਡਾ ਜ਼ਿਲ੍ਹੇ ਦੇ ਮੌੜ ਵਿਧਾਨ ਸਭਾ ਹਲਕੇ ਤੋਂ ਪਾਰਟੀ ਦੀ ਟਿਕਟ ਮੰਗ ਰਹੇ ਹਨ। ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਛੱਡ ਕੇ ਆਪ ਵਿਚ ਸ਼ਾਮਲ ਹੋਏ ਭਾਕਰ ਨੇ ਦੱਸਿਆ ਕਿ ਉਨ੍ਹਾਂ ਨੇ ਆਪਣਾ ਦਾਅਵਾ ਮਜ਼ਬੂਤ



ਕਰਨ ਲਈ ਇਲਾਕੇ ਵਿਚ ਪੋਸਟਰ, ਬੈਨਰ ਅਤੇ ਹੋਰਡਿੰਗ ਲਗਾਏ ਹਨ।

ਕਈ ਚਾਹਵਾਨਾਂ ਨੇ ਵੋਟਰਾਂ ਤੱਕ ਸਮੇਂ ਸਿਰ ਪਹੁੰਚਣ ਲਈ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਵੀ ਆਪਣੀ ਮੌਜੂਦਗੀ ਵਧਾ ਦਿੱਤੀ ਹੈ। ਵੱਖ-ਵੱਖ ਪਾਰਟੀਆਂ ਦੇ ਆਗੂਆਂ ਦਾ ਕਹਿਣਾ ਹੈ ਕਿ ਕਈ ਹਲਕਿਆਂ ਵਿਚ ਅਜਿਹੀਆਂ ਗਤੀਵਿਧੀਆਂ ਦੇਖਣ ਨੂੰ ਮਿਲ ਰਹੀਆਂ ਹਨ, ਜੋ ਪਾਰਟੀ ਨਾਮਜ਼ਦਗੀ ਹਾਸਲ ਕਰਨ ਲਈ ਚਾਹਵਾਨਾਂ ਵੱਲੋਂ ਜਲਦੀ ਕੀਤੀ ਜਾ ਰਹੀ ਲਾਮਬੰਦੀ ਦਾ ਸੰਕੇਤ ਹਨ।

ਇਸ ਸ਼ੁਰੂਆਤੀ ਚਰਚਾ 'ਤੇ ਪ੍ਰਤੀਕਿਰਿਆ ਦਿੰਦਿਆਂ ਇੱਕ ਕੈਬਨਿਟ ਮੰਤਰੀ ਨੇ ਕਿਹਾ ਕਿ ਪਾਰਟੀ ਦੀਆਂ ਟਿਕਟਾਂ ਲਈ ਦਾਅਵਾ ਪੇਸ਼ ਕਰਨਾ ਇੱਕ ਜਮਹੂਰੀ ਅਧਿਕਾਰ ਹੈ। ਉਨ੍ਹਾਂ ਅੱਗੇ ਕਿਹਾ, "ਹਾਲਾਂਕਿ, ਯੋਗਤਾ ਹੀ ਮੁੱਖ ਮਾਪਦੰਡ ਰਹਿੰਦੀ ਹੈ। ਉਮੀਦਵਾਰਾਂ ਦੀ ਅੰਤਿਮ ਚੋਣ ਤੋਂ ਪਹਿਲਾਂ ਕਈ ਪੱਧਰਾਂ 'ਤੇ ਜਾਂਚ ਕੀਤੀ ਜਾਂਦੀ ਹੈ। ਮੌਜੂਦਾ ਵਿਧਾਇਕਾਂ ਦੇ ਨਾਲ-ਨਾਲ ਨਵੇਂ ਚਾਹਵਾਨਾਂ ਦੀ ਕਾਰਗੁਜ਼ਾਰੀ ਨੂੰ ਵੀ ਧਿਆਨ ਵਿਚ ਰੱਖਿਆ ਜਾਂਦਾ ਹੈ।"


Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

Designed By Punjab Mail USA

# ਕੈਲੀਫੋਰਨੀਆ ’ਚ ਐੱਚ-1ਬੀ ਵੀਜ਼ਾ ਧੋਖਾਧੜੀ: 2 ਵਿਅਕਤੀਆਂ ਵੱਲੋਂ ਦੋਸ਼ ਕਬੂਲ

ਸੈਕਰਾਮੈਂਟੋ, (ਪੰਜਾਬ ਮੇਲ)- ਕੈਲੀਫੋਰਨੀਆ ਦੇ ਈਸਟ ਬੇ ਇਲਾਕੇ ਦੇ ਰਹਿਣ ਵਾਲਿਆਂ 2 ਵਿਅਕਤੀਆਂ ਨੇ ਐੱਚ-1ਬੀ ਵੀਜ਼ਾ ਧੋਖਾਧੜੀ ਦੇ ਮਾਮਲੇ ਵਿਚ ਆਪਣੀ ਗਲਤੀ ਮੰਨ ਲਈ ਹੈ। ਦਬਲਿਨ ਸ਼ਹਿਰ ਦੇ ਰਹਿਣ ਵਾਲੇ ਸੰਪਥ ਰਾਜੀਡੀ (51) ਅਤੇ ਸ੍ਰੀਧਰ ਮਾਡਾ (51) ਨੇ ਅਦਾਲਤ ਵਿਚ ਕਬੂਲ ਕੀਤਾ ਕਿ ਉਨ੍ਹਾਂ ਨੇ ਮਿਲ ਕੇ ਵੀਜ਼ਾ ਫਰੌਡ ਦੀ ਸਾਜ਼ਿਸ਼ ਰਚੀ।



ਅਦਾਲਤੀ ਦਸਤਾਵੇਜ਼ਾਂ ਅਨੁਸਾਰ, ਸੰਪਥ ਰਾਜੀਡੀ ਦੋ ਕੰਪਨੀਆਂ—S-Team Software Inc. ਅਤੇ **Uptrend Technologies LLC**— ਚਲਾਉਂਦਾ ਸੀ, ਜਿਹੜੀਆਂ ਵਿਦੇਸ਼ੀ ਕਰਮਚਾਰੀਆਂ ਲਈ ਐੱਚ-1ਬੀ ਵੀਜ਼ੇ ਲਗਵਾਉਣ ਦਾ ਕੰਮ ਕਰਦੀਆਂ ਸਨ। ਸ੍ਰੀਧਰ ਮਾਡਾ ਯੂਨੀਵਰਸਿਟੀ ਆਫ ਕੈਲੀਫੋਰਨੀਆ ਦੇ ਐਗਰੀਕਲਚਰ ਐਂਡ ਨੈਚੂਰਲ ਰਿਸੋਰਸਿਜ਼ ਵਿਭਾਗ (ਯੂ.ਸੀ.ਏ.ਐੱਨ.ਆਰ.), ਡੇਵਿਸ ਵਿਚ ਚੀਫ ਇਨਫਾਰਮੇਸ਼ਨ ਅਫਸਰ ਦੇ ਅਹੁਦੇ ’ਤੇ ਤਾਇਨਾਤ ਸੀ।

ਜਾਂਚ ਮੁਤਾਬਕ, ਜੂਨ 2020 ਤੋਂ ਜਨਵਰੀ 2023 ਤੱਕ ਦੋਵੇਂ ਨੇ ਕਈ ਐੱਚ-1ਬੀ ਵੀਜ਼ਾ ਅਰਜ਼ੀਆਂ ਵਿਚ ਝੂਠੀ ਜਾਣਕਾਰੀ ਦਿੱਤੀ। ਅਰਜ਼ੀਆਂ ਵਿਚ ਦਰਸਾਇਆ ਗਿਆ ਕਿ ਵਿਦੇਸ਼ੀ ਕਰਮਚਾਰੀ ਯੂਨੀਵਰਸਿਟੀ ਆਫ ਕੈਲੀਫੋਰਨੀਆ ਵਿਚ ਨੌਕਰੀ ਕਰਨਗੇ, ਜਦਕਿ ਹਕੀਕਤ ਵਿਚ ਅਜਿਹੀਆਂ ਨੌਕਰੀਆਂ ਮੌਜੂਦ ਨਹੀਂ ਸਨ।

ਸ੍ਰੀਧਰ ਮਾਡਾ ਨੇ ਆਪਣੇ ਉੱਚ ਅਹੁਦੇ ਦੀ ਵਰਤੋਂ ਕਰਦੇ ਹੋਏ ਅਰਜ਼ੀਆਂ ਨੂੰ ਭਰੋਸੇਯੋਗ ਬਣਾਇਆ। ਵੀਜ਼ੇ ਮਨਜ਼ੂਰ ਹੋਣ ਤੋਂ ਬਾਅਦ, ਇਹ ਕਰਮਚਾਰੀ ਯੂਨੀਵਰਸਿਟੀ ਵਿਚ ਕੰਮ ਕਰਨ ਦੀ ਬਜਾਏ ਹੋਰ ਨਿੱਜੀ ਕੰਪਨੀਆਂ ਵਿਚ ਲਗਾਏ ਜਾਂਦੇ ਸਨ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਧੋਖਾਧੜੀ ਨਾਲ ਸਰਕਾਰੀ ਏਜੰਸੀਆਂ ਨੂੰ ਗਲਤ ਜਾਣਕਾਰੀ ਦਿੱਤੀ ਗਈ ਅਤੇ ਹੋਰ ਕੰਪਨੀਆਂ ਲਈ ਉਪਲਬਧ ਐੱਚ-1ਬੀ ਵੀਜ਼ਿਆਂ ਦੀ ਗਿਣਤੀ ’ਤੇ ਵੀ ਅਸਰ ਪਿਆ।

ਇਸ ਮਾਮਲੇ ਦੀ ਜਾਂਚ ਕਈ ਫੈਡਰਲ ਏਜੰਸੀਆਂ ਵੱਲੋਂ ਕੀਤੀ ਜਾ ਰਹੀ ਹੈ। ਦੋਵੇਂ ਦੋਸ਼ੀਆਂ ਦੀ ਸਜ਼ਾ 30 ਜੁਲਾਈ 2026 ਨੂੰ ਸੁਣਾਈ ਜਾਵੇਗੀ। ਉਨ੍ਹਾਂ ਨੂੰ ਵੱਧ ਤੋਂ ਵੱਧ 5 ਸਾਲ ਕੈਦ ਅਤੇ 2 ਲੱਖ 50 ਹਜ਼ਾਰ ਡਾਲਰ ਜੁਰਮਾਨਾ ਹੋ ਸਕਦਾ ਹੈ।

ਅਦਾਲਤੀ ਦਸਤਾਵੇਜ਼ਾਂ ਵਿਚ ਦੋਸ਼ੀਆਂ ਦੀ ਨਾਗਰਿਕਤਾ ਸਿੱਧੇ ਤੌਰ ’ਤੇ ਨਹੀਂ ਦੱਸੀ ਗਈ। ਹਾਲਾਂਕਿ, ਉਨ੍ਹਾਂ ਦੇ ਨਾਮ ਤੋਂ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਉਹ ਭਾਰਤੀ ਮੂਲ ਦੇ ਹੋ ਸਕਦੇ ਹਨ, ਪਰ ਇਸ ਬਾਰੇ ਅਧਿਕਾਰਕ ਪੁਸ਼ਟੀ ਨਹੀਂ ਕੀਤੀ ਗਈ।

# ਅਮਰੀਕਾ ਅਦਾਲਤ ਵੱਲੋਂ ਵੱਡੇ ਇਮੀਗ੍ਰੇਸ਼ਨ ਧੋਖਾਧੜੀ ਮਾਮਲੇ ’ਚ ਪੰਜਾਬੀ ਵਿਅਕਤੀ ਦੀ ਨਾਗਰਿਕਤਾ ਰੱਦ

**ਵਾਸ਼ਿੰਗਟਨ, (ਪੰਜਾਬ ਮੇਲ)-** ਜਸਟਿਸ ਡਿਪਾਰਟਮੈਂਟ ਮੁਤਾਬਕ ਗੁਰਦੇਵ ਸਿੰਘ ਸੋਹਲ, ਜੋ ਦੇਵ ਸਿੰਘ ਅਤੇ ਬੂਟਾ ਸਿੰਘ ਸੁੰਧੂ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਨੇ ਝੂਠੀ ਜਾਣਕਾਰੀ ਦੇ ਕੇ 2005 ਵਿਚ ਅਮਰੀਕੀ ਨਾਗਰਿਕਤਾ ਲੈ ਲਈ ਸੀ।

ਰਿਕਾਰਡਾਂ ਅਨੁਸਾਰ, ਉਸਨੂੰ 1994 ਵਿਚ ਹੀ ਅਮਰੀਕਾ ਤੋਂ ਡਿਪੋਰਟ ਕਰਨ ਦੇ ਹੁਕਮ ਜਾਰੀ ਹੋ ਗਏ ਸਨ। ਪਰ ਉਸ ਨੇ ਦੇਸ਼ ਨਹੀਂ ਛੱਡਿਆ। ਇਸ ਦੀ ਬਜਾਏ ਉਸਨੇ ਇੱਕ ਨਵੀਂ ਝੂਠੀ ਪਛਾਣ ਬਣਾਈ—ਵੱਖਰਾ ਨਾਮ, ਵੱਖਰੀ ਜਨਮ ਮਿਤੀ ਅਤੇ ਅਮਰੀਕਾ ਵਿਚ ਦਾਖਲੇ ਦੀ ਵੱਖਰੀ ਮਿਤੀ ਦਿਖਾਈ। ਇਸ ਨਵੀਂ ਪਛਾਣ ਨਾਲ ਉਸਨੇ ਬਾਅਦ ਵਿਚ ਨਾਗਰਿਕਤਾ ਹਾਸਲ ਕਰ ਲਈ।

ਸਰਕਾਰ ਦਾ ਕਹਿਣਾ ਹੈ ਕਿ ਉਸਨੇ ਆਪਣਾ ਪੁਰਾਣਾ ਇਮੀਗ੍ਰੇਸ਼ਨ ਇਤਿਹਾਸ ਅਤੇ ਅਸਲੀ ਪਛਾਣ ਹਰ ਅਰਜ਼ੀ ਵਿਚ ਲੁਕਾਈ। ਇਹ ਗੱਲ ਉਸਦੇ ਖ਼ਿਲਾਫ਼ ਸਭ ਤੋਂ ਵੱਡਾ ਸਬੂਤ ਬਣੀ।

ਇਹ ਮਾਮਲਾ ਫਿੰਗਰਪ੍ਰਿੰਟ ਜਾਂਚ ਰਾਹੀਂ ਸਾਹਮਣੇ ਆਇਆ। 2020 ਵਿਚ ਮਾਹਿਰਾਂ ਨੇ ਪੁਸ਼ਟੀ ਕੀਤੀ ਕਿ ਦੋ ਵੱਖ-ਵੱਖ ਨਾਂ ਹੇਠ ਦਿੱਤੇ ਫਿੰਗਰਪ੍ਰਿੰਟ ਇੱਕੋ ਵਿਅਕਤੀ ਦੇ ਸਨ। ਇਹ ਜਾਂਚ ਇਸ ਲਈ ਸੰਭਵ ਹੋਈ ਕਿਉਂਕਿ ਪੁਰਾਣੀਆਂ ਫਾਈਲਾਂ ਨੂੰ ਡਿਜ਼ੀਟਲ ਕੀਤਾ ਗਿਆ ਸੀ।

13 ਅਪ੍ਰੈਲ ਨੂੰ ਅਦਾਲਤ ਨੇ ਫੈਸਲਾ ਦਿੱਤਾ ਕਿ ਗੁਰਦੇਵ ਸਿੰਘ ਸੋਹਲ ਨੇ ਗੈਰਕਾਨੂੰਨੀ ਤਰੀਕੇ ਨਾਲ ਨਾਗਰਿਕਤਾ ਲਈ। ਅਦਾਲਤ ਨੇ ਕਿਹਾ ਕਿ ਉਸਨੇ ਸੱਚਾਈ ਲੁਕਾਈ, ਇਸ ਕਰਕੇ ਉਹ “ਚੰਗੇ ਚਰਿੱਤਰ” ਦੀ ਸ਼ਰਤ ਪੂਰੀ ਨਹੀਂ ਕਰਦਾ ਸੀ, ਜੋ ਨਾਗਰਿਕਤਾ ਲਈ ਜ਼ਰੂਰੀ ਹੁੰਦੀ ਹੈ।

ਜਸਟਿਸ ਡਿਪਾਰਟਮੈਂਟ ਨੇ ਕਿਹਾ ਕਿ ਇਹ ਕੇਸ ਦਰਸਾਉਂਦਾ ਹੈ ਕਿ ਅਮਰੀਕੀ ਸਰਕਾਰ ਨਾਗਰਿਕਤਾ ਦੇ ਨਿਯਮਾਂ ਨੂੰ ਕਿੰਨੀ ਗੰਭੀਰਤਾ ਨਾਲ ਲੈਂਦੀ ਹੈ। ਸਰਕਾਰ ਹੁਣ ਪੁਰਾਣੇ ਰਿਕਾਰਡ ਵੀ ਚੈੱਕ ਕਰ ਰਹੀ ਹੈ ਅਤੇ ਜਿਹੜੇ ਲੋਕ ਝੂਠੀ ਜਾਣਕਾਰੀ ਦੇ ਕੇ ਨਾਗਰਿਕਤਾ ਲੈਂਦੇ ਹਨ, ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ।

ਇਹ ਖ਼ਬਰ ਉਨ੍ਹਾਂ ਲੋਕਾਂ ਲਈ ਵੀ ਵੱਡਾ ਸੰਦੇਸ਼ ਹੈ, ਜੋ ਗਲਤ ਜਾਣਕਾਰੀ ਦੇ ਕੇ ਇਮੀਗ੍ਰੇਸ਼ਨ ਲਾਭ ਲੈਣ ਦੀ ਕੋਸ਼ਿਸ਼ ਕਰਦੇ ਹਨ, ਜੇ ਸੱਚਾਈ ਸਾਹਮਣੇ ਆ ਜਾਂਦੀ ਹੈ, ਤਾਂ ਨਾਗਰਿਕਤਾ ਕਦੇ ਵੀ ਰੱਦ ਹੋ ਸਕਦੀ ਹੈ।

# ਰਾਸ਼ਟਰਪਤੀ ਟਰੰਪ ਨੇ ਐੱਚ-2ਬੀ ਵੀਜ਼ਾ ਪ੍ਰੋਗਰਾਮ ਦਾ ਕੋਟਾ ਵਧਾਇਆ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਹੇਠ ਟਰੰਪ ਪ੍ਰਸ਼ਾਸਨ ਨੇ ਮੌਸਮੀ ਵਿਦੇਸ਼ੀ ਕਾਮਿਆਂ ਲਈ ਵੱਡਾ ਫੈਸਲਾ ਲੈਂਦਿਆਂ ਐੱਚ-2ਬੀ ਵੀਜ਼ਾ ਪ੍ਰੋਗਰਾਮ ਦਾ ਕੋਟਾ ਵਧਾ ਦਿੱਤਾ ਹੈ। ਇਸ ਕਦਮ ਨਾਲ ਹੋਟਲ-ਰੈਸਟੋਰੈਂਟ, ਸੈਰ-ਸਪਾਟਾ, ਲੈਂਡਸਕੇਪਿੰਗ ਅਤੇ ਸੀਫੂਡ ਪ੍ਰੋਸੈਸਿੰਗ ਵਰਗੀਆਂ ਗੈਰ-ਖੇਤੀਬਾੜੀ ਸਨਅਤਾਂ ਨੂੰ ਰਾਹਤ ਮਿਲਣ ਦੀ ਉਮੀਦ ਹੈ, ਜਿਹੜੀਆਂ ਲੰਬੇ ਸਮੇਂ ਤੋਂ ਕਾਮਿਆਂ ਦੀ ਘਾਟ ਦਾ ਸਾਹਮਣਾ ਕਰ ਰਹੀਆਂ ਹਨ।

**■ ਮੌਸਮੀ ਕਾਮਿਆਂ ਲਈ ਰਾਹ ਸੁਖਾਲਾ**




ਐੱਚ-2ਬੀ ਵੀਜ਼ਾ ਪ੍ਰੋਗਰਾਮ ਅਧੀਨ ਅਮਰੀਕੀ ਨਿਯੋਗਤਾ ਉਨ੍ਹਾਂ ਖੇਤਰਾਂ ਵਿਚ ਜਿੱਥੇ ਸਥਾਨਕ ਮਜ਼ਦੂਰ ਉਪਲਬਧ ਨਹੀਂ ਹੁੰਦੇ, ਵਿਦੇਸ਼ੀ ਕਾਮਿਆਂ ਨੂੰ ਅਸਥਾਈ ਤੌਰ ’ਤੇ ਕੰਮ ’ਤੇ ਰੱਖ ਸਕਦੇ ਹਨ। ਪਹਿਲਾਂ ਮਾਲੀ ਸਾਲ 2026 ਲਈ ਲਗਭਗ 35,000 ਵਾਧੂ ਵੀਜ਼ੇ ਜਾਰੀ ਕਰਨ ਦੀ ਗੱਲ ਕੀਤੀ ਜਾ ਰਹੀ ਸੀ, ਪਰ ਬਾਅਦ ਵਿਚ ਇਸ ਗਿਣਤੀ ਨੂੰ ਵਧਾ ਕੇ ਕਰੀਬ 64,716 ਤੱਕ ਲਿਆਂਦਾ ਗਿਆ ਹੈ, ਜੋ ਪਿਛਲੇ ਸਾਲਾਂ ਦੇ ਪੱਧਰ ਦੇ ਬਰਾਬਰ ਹੈ।

ਮੀਡੀਆ ਰਿਪੋਰਟਾਂ ਅਨੁਸਾਰ, ਇਹ ਫੈਸਲਾ ਉਸ ਵੇਲੇ ਆਇਆ ਜਦੋਂ ਰਿਜ਼ੋਰਟ, ਗੋਲਫ ਅਤੇ ਹੋਸਪਿਟੈਲਿਟੀ ਖੇਤਰ ਨਾਲ ਜੁੜੇ ਕਾਰੋਬਾਰੀਆਂ ਵੱਲੋਂ ਮਜ਼ਦੂਰਾਂ ਦੀ ਘਾਟ ਬਾਰੇ ਚਿੰਤਾ ਜਤਾਈ ਗਈ। ਇਹ ਵੀ ਗੱਲ ਸਾਹਮਣੇ ਆਈ ਹੈ ਕਿ ਇਨ੍ਹਾਂ ਖੇਤਰਾਂ ਨਾਲ ਟਰੰਪ ਦੇ ਆਪਣੇ ਕਾਰੋਬਾਰੀ ਹਿੱਤ ਵੀ ਜੁੜੇ ਹੋਏ ਹਨ, ਜਿਸ ਕਾਰਨ ਇਸ ਫੈਸਲੇ ’ਤੇ ਰਾਜਨੀਤਿਕ ਚਰਚਾ ਵੀ ਜ਼ੋਰਾਂ ’ਤੇ ਹੈ।

ਇਸ ਦੇ ਨਾਲ ਹੀ, ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਵੱਲੋਂ ਗੈਰਕਾਨੂੰਨੀ ਪ੍ਰਵਾਸੀ ਮਜ਼ਦੂਰਾਂ ’ਤੇ ਕੀਤੀ ਜਾ ਰਹੀ ਕਾਰਵਾਈ ਕਾਰਨ ਕਈ ਉਦਯੋਗ ਪਹਿਲਾਂ ਹੀ ਮਜ਼ਦੂਰਾਂ ਦੀ ਕਮੀ ਦਾ ਸਾਹਮਣਾ ਕਰ ਰਹੇ ਹਨ, ਜਿਸ ਕਾਰਨ ਐੱਚ-2ਬੀ ਵੀਜ਼ਾ ਵਧਾਉਣ ਦਾ ਫੈਸਲਾ ਉਦਯੋਗਾਂ ਲਈ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।

ਦੂਜੇ ਪਾਸੇ, ਆਲੋਚਕਾਂ ਦਾ ਕਹਿਣਾ ਹੈ ਕਿ ਜਿੱਥੇ ਇੱਕ ਪਾਸੇ ਮੌਸਮੀ ਮਜ਼ਦੂਰਾਂ ਲਈ ਰਾਹ ਖੋਲ੍ਹਿਆ ਗਿਆ ਹੈ, ਉੱਥੇ ਹੀ ਉੱਚ ਹੁਨਰ ਵਾਲੇ ਖੇਤਰਾਂ ਲਈ ਐੱਚ-1ਬੀ ਵੀਜ਼ਾ ਪ੍ਰੋਗਰਾਮ ਉੱਤੇ ਸਖ਼ਤ ਨਿਯਮ ਜਾਰੀ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਫੈਸਲਾ ਵਧੇਰੇ ਕਾਰੋਬਾਰੀ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਲਿਆ ਗਿਆ ਹੈ, ਜਦਕਿ ਸਮਰਥਕਾਂ ਦੇ ਅਨੁਸਾਰ ਇਹ ਕਦਮ ਅਮਰੀਕਾ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਲਈ ਜ਼ਰੂਰੀ ਹੈ।


Global Allianz

LAW FIRM LLP

ਕਾਨੂੰਨੀ ਸਲਾਹ

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ ’ਤੇ ਸੱਟ ਲਗਣਾ



Atul Kapoor
C.E.O

Asylum & Deportation Defense



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਵਿਦੇਸ਼ਾਂ 'ਚ ਭਾਰਤੀ ਵਿਦਿਆਰਥੀਆਂ ਦੇ ਵੀਜ਼ੇ ਰੱਦ ਹੋਣ ਦੀ ਦਰ 'ਚ ਵਾਧਾ!

**ਅਮਰੀਕਾ 'ਚ ਸਾਲ 2025 ਦੌਰਾਨ 61% ਭਾਰਤੀ ਵਿਦਿਆਰਥੀਆਂ ਦੇ ਵੀਜ਼ੇ ਹੋਏ ਰੱਦ**

**ਵਾਸ਼ਿੰਗਟਨ, (ਪੰਜਾਬ ਮੇਲ)-** ਵਿਦੇਸ਼ਾਂ 'ਚ ਪੜ੍ਹਾਈ ਕਰਨ ਦੇ ਸੁਪਨੇ ਦੇਖਣ ਵਾਲੇ ਭਾਰਤੀ ਵਿਦਿਆਰਥੀਆਂ ਲਈ ਸਥਿਤੀ ਹੋਰ ਵੀ ਮੁਸ਼ਕਲ ਹੁੰਦੀ ਜਾ ਰਹੀ ਹੈ। ਸੰਯੁਕਤ ਰਾਜ ਅਮਰੀਕਾ 'ਚ ਸਾਲ 2025 ਵਿਚ ਐੱਫ-1 ਵੀਜ਼ਾ ਲਈ ਅਰਜ਼ੀ ਦੇਣ ਵਾਲੇ 61% ਭਾਰਤੀ ਵਿਦਿਆਰਥੀਆਂ ਨੂੰ ਰੱਦ ਕਰ ਦਿੱਤਾ ਗਿਆ। ਇਹ ਦਰ 2023 ਵਿਚ 36% ਅਤੇ 2024 ਵਿਚ 53% ਦਰ ਨਾਲੋਂ ਕਾਫ਼ੀ ਜ਼ਿਆਦਾ ਹੈ, ਜੋ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ ਕਿ ਵੀਜ਼ਾ ਪ੍ਰਾਪਤ ਕਰਨਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮੁਸ਼ਕਲ ਹੋ ਗਿਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਸਿਰਫ਼ ਵਿਦਿਆਰਥੀਆਂ ਦੀ ਯੋਗਤਾ ਦਾ ਮਾਮਲਾ ਨਹੀਂ ਹੈ, ਸਗੋਂ ਇੱਕ "ਭੂਗੋਲਿਕ ਕਾਰਕ" ਵੀ ਹੈ।

ਇਕ ਪਾਸੇ ਜਿਥੇ ਯੂਰਪੀਅਨ ਵਿਦਿਆਰਥੀਆਂ ਦੀ ਸਵੀਕ੍ਰਿਤੀ ਦਰ 90% ਤੋਂ ਵੱਧ ਹੈ, ਉਥੇ ਹੀ ਭਾਰਤੀ ਵਿਦਿਆਰਥੀਆਂ ਨੂੰ ਅਸਵੀਕਾਰ ਦੀ ਦਰ ਦਾ ਜ਼ਿਆਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਨਾਲ ਇਹ ਸਵਾਲ ਉੱਠਦਾ ਹੈ ਕਿ ਕੀ ਵੀਜ਼ਾ ਪ੍ਰੋਸੈਸਿੰਗ ਵਿਚ ਖੇਤਰੀ ਅਸਮਾਨਤਾਵਾਂ ਵਧ ਰਹੀਆਂ ਹਨ। ਆਸਟ੍ਰੇਲੀਆ ਨੇ ਵੀ ਆਪਣੀ ਵੀਜ਼ਾ ਨੀਤੀ ਨੂੰ ਸਖ਼ਤ ਕਰ ਦਿੱਤਾ ਹੈ। 2026 ਤੋਂ ਸ਼ੁਰੂ ਹੋ ਕੇ ਲਗਭਗ 40% ਭਾਰਤੀ ਵਿਦਿਆਰਥੀ ਵੀਜ਼ਾ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਸਨ। ਇਸ ਤੋਂ ਇਲਾਵਾ ਭਾਰਤ ਨੂੰ ਹੁਣ ਉੱਚ-ਜੋਖਮ ਸ਼੍ਰੇਣੀ (ਈ.ਐੱਲ.3) ਵਿਚ ਰੱਖਿਆ ਗਿਆ ਹੈ, ਜਿਸ ਲਈ ਵਿਦਿਆਰਥੀਆਂ ਨੂੰ ਵਧੇਰੇ ਵਿੱਤੀ ਦਸਤਾਵੇਜ਼, ਵਿਸਤ੍ਰਿਤ ਅਕਾਦਮਿਕ ਰਿਕਾਰਡ ਅਤੇ ਇੱਕ ਮਜ਼ਬੂਤ "ਸੱਚਾ ਵਿਦਿਆਰਥੀ" ਬਿਆਨ ਪ੍ਰਦਾਨ ਕਰਨ ਦੀ ਲੋੜ ਹੈ।

ਕੈਨੇਡਾ ਵਿਚ ਸਥਿਤੀ ਵੀ ਸੌਖੀ ਨਹੀਂ ਹੈ। 2025 ਵਿਚ ਸਟੱਡੀ ਪਰਮਿਟਾਂ ਦੀ ਗਿਣਤੀ ਵਿਚ 64% ਦੀ ਕਮੀ ਕੀਤੀ ਗਈ ਹੈ ਅਤੇ 2026 ਲਈ 7% ਹੋਰ ਕਟੌਤੀ ਦੀ ਯੋਜਨਾ ਬਣਾਈ ਗਈ ਹੈ। ਸਰਕਾਰ ਨੇ ਵਿਦਿਆਰਥੀਆਂ ਦੀ ਗਿਣਤੀ ਸੀਮਤ ਕਰਨ ਲਈ ਸਖ਼ਤ ਸੀਮਾਵਾਂ ਲਗਾਈਆਂ ਹਨ, ਜਿਸ ਨਾਲ ਭਾਰਤੀ ਵਿਦਿਆਰਥੀਆਂ ਲਈ ਮੌਕੇ ਹੋਰ ਘੱਟ ਗਏ ਹਨ। ਮਾਹਿਰਾਂ ਦੇ ਅਨੁਸਾਰ, ਵੀਜ਼ਾ ਫੈਸਲੇ ਹੁਣ ਸਿਰਫ਼ ਸਿੱਖਿਆ 'ਤੇ ਆਧਾਰਿਤ ਨਹੀਂ ਹਨ, ਸਗੋਂ ਇਮੀਗ੍ਰੇਸ਼ਨ ਚਿੰਤਾਵਾਂ, ਘਰੇਲੂ ਰਾਜਨੀਤਿਕ ਦਬਾਅ ਅਤੇ ਗੈਰ-ਕਾਨੂੰਨੀ ਓਵਰਸਟੇਅ ਦੀ ਸੰਭਾਵਨਾ ਵੀ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ।

ਇਹੀ ਕਾਰਨ ਹੈ ਕਿ ਭਾਰਤ, ਨੇਪਾਲ, ਬੰਗਲਾਦੇਸ਼ ਅਤੇ ਪਾਕਿਸਤਾਨ ਵਰਗੇ ਦੱਖਣੀ ਏਸ਼ੀਆਈ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਹੋਰ ਸਖ਼ਤ ਨਿਯਮਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਦਾ ਪ੍ਰਭਾਵ ਹੁਣ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਿਹਾ ਹੈ। ਵਿਦੇਸ਼ਾਂ ਵਿਚ ਪੜ੍ਹਾਈ ਦੀਆਂ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਕੰਪਨੀਆਂ ਲਈ ਕਾਰੋਬਾਰ 35 ਤੋਂ 40 ਪ੍ਰਤੀਸ਼ਤ ਤੱਕ ਘਟਿਆ ਹੈ ਅਤੇ ਵਿਦਿਆਰਥੀਆਂ ਵਿਚ ਅਨਿਸ਼ਚਿਤਤਾ ਵਧੀ ਹੈ।

# ਅਮਰੀਕਾ ਵੱਲੋਂ ਵਿਰੋਧੀ ਦੇਸ਼ਾਂ ਨਾਲ ਜੁੜੇ ਲੋਕਾਂ 'ਤੇ ਵੀਜ਼ਾ ਪਾਬੰਦੀਆਂ ਹੋਰ ਸਖ਼ਤ




**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸਰਕਾਰ ਨੇ ਆਪਣੀ ਨੈਸ਼ਨਲ ਸਕਿਓਰਿਟੀ ਨੂੰ ਮਜ਼ਬੂਤ ਕਰਨ ਲਈ ਇੱਕ ਵੱਡਾ ਕਦਮ ਚੁੱਕਦਿਆਂ ਵੀਜ਼ਾ ਪਾਬੰਦੀਆਂ ਦੀ ਨੀਤੀ ਨੂੰ ਹੋਰ ਵਧਾ ਦਿੱਤਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਰਕਾਰ ਦੇ ਅਧੀਨ ਵਿਦੇਸ਼ ਮੰਤਰਾਲੇ ਨੇ ਐਲਾਨ ਕੀਤਾ ਹੈ ਕਿ ਹੁਣ ਉਹ ਲੋਕ ਜੋ ਅਮਰੀਕਾ ਦੇ ਵਿਰੋਧੀ ਦੇਸ਼ਾਂ ਜਾਂ ਉਨ੍ਹਾਂ ਦੀਆਂ ਕੰਪਨੀਆਂ ਲਈ ਕੰਮ ਕਰਦੇ ਹੋਏ ਅਮਰੀਕਾ ਦੇ ਹਿਤਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ, ਉਨ੍ਹਾਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਨਵੀਂ ਨੀਤੀ ਦੇ ਤਹਿਤ ਉਹ ਵਿਅਕਤੀ ਜੋ ਪੱਛਮੀ ਗੋਲਾਰਧ ਦੇ ਦੇਸ਼ਾਂ ਵਿਚ ਰਹਿੰਦੇ ਹੋਏ ਵਿਰੋਧੀ ਤਾਕਤਾਂ ਲਈ ਕੰਮ ਕਰਦੇ ਹਨ ਅਤੇ ਅਮਰੀਕਾ ਦੀ ਸੁਰੱਖਿਆ, ਆਰਥਿਕ ਹਿਤਾਂ ਜਾਂ ਲੋਕਤੰਤਰ ਨੂੰ ਨੁਕਸਾਨ ਪਹੁੰਚਾਉਂਦੇ ਹਨ, ਉਨ੍ਹਾਂ ਨੂੰ ਅਮਰੀਕਾ ਦਾ ਵੀਜ਼ਾ ਨਹੀਂ ਮਿਲੇਗਾ। ਇਸ ਤੋਂ ਇਲਾਵਾ ਉਨ੍ਹਾਂ ਦੇ ਤੁਰੰਤ ਪਰਿਵਾਰਕ ਮੈਂਬਰਾਂ 'ਤੇ ਵੀ ਇਹ ਪਾਬੰਦੀ ਲਾਗੂ ਹੋ ਸਕਦੀ ਹੈ।

ਅਮਰੀਕੀ ਅਧਿਕਾਰੀਆਂ ਦੇ ਮੁਤਾਬਕ ਅਜਿਹੀਆਂ ਗਤੀਵਿਧੀਆਂ ਵਿਚ ਅਮਰੀਕਾ ਦੇ ਵਿਰੋਧੀ ਦੇਸ਼ਾਂ ਨੂੰ ਮਹੱਤਵਪੂਰਨ ਸੰਪਤੀਆਂ 'ਤੇ ਕਬਜ਼ਾ ਕਰਨ ਵਿਚ ਮਦਦ ਕਰਨਾ, ਖੇਤਰੀ ਸੁਰੱਖਿਆ ਨੂੰ ਖਤਰੇ ਵਿਚ ਪਾਉਣਾ, ਅਮਰੀਕੀ ਆਰਥਿਕ ਹਿਤਾਂ ਨੂੰ ਨੁਕਸਾਨ ਪਹੁੰਚਾਉਣਾ ਅਤੇ ਹੋਰ ਦੇਸ਼ਾਂ ਵਿਚ ਅਸਥਿਰਤਾ ਪੈਦਾ ਕਰਨ ਲਈ ਪ੍ਰਭਾਵ ਮੁਹਿੰਮ ਚਲਾਉਣਾ ਸ਼ਾਮਲ ਹੈ।

ਇਸ ਨਵੀਂ ਨੀਤੀ ਦੇ ਤਹਿਤ ਅਮਰੀਕਾ ਪਹਿਲਾਂ ਹੀ 26 ਲੋਕਾਂ 'ਤੇ ਵੀਜ਼ਾ ਪਾਬੰਦੀ ਲਾਗੂ ਕਰ ਚੁੱਕਾ ਹੈ, ਜੋ ਇਨ੍ਹਾਂ ਗਤੀਵਿਧੀਆਂ ਵਿਚ ਸ਼ਾਮਲ ਪਾਏ ਗਏ ਹਨ।

ਅਮਰੀਕੀ ਸਰਕਾਰ ਨੇ ਕਿਹਾ ਹੈ ਕਿ ਦੇਸ਼ ਦੀ ਸੁਰੱਖਿਆ ਅਤੇ ਹਿਤਾਂ ਦੀ ਰੱਖਿਆ ਲਈ ਉਹ ਹਰ ਸੰਭਵ ਕਦਮ ਚੁੱਕਦੀ ਰਹੇਗੀ ਅਤੇ ਅਜਿਹੀਆਂ ਕਾਰਵਾਈਆਂ ਅੱਗੇ ਵੀ ਜਾਰੀ ਰਹਿਣਗੀਆਂ।

# ਅਮਰੀਕੀ ਅਦਾਲਤ ਨੇ ਟਰੰਪ ਵੱਲੋਂ ਲਗਾਏ ਗਏ ਟੈਰਿਫ ਨੂੰ ਦੱਸਿਆ ਗੈਰ-ਸੰਵਿਧਾਨਕ

**ਹੁਣ ਦੇਣਾ ਪਵੇਗਾ 166 ਅਰਬ ਡਾਲਰ ਦਾ ਹਰਜਾਨਾ**

**ਵਾਸ਼ਿੰਗਟਨ, (ਪੰਜਾਬ ਮੇਲ)-** ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਗਾਏ ਗਏ ਟੈਰਿਫ (ਟੈਕਸ) ਨੂੰ ਅਮਰੀਕੀ ਅਦਾਲਤ ਵੱਲੋਂ ਗੈਰ-ਸੰਵਿਧਾਨਕ ਕਰਾਰ ਦਿੱਤੇ ਜਾਣ ਤੋਂ ਬਾਅਦ, ਅਮਰੀਕੀ ਇਤਿਹਾਸ ਦੀ ਸਭ ਤੋਂ ਵੱਡੀ ਰਿਫੰਡ ਪ੍ਰਕਿਰਿਆ ਸ਼ੁਰੂ ਹੋਣ ਜਾ ਰਹੀ ਹੈ। ਇਸ ਫੈਸਲੇ ਨਾਲ ਅਮਰੀਕੀ ਸਰਕਾਰ ਨੂੰ ਵੱਖ-ਵੱਖ ਕੰਪਨੀਆਂ ਨੂੰ 166 ਅਰਬ ਡਾਲਰ (ਲਗਭਗ 13.8 ਲੱਖ ਕਰੋੜ ਰੁਪਏ) ਅਤੇ ਉਸ 'ਤੇ ਬਣਦਾ ਵਿਆਜ ਵਾਪਸ ਕਰਨਾ ਪਵੇਗਾ।

ਜ਼ਿਕਰਯੋਗ ਹੈ ਕਿ ਡੋਨਾਲਡ ਟਰੰਪ ਨੇ ਪਿਛਲੇ ਸਾਲ ਅਪ੍ਰੈਲ ਵਿਚ ਕਈ ਦੇਸ਼ਾਂ ਤੋਂ ਆਉਣ ਵਾਲੇ ਸਾਮਾਨ 'ਤੇ ਭਾਰੀ ਟੈਰਿਫ ਲਗਾ ਦਿੱਤੇ ਸਨ। ਹਾਲਾਂਕਿ, ਇਸ ਸਾਲ 20 ਫਰਵਰੀ ਨੂੰ ਅਮਰੀਕੀ ਸੁਪਰੀਮ ਕੋਰਟ ਨੇ ਇਸ ਨੂੰ ਰੱਦ ਕਰਦਿਆਂ ਕਿਹਾ ਕਿ ਟੈਰਿਫ ਤੈਅ ਕਰਨ ਦਾ ਅਧਿਕਾਰ ਸਿਰਫ ਅਮਰੀਕੀ ਸੰਸਦ (ਕਾਂਗਰਸ) ਕੋਲ ਹੈ, ਨਾ ਕਿ ਰਾਸ਼ਟਰਪਤੀ ਕੋਲ।

ਯੂ.ਐੱਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ.) ਇੱਕ ਵਿਸ਼ੇਸ਼ ਪੋਰਟਲ ਸਿਸਟਮ ਲਾਂਚ ਕਰ ਰਿਹਾ ਹੈ। ਇਸ ਪ੍ਰੋਗਰਾਮ ਨੂੰ 'ਕੰਸੋਲੀਡੇਟਿਡ ਐਡਮਿਨਿਸਟ੍ਰੇਸ਼ਨ ਐਂਡ ਪ੍ਰੋਸੈਸਿੰਗ ਆਫ ਐਂਟਰੀਜ਼' ਦਾ ਨਾਂ ਦਿੱਤਾ ਗਿਆ ਹੈ।

ਉਹ 3,30,000 ਆਯਾਤਕ (ਇੰਪੋਰਟਰ) ਜਿਨ੍ਹਾਂ ਨੇ 53 ਮਿਲੀਅਨ ਤੋਂ ਵੱਧ ਸ਼ਿਪਮੈਂਟਾਂ 'ਤੇ ਵਾਧੂ ਟੈਕਸ ਭਰਿਆ ਸੀ, ਇਸ ਲਈ ਅਪਲਾਈ ਕਰ ਸਕਦੇ ਹਨ। ਅਰਜ਼ੀ ਨੂੰ ਮਨਜ਼ੂਰੀ ਮਿਲਣ ਤੋਂ ਬਾਅਦ 60 ਤੋਂ 90 ਦਿਨਾਂ ਦੇ ਅੰਦਰ ਰਿਫੰਡ ਜਾਰੀ ਹੋਣ ਦੀ ਉਮੀਦ ਹੈ।

ਜਿੱਥੇ ਇੱਕ ਪਾਸੇ ਕੰਪਨੀਆਂ ਨੂੰ ਅਰਬਾਂ ਡਾਲਰ ਵਾਪਸ ਮਿਲ ਰਹੇ ਹਨ, ਉੱਥੇ ਹੀ ਦੂਜੇ ਪਾਸੇ ਇਸ ਘਟਨਾਕ੍ਰਮ ਨੇ ਭਾਰਤ ਵਰਗੇ ਦੇਸ਼ਾਂ ਦੀ ਚਿੰਤਾ ਵਧਾ ਦਿੱਤੀ ਹੈ। ਮਾਹਰਾਂ ਦਾ ਮੰਨਣਾ ਹੈ ਕਿ ਟੈਰਿਫ ਦੇ ਨਿਯਮਾਂ ਵਿਚ ਹੋਣ ਵਾਲੇ ਬਦਲਾਅ ਆਉਣ ਵਾਲੇ ਸਮੇਂ ਵਿਚ ਅੰਤਰਰਾਸ਼ਟਰੀ ਵਪਾਰਕ ਸਬੰਧਾਂ 'ਤੇ ਵੱਡਾ ਅਸਰ ਪਾ ਸਕਦੇ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਡਾ. ਓਬਰਾਏ ਦੇ 70ਵੇਂ ਜਨਮਦਿਨ ਮੌਕੇ ਲਾਇਆ ਅੱਖਾਂ ਦਾ ਚੈੱਕਅੱਪ ਕੈਂਪ



**ਮਲੋਟ, (ਪੰਜਾਬ ਮੇਲ)-** ਮਾਨਵਤਾ ਦੀ ਭਲਾਈ ਨੂੰ ਸਮਰਪਿਤ ਡਾਕਟਰ ਐੱਸ.ਪੀ. ਸਿੰਘ ਓਬਰਾਏ ਜੀ ਦਾ 70ਵਾਂ ਜਨਮਦਿਨ ਦਿਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਐਡਵਰਡਗੰਜ ਹਸਪਤਾਲ ਮਲੋਟ ਵਿਖੇ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾ ਕੇ ਮਨਾਇਆ ਗਿਆ। ਇਸ ਕੈਂਪ ਦਾ ਉਦਘਾਟਨ ਡਾਕਟਰ ਬਲਜੀਤ ਕੌਰ ਮਾਨਯੋਗ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਆਪਣੇ ਕਰ ਕਮਲਾਂ ਨਾਲ ਕੀਤਾ ਗਿਆ ਅਤੇ ਦੂਸਰੇ ਮਾਹਿਰ ਅੱਖਾਂ ਦੇ ਡਾਕਟਰਾਂ ਨਾਲ ਅੱਖਾਂ ਦੀ ਜਾਂਚ ਕੀਤੀ ਅਤੇ ਡਾਕਟਰ ਐੱਸ.ਪੀ. ਸਿੰਘ ਓਬਰਾਏ ਨੂੰ ਜਨਮਦਿਨ ਦੀਆਂ



ਡਾ. ਐੱਸ.ਪੀ. ਸਿੰਘ ਓਬਰਾਏ।

ਵਧਾਈਆਂ ਦਿੱਤੀਆਂ ਗਈਆਂ। ਅੱਖਾਂ ਦੇ ਮਾਹਿਰ ਡਾਕਟਰਾਂ ਵੱਲੋਂ ਅੱਖਾਂ ਦੀਆਂ ਬੀਮਾਰੀਆਂ ਪ੍ਰਤੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਅਤੇ ਅਨਿਲ ਜੁਨੇਜਾ ਪ੍ਰਧਾਨ ਮਲੋਟ ਇਕਾਈ ਨੇ ਦੱਸਿਆ ਕਿ ਕੈਂਪ ਦੌਰਾਨ 300 ਦੇ ਕਰੀਬ ਲੋਕਾਂ ਦੀ ਅੱਖਾਂ ਦੀ ਜਾਂਚ ਕੀਤੀ ਗਈ ਦਵਾਈਆਂ ਅਤੇ ਨੇੜੇ ਦੀ ਨਿਗਾਹ ਦੀਆਂ ਐਨਕਾਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਮੁਫ਼ਤ ਦਿੱਤੀਆਂ ਗਈਆਂ। ਇਸ ਮੌਕੇ ਜਸਵਿੰਦਰ ਸਿੰਘ ਵਾਲੀਆ, ਰਾਮ ਸਿੰਘ ਪੰਜੂ, ਸੋਹਣ ਲਾਲ ਗੁੰਬਰ, ਕਮਲ ਬਾਂਗਲਾ, ਵਿਸ਼ੂ ਮਲੂਜਾ, ਗਗਨ ਸੇਤੀਆ, ਸੁਨੀਲ ਚਲਾਣਾ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੁਖਬੀਰ ਸਿੰਘ ਜੈਲਦਾਰ, ਲੇਡੀਜ਼ ਵਿੰਗ ਮਲੋਟ ਦੀਆਂ ਵਲੰਟੀਅਰ ਕਿਰਨ ਅਤੇ ਮਨਜੀਤ ਕੌਰ ਆਦਿ ਹਾਜ਼ਰ ਸਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਕੈਬਨਿਟ ਮੰਤਰੀ ਪੰਜਾਬ ਸਰਕਾਰ ਦੀ ਹਾਜ਼ਰੀ 'ਚ ਸਿਖਲਾਈ ਉਪਰੰਤ ਸਰਟੀਫਿਕੇਟ ਕੀਤੇ ਤਕਸੀਮ

**ਮਲੋਟ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਵੱਡੀ ਪੱਧਰ 'ਤੇ ਮੁਫ਼ਤ ਸਿਖਲਾਈ ਸੈਂਟਰ (ਬਿਊਟੀ ਪਾਰਲਰ, ਕੰਪਿਊਟਰ, ਸਿਲਾਈ) ਖੋਲ੍ਹ ਕੇ ਬੇਰੁਜ਼ਗਾਰ ਲੜਕੇ ਲੜਕੀਆਂ ਨੂੰ ਆਤਮਨਿਰਭਰ ਬਣਾਇਆ ਜਾ ਰਿਹਾ ਹੈ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਅਤੇ ਅਨਿਲ ਕੁਮਾਰ ਜੁਨੇਜਾ ਪ੍ਰਧਾਨ ਮਲੋਟ ਇਕਾਈ ਨੇ ਦੱਸਿਆ ਕਿ ਮਲੋਟ ਦੇ ਆਸ-ਪਾਸ ਚੱਲ ਰਹੇ 4 ਸਿਖਲਾਈ ਸੈਂਟਰਾਂ ਦੇ 6 ਮਹੀਨੇ ਦੇ ਕੋਰਸ ਪੂਰਾ ਹੋਣ ਉਪਰੰਤ ਬੀਤੇ ਦਿਨੀਂ ਇੱਕ ਪ੍ਰਭਾਵਸ਼ਾਲੀ ਸਰਟੀਫਿਕੇਟ ਵੰਡ ਸਮਾਗਮ ਐਡਵਰਡਗੰਜ ਹਸਪਤਾਲ ਮਲੋਟ ਵਿਖੇ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਡਾਕਟਰ ਬਲਜੀਤ ਕੌਰ ਮਾਨਯੋਗ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਅਤੇ ਸਿਖਿਆਰਥੀਆਂ ਨੂੰ ਆਪਣੇ ਕਰ-ਕਮਲਾਂ ਨਾਲ 90 ਸਿਖਿਆਰਥੀਆਂ ਨੂੰ ਸਰਟੀਫਿਕੇਟ




ਤਕਸੀਮ ਕੀਤੇ ਗਏ ਅਤੇ ਸਿਖਿਆਰਥੀਆਂ ਨੂੰ ਅਜਿਹੇ ਸਿਖਲਾਈ ਸੈਂਟਰਾਂ ਵਿਚ ਸਿਖਲਾਈ ਪ੍ਰਾਪਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲਈ ਪ੍ਰੇਰਿਤ ਕੀਤਾ ਗਿਆ।

ਡਾਕਟਰ ਬਲਜੀਤ ਕੌਰ ਮਾਨਯੋਗ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਡਾ. ਓਬਰਾਏ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਟਰੱਸਟ ਵੱਲੋਂ ਦੁਨੀਆਂ ਭਰ 'ਚ ਲੋਕ ਭਲਾਈ ਦੇ ਕੰਮਾਂ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਮਲੋਟ ਦੇ ਜਸਵਿੰਦਰ ਸਿੰਘ ਵਾਲੀਆ, ਰਾਮ ਸਿੰਘ ਪੀ.ਏ., ਸੋਹਣ ਲਾਲ ਗੁੰਬਰ, ਕਮਲ ਬਾਂਗਲਾ, ਵਿਸ਼ੂ ਮਲੂਜਾ, ਗਗਨ ਸੇਤੀਆ, ਸੁਨੀਲ ਚਲਾਣਾ ਅਤੇ ਇਕਾਈ ਸ੍ਰੀ ਮੁਕਤਸਰ ਸਾਹਿਬ ਵੱਲੋਂ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੋਮ ਨਾਥ, ਸੁਖਬੀਰ ਸਿੰਘ ਜੈਲਦਾਰ, 4 ਸਿਖਲਾਈ ਸੈਂਟਰਾਂ ਦੇ ਅਧਿਆਪਕ ਆਦਿ ਹਾਜ਼ਰ ਸਨ।

# 328 ਲਾਪਤਾ ਸਰੂਪ ਮਾਮਲੇ 'ਚ ਮੁੱਖ ਮੁਲਜ਼ਮ ਨੂੰ ਮਿਲੀ ਜ਼ਮਾਨਤ

**ਅੰਮ੍ਰਿਤਸਰ, (ਪੰਜਾਬ ਮੇਲ)-** 328 ਲਾਪਤਾ ਪਾਵਨ ਸਰੂਪਾਂ ਦੇ ਸੰਵੇਦਨਸ਼ੀਲ ਮਾਮਲੇ ਵਿਚ ਅੰਮ੍ਰਿਤਸਰ ਦੀ ਇੱਕ ਸਥਾਨਕ ਅਦਾਲਤ ਨੇ ਮੁੱਖ ਮੁਲਜ਼ਮ ਕਮਲਜੀਤ ਸਿੰਘ ਉਰਫ਼ ਕੰਵਲਜੀਤ ਸਿੰਘ ਨੂੰ ਡਿਫਾਲਟ ਜ਼ਮਾਨਤ ਦੇ ਦਿੱਤੀ ਹੈ, ਕਿਉਂਕਿ ਪੁਲਿਸ ਨਿਰਧਾਰਤ ਸਮੇਂ ਦੇ ਅੰਦਰ ਚਾਰਜਸ਼ੀਟ ਦਾਖ਼ਲ ਕਰਨ ਵਿਚ ਅਸਫ਼ਲ ਰਹੀ।

**■ ਪੁਲਿਸ ਚਾਰਜਸ਼ੀਟ ਦਾਖਲ ਕਰਨ ਵਿਚ ਰਹੀ ਅਸਫ਼ਲ**

ਇਹ ਹੁਕਮ ਜੁਡੀਸ਼ੀਅਲ ਮੈਜਿਸਟ੍ਰੇਟ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪਾਂ ਨਾਲ ਸਬੰਧਤ ਐੱਫ.ਆਈ.ਆਰ. ਵਿਚ ਸੁਣਾਇਆ ਗਿਆ, ਜੋ ਕਿ 7 ਦਸੰਬਰ, 2025 ਨੂੰ ਪੁਲਿਸ ਸਟੇਸ਼ਨ ਸੀ ਡਿਵੀਜ਼ਨ ਵਿਖੇ ਦਰਜ ਕੀਤੀ ਗਈ ਸੀ। ਇਸ ਕੇਸ ਵਿਚ ਆਈ.ਪੀ.ਸੀ. ਦੀਆਂ ਧਾਰਾਵਾਂ 295, 295-ਏ, 409, 465, 120-ਬੀ ਦੇ ਨਾਲ-ਨਾਲ 408, 466, 467, 468, 471 ਅਤੇ ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਦੀਆਂ ਵਾਧੂ ਧਾਰਾਵਾਂ ਸਮੇਤ ਗੰਭੀਰ ਦੋਸ਼ ਸ਼ਾਮਲ ਹਨ।

ਮੁਲਜ਼ਮ 3 ਜਨਵਰੀ, 2026 ਤੋਂ ਨਿਆਂਇਕ ਹਿਰਾਸਤ ਵਿਚ ਸੀ ਅਤੇ ਚਲਾਨ ਪੇਸ਼ ਕੀਤੇ ਬਿਨਾਂ ਜੇਲ੍ਹ ਵਿਚ 100 ਦਿਨਾਂ ਤੋਂ ਵੱਧ ਸਮਾਂ ਪੂਰਾ ਕਰ ਚੁੱਕਾ ਸੀ। ਸੁਣਵਾਈ ਦੌਰਾਨ ਜਾਂਚ ਅਧਿਕਾਰੀ ਨੇ ਅਦਾਲਤ ਨੂੰ ਸੂਚਿਤ ਕੀਤਾ ਕਿ ਚਾਰਜਸ਼ੀਟ ਅਜੇ ਪੇਸ਼ ਨਹੀਂ ਕੀਤੀ ਗਈ ਹੈ। ਸੀ.ਆਰ.ਪੀ.ਸੀ. ਦੀ ਧਾਰਾ 167(2) (ਹੁਣ ਬੀ.ਐੱਨ.ਐੱਸ.ਐੱਸ., 2023 ਦੀ ਧਾਰਾ 187(2)) ਦੇ ਉਪਬੰਧਾਂ ਦਾ ਹਵਾਲਾ ਦਿੰਦੇ ਹੋਏ, ਬਚਾਅ ਪੱਖ ਨੇ ਦਲੀਲ ਦਿੱਤੀ ਕਿ ਦੇਰੀ ਕਾਰਨ ਮੁਲਜ਼ਮ ਡਿਫਾਲਟ ਜ਼ਮਾਨਤ ਦਾ ਹੱਕਦਾਰ ਹੈ। ਅਦਾਲਤ ਨੇ ਇਸ ਦਲੀਲ ਨੂੰ ਸਵੀਕਾਰ ਕਰਦਿਆਂ ਨੋਟ ਕੀਤਾ ਕਿ ਜੇ ਨਿਰਧਾਰਤ ਮਿਆਦ ਦੇ ਅੰਦਰ ਚਾਰਜਸ਼ੀਟ ਦਾਖ਼ਲ ਨਹੀਂ ਕੀਤੀ ਜਾਂਦੀ, ਤਾਂ ਡਿਫਾਲਟ ਜ਼ਮਾਨਤ ਦਾ ਅਧਿਕਾਰ ਪੂਰਨ ਹੋ ਜਾਂਦਾ ਹੈ।

ਸੂਤਰਾਂ ਨੇ ਸੰਕੇਤ ਦਿੱਤਾ ਕਿ ਚਾਰਜਸ਼ੀਟ ਦਾਖ਼ਲ ਕਰਨ ਵਿਚ ਦੇਰੀ ਅੰਸ਼ਕ ਤੌਰ 'ਤੇ ਇਸ ਮਾਮਲੇ ਵਿਚ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਵੱਲੋਂ ਕੀਤੀ ਜਾ ਰਹੀ ਜਾਂਚ ਨਾਲ ਜੁੜੀ ਹੋਈ ਸੀ। ਐਡਵੋਕੇਟ ਸਰਬਜੀਤ ਸਿੰਘ ਵੇਰਕਾ ਨੇ ਕਿਹਾ ਕਿ ਜਾਂਚ ਵਿਚ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਥਿਤ ਤੌਰ 'ਤੇ ਵਾਰ-ਵਾਰ ਯਾਦ ਕਰਵਾਉਣ ਦੇ ਬਾਵਜੂਦ ਐੱਸ.ਆਈ.ਟੀ. ਨੂੰ ਮੁੱਖ ਰਿਕਾਰਡ ਮੁਹੱਈਆ ਨਹੀਂ ਕਰਵਾਇਆ, ਜਿਸ ਨਾਲ ਜਾਂਚ ਦੀ ਰਫ਼ਤਾਰ ਪ੍ਰਭਾਵਿਤ ਹੋਈ।

ਐੱਸ.ਜੀ.ਪੀ.ਸੀ. ਦੀ ਇਸ ਦੇਰੀ ਨੇ ਮੁਲਜ਼ਮਾਂ ਦੀ ਮਦਦ ਕੀਤੀ। ਵਿਸ਼ੇਸ਼ ਜਾਂਚ ਟੀਮ ਨੇ 4 ਜਨਵਰੀ ਨੂੰ ਐੱਸ.ਜੀ.ਪੀ.ਸੀ. ਦੇ ਸਾਬਕਾ ਸਹਾਇਕ ਸੁਪਰਵਾਈਜ਼ਰ ਨੂੰ ਗ੍ਰਿਫ਼ਤਾਰ ਕੀਤਾ ਸੀ। ਐੱਸ.ਆਈ.ਟੀ. ਮੈਂਬਰਾਂ ਅਨੁਸਾਰ ਕੰਵਲਜੀਤ ਸਿੰਘ ਨੇ ਕਥਿਤ ਤੌਰ 'ਤੇ ਧਾਰਮਿਕ ਗ੍ਰੰਥਾਂ ਦੀ ਸਾਂਭ-ਸੰਭਾਲ ਅਤੇ ਪ੍ਰਬੰਧਨ ਨਾਲ ਸਬੰਧਤ ਗੰਭੀਰ ਬੇਨਿਯਮੀਆਂ ਵਿਚ ਸਿੱਧੀ ਭੂਮਿਕਾ ਨਿਭਾਈ ਸੀ ਅਤੇ ਉਹ ਪਵਿੱਤਰ ਸਰੂਪਾਂ ਨੂੰ ਅਣਅਧਿਕਾਰਤ ਤੌਰ 'ਤੇ ਤਿਆਰ ਕਰਨ ਅਤੇ ਸਟੋਰ ਕਰਨ ਵਿਚ ਵੀ ਸ਼ਾਮਲ ਸੀ।

# ਪੰਜਾਬ 'ਚ ਨਗਰ ਨਿਗਮ ਤੇ ਕੌਂਸਲ ਚੋਣਾਂ: 33 ਸ਼ਹਿਰਾਂ ਦੇ ਵਾਰਡਾਂ ਦਾ ਰਾਖਵਾਂਕਰਨ ਜਾਰੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਨੇ ਨਗਰ ਨਿਗਮ ਤੇ ਕੌਂਸਲ ਚੋਣਾਂ ਦੀ ਤਿਆਰੀ ਤਹਿਤ ਵਾਰਡਾਂ ਦੇ ਰਾਖਵੇਂਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਸਥਾਨਕ ਸਰਕਾਰਾਂ ਵਿਭਾਗ ਨੇ 33 ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੇ ਵਾਰਡਾਂ ਦੇ ਰਾਖਵੇਂਕਰਨ ਦਾ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਹੈ। ਮਈ ਮਹੀਨੇ 'ਚ ਸੂਬੇ ਦੀਆਂ ਨੌਂ ਨਗਰ ਨਿਗਮਾਂ ਅਤੇ 104 ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੀਆਂ ਚੋਣਾਂ ਹੋਣ ਦੀ ਸੰਭਾਵਨਾ ਹੈ। ਸੂਬਾ ਸਰਕਾਰ ਨੇ ਇਨ੍ਹਾਂ ਨਿਗਮਾਂ ਤੇ ਕੌਂਸਲਾਂ ਦੇ ਪ੍ਰਸ਼ਾਸਕ ਪਹਿਲਾਂ ਹੀ ਨਿਯੁਕਤ ਕਰ ਦਿੱਤੇ ਸਨ, ਤਾਂ ਜੋ ਮਿਆਦ ਪੂਰੀ ਹੋਣ ਮਗਰੋਂ ਅਹੁਦੇ ਸੰਭਾਲ ਸਕਣ।

ਸਥਾਨਕ ਸਰਕਾਰਾਂ ਵਿਭਾਗ ਨੇ



ਪੰਜਾਬ ਮਿਊਂਸੀਪਲ ਐਕਟ 1911 ਅਤੇ ਮਿਊਂਸੀਪੈਲਿਟੀ ਰੂਲਜ਼ 1994 ਤਹਿਤ ਸ਼ਹਿਰੀ ਸੰਸਥਾਵਾਂ ਦੇ ਵਾਰਡਾਂ ਦਾ ਰਾਖਵਾਂਕਰਨ ਐਲਾਨਿਆ ਹੈ। ਵਾਰਡਾਂ ਨੂੰ ਜਨਰਲ ਵਰਗ, ਔਰਤਾਂ, ਐੱਸ.ਸੀ. ਔਰਤਾਂ ਲਈ, ਪਛੜੀਆਂ ਅਤੇ ਅਨੁਸੂਚਿਤ ਜਾਤੀਆਂ ਲਈ ਰਾਖਵਾਂ ਕੀਤਾ ਗਿਆ ਹੈ। ਦੂਸਰੀ ਤਰਫ਼ ਰਾਜ ਚੋਣ ਕਮਿਸ਼ਨ ਦੀ ਹਦਾਇਤ 'ਤੇ ਜ਼ਿਲ੍ਹਿਆਂ 'ਚ ਵੋਟਰ ਸੂਚੀਆਂ ਦੀ ਸੁਧਾਈ ਚੱਲ ਰਹੀ ਹੈ। ਡਰਾਫ਼ਟ ਵੋਟਰ ਸੂਚੀ 'ਤੇ ਇਤਰਾਜ਼ ਲਈ ਇਤਰਾਜ਼ ਦਾਇਰ ਕਰਨ ਦਾ ਕੰਮ ਸ਼ੁਰੂ ਹੋ ਚੁੱਕਿਆ ਹੈ।

ਵੋਟਰ ਸੂਚੀਆਂ ਦੀ ਪ੍ਰਕਾਸ਼ਨਾ 5 ਮਈ ਨੂੰ ਜਾਰੀ ਹੋਵੇਗੀ, ਜਿਨ੍ਹਾਂ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਵਾਰਡਾਂ ਦਾ ਰਾਖਵਾਂਕਰਨ ਮੁਕੰਮਲ ਹੋ ਗਿਆ ਹੈ, ਉਨ੍ਹਾਂ 'ਚ ਅਜਨਾਲਾ, ਅਮਰਗੜ੍ਹ, ਭਵਾਨੀਗੜ੍ਹ, ਬੋਹਾ, ਚਮਕੌਰ ਸਾਹਿਬ, ਦੀਨਾਨਗਰ, ਫ਼ਤਹਿਗੜ੍ਹ ਚੂੜੀਆਂ, ਫ਼ਾਜ਼ਿਲਕਾ, ਗੁਰਦਾਸਪੁਰ, ਗੁਰੂ ਹਰਸਹਾਇ, ਜੰਡਿਆਲਾ ਗੁਰੂ, ਕਰਤਾਰਪੁਰ, ਖਰੜ, ਕੀਰਤਪੁਰ ਸਾਹਿਬ, ਕੋਟਫੱਤਾ, ਕੋਟਕਪੂਰਾ, ਮਜੀਠਾ, ਮਲੂਕਾ, ਮਾਨਸਾ, ਮੁੱਦਕੀ, ਨਾਭਾ, ਨੰਗਲ, ਨਵਾਂ ਸ਼ਹਿਰ, ਕਾਦੀਆਂ, ਰਾਮਾਂ, ਰਮਦਾਸ, ਰੂਪਨਗਰ, ਸੰਗਤ, ਸ਼ਾਮ ਚੁਰਾਸੀ, ਸ੍ਰੀ ਹਰਗੋਬਿੰਦਪੁਰ, ਸ੍ਰੀ ਮੁਕਤਸਰ ਸਾਹਿਬ, ਤਲਵੰਡੀ ਭਾਈ ਅਤੇ ਜ਼ੀਰਕਪੁਰ ਸ਼ਾਮਲ ਹਨ।

ਸ੍ਰੀ ਮੁਕਤਸਰ ਸਾਹਿਬ ਕੌਂਸਲ ਅਤੇ ਜ਼ੀਰਕਪੁਰ ਕੌਂਸਲ ਦੇ ਵਾਰਡਾਂ ਦੀ ਗਿਣਤੀ 31-31 ਹੈ, ਜਦੋਂ ਕਿ ਗੁਰਦਾਸਪੁਰ ਅਤੇ ਕੋਟਕਪੂਰਾ ਕੌਂਸਲ ਦੇ ਵਾਰਡਾਂ ਦੀ ਗਿਣਤੀ 29-29 ਹੈ। ਇਸੇ ਤਰ੍ਹਾਂ ਮਾਨਸਾ ਦੇ 27 ਵਾਰਡ, ਫ਼ਾਜ਼ਿਲਕਾ ਦੇ 25 ਵਾਰਡ, ਨਾਭਾ ਦੇ 23 ਵਾਰਡ, ਰੂਪਨਗਰ ਦੇ 21 ਅਤੇ ਖਰੜ ਦੇ ਵਾਰਡਾਂ ਦੀ ਗਿਣਤੀ 27 ਹੈ। ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨਗਰ ਨਿਗਮ ਤੇ ਨਗਰ ਕੌਂਸਲ ਚੋਣਾਂ ਸਿਆਸੀ ਧਿਰਾਂ ਲਈ ਸੈਮੀ ਫਾਈਨਲ ਸਾਬਤ ਹੋਣਗੀਆਂ। ਪੰਚਾਇਤੀ ਚੋਣਾਂ ਦਾ ਕਾਰਜ ਸਰਕਾਰ ਪਹਿਲਾਂ ਹੀ ਮੁਕੰਮਲ ਕਰ ਚੁੱਕੀ ਹੈ।

# ਇਰਾਨ-ਇਜ਼ਰਾਈਲ ਜੰਗ ਤੇ ਰਨਵੇਅ ਮੁਰੰਮਤ ਨੇ ਅੰਮ੍ਰਿਤਸਰ ਹਵਾਈ ਅੱਡੇ ਦੀਆਂ ਉਡਾਣਾਂ 'ਰੋਕੀਆਂ'

**ਅੰਮ੍ਰਿਤਸਰ, (ਪੰਜਾਬ ਮੇਲ)-** ਪੱਛਮੀ ਏਸ਼ੀਆ ਵਿਚ ਇਰਾਨ ਤੇ ਇਜ਼ਰਾਈਲ ਦਰਮਿਆਨ ਵਧੇ ਤਣਾਅ ਅਤੇ ਸਥਾਨਕ ਹਵਾਈ ਅੱਡੇ ਦੇ ਰਨਵੇਅ ਦੀ ਮੁਰੰਮਤ ਨੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ ਦੀ ਆਮਦਨ ਅਤੇ ਹਵਾਈ ਆਵਾਜਾਈ ਨੂੰ ਵੱਡੀ ਸੱਟ ਮਾਰੀ ਹੈ। ਖਾੜੀ ਦੇਸ਼ਾਂ ਦੀਆਂ ਉਡਾਣਾਂ ਮੁਅੱਤਲ ਹੋਣ ਕਾਰਨ ਕੌਮਾਂਤਰੀ ਮੁਸਾਫਰਾਂ ਦੀ ਗਿਣਤੀ ਵਿਚ ਭਾਰੀ ਕਮੀ ਦਰਜ ਕੀਤੀ ਗਈ ਹੈ। ਮਾਰਚ 2026 ਦੇ ਅੰਕੜਿਆਂ ਮੁਤਾਬਕ, ਦੁਬਈ ਅਤੇ ਸ਼ਾਰਜਾਹ ਵਰਗੇ ਅਹਿਮ ਰੂਟਾਂ 'ਤੇ ਉਡਾਣਾਂ ਦੇ ਪਹੀਏ ਥੰਮਣ ਨਾਲ ਪੰਜਾਬ ਤੋਂ ਵਿਦੇਸ਼ ਜਾਣ ਵਾਲੇ ਮੁਸਾਫਰਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਹਵਾਈ ਅੱਡੇ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਦਿਆਂ 'ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ' ਦੇ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਮਾਰਚ 2026 ਵਿਚ ਸਿਰਫ਼ 48,330 ਕੌਮਾਂਤਰੀ ਮੁਸਾਫਰਾਂ ਨੇ ਇਸ ਹਵਾਈ ਅੱਡੇ ਦੀ ਵਰਤੋਂ ਕੀਤੀ,

**■ ਕੌਮਾਂਤਰੀ ਮੁਸਾਫਰਾਂ ਦੀ ਗਿਣਤੀ 'ਚ ਵੱਡੀ ਗਿਰਾਵਟ; ਹਵਾਈ ਅੱਡਾ ਅਥਾਰਟੀ ਨੂੰ ਕਰੋੜਾਂ ਰੁਪਏ ਦੇ ਘਾਟੇ ਦੀ ਮਾਰ**

ਜਦੋਂਕਿ ਫਰਵਰੀ ਵਿਚ ਇਹ ਗਿਣਤੀ 88,380 ਅਤੇ ਪਿਛਲੇ ਸਾਲ ਮਾਰਚ ਵਿਚ 1.11 ਲੱਖ ਤੋਂ ਵਧੇਰੇ ਸੀ। ਦੋਹਾ (ਕਤਰ) ਦੀਆਂ ਉਡਾਣਾਂ ਘਟਣ ਨਾਲ ਕੈਨੇਡਾ, ਅਮਰੀਕਾ ਅਤੇ ਯੂਰਪ ਜਾਣ ਵਾਲੇ ਪੰਜਾਬੀਆਂ ਨੂੰ ਹੁਣ ਦਿੱਲੀ ਰਾਹੀਂ ਖ਼ੁਆਰ ਹੋ ਕੇ ਜਾਣਾ ਪੈ ਰਿਹਾ ਹੈ। ਇਸ ਤੋਂ ਇਲਾਵਾ ਏਅਰ ਏਸ਼ੀਆ ਨੇ ਵੀ ਜਹਾਜ਼ਾਂ ਦੀ ਘਾਟ ਅਤੇ ਤੇਲ ਦੀਆਂ ਵਧਦੀਆਂ ਕੀਮਤਾਂ ਕਾਰਨ ਕੁਆਲਾਲੰਪੁਰ ਰੂਟ 'ਤੇ ਉਡਾਣਾਂ ਵਧਾਉਣ ਦਾ ਫੈਸਲਾ ਫਿਲਹਾਲ ਟਾਲ ਦਿੱਤਾ ਹੈ।

ਆਰਥਿਕ ਪੱਖੋਂ ਵੀ ਹਵਾਈ ਅੱਡੇ ਨੂੰ ਵੱਡਾ ਨੁਕਸਾਨ ਝੱਲਣਾ ਪੈ ਰਿਹਾ ਹੈ। ਹਰ ਜਾਣ ਵਾਲੇ ਕੌਮਾਂਤਰੀ ਮੁਸਾਫਰ ਤੋਂ ਹਵਾਈ ਅੱਡਾ ਲਗਭਗ 1,171 ਰੁਪਏ ਯੂਜ਼ਰ ਡਿਵੈਲਪਮੈਂਟ ਫੀਸ (ਯੂ.ਡੀ.ਐੱਫ.) ਵਜੋਂ ਲੈਂਦਾ ਹੈ। ਮਾਰਚ ਮਹੀਨੇ ਵਿਚ 63,000 ਤੋਂ ਵੱਧ ਕੌਮਾਂਤਰੀ ਮੁਸਾਫਰਾਂ ਦੇ ਘਟਣ ਨਾਲ ਹਵਾਈ ਅੱਡਾ ਅਥਾਰਟੀ ਨੂੰ ਕਰੋੜਾਂ ਰੁਪਏ ਦੇ ਮਾਲੀਏ ਦਾ ਘਾਟਾ ਪਿਆ ਹੈ। ਵਿੱਤੀ ਸਾਲ 2025-26 ਦੌਰਾਨ ਹਵਾਈ ਅੱਡੇ 'ਤੇ ਕੁੱਲ ਮੁਸਾਫਰਾਂ ਦੀ ਗਿਣਤੀ ਪਿਛਲੇ ਸਾਲ ਦੇ ਮੁਕਾਬਲੇ ਲਗਭਗ 6.02 ਲੱਖ ਘੱਟ ਰਹੀ ਹੈ। ਜੰਗ ਦੇ ਪ੍ਰਭਾਵਾਂ ਦੇ ਨਾਲ-ਨਾਲ ਰਨਵੇਅ ਦੀ ਮੁਰੰਮਤ ਨੇ ਵੀ ਮੁਸਾਫਰਾਂ ਦੀ ਨੀਂਦ ਉਡਾ ਦਿੱਤੀ ਹੈ। 31 ਮਾਰਚ ਤੋਂ ਰਨਵੇਅ ਰੋਜ਼ਾਨਾ ਦੁਪਹਿਰ 1:45 ਤੋਂ ਰਾਤ 9:45 ਵਜੇ ਤੱਕ ਬੰਦ ਰਹਿ ਰਿਹਾ ਹੈ, ਜਿਸ ਕਾਰਨ ਕਈ ਉਡਾਣਾਂ ਦਾ ਸਮਾਂ ਬਦਲਣਾ ਪਿਆ ਹੈ। ਸਿੰਗਾਪੁਰ ਜਾਣ ਵਾਲੀ 'ਸਕੂਟ' ਏਅਰਲਾਈਨ ਦੀ ਉਡਾਣ ਸਵੇਰੇ ਹੋਣ ਕਾਰਨ ਆਸਟ੍ਰੇਲੀਆ ਅਤੇ ਦੱਖਣੀ-ਪੂਰਬੀ ਏਸ਼ੀਆ ਜਾਣ ਵਾਲੇ ਮੁਸਾਫਰਾਂ ਦੇ ਅਗਲੇ ਕਨੈਕਸ਼ਨ ਟੁੱਟ ਰਹੇ ਹਨ। ਘਰੇਲੂ ਉਡਾਣਾਂ ਦੇ ਸਮੇਂ ਵਿਚ ਬਦਲਾਅ ਹੋਣ ਕਾਰਨ ਵੀ ਦਿੱਲੀ ਜਾਂ ਮੁੰਬਈ ਰਾਹੀਂ ਅੱਗੇ ਜਾਣ ਵਾਲੇ ਯਾਤਰੀਆਂ ਨੂੰ ਹਵਾਈ ਅੱਡਿਆਂ 'ਤੇ ਲੰਬਾ ਇੰਤਜ਼ਾਰ ਕਰਨਾ ਪੈ ਰਿਹਾ ਹੈ।

# ਸ੍ਰੀਨਗਰ ਹਵਾਈ ਅੱਡੇ ’ਤੇ 2 ਅਮਰੀਕੀ ਨਾਗਰਿਕ ਗ੍ਰਿਫ਼ਤਾਰ

ਸ੍ਰੀਨਗਰ, (ਪੰਜਾਬ ਮੇਲ)- ਸ੍ਰੀਨਗਰ ਹਵਾਈ ਅੱਡੇ ’ਤੇ ਸੁਰੱਖਿਆ ਜਾਂਚ ਦੌਰਾਨ 2 ਅਮਰੀਕੀ ਨਾਗਰਿਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਜਾਣਕਾਰੀ ਅਨੁਸਾਰ, ਰੂਟੀਨ ਸਕੈਨਿੰਗ ਦੌਰਾਨ ਇਕ ਅਮਰੀਕੀ ਨਾਗਰਿਕ ਦੇ ਬੈਗ ਵਿਚੋਂ ‘ਗਾਰਮਿਨ’ ਕੰਪਨੀ ਦਾ ਇਕ ਸੈਟੇਲਾਈਟ ਫ਼ੋਨ ਬਰਾਮਦ ਹੋਇਆ ਹੈ।

### ■ ਚੈਕਿੰਗ ਦੌਰਾਨ ਮਿਲਿਆ ਸੈਟੇਲਾਈਟ ਫ਼ੋਨ



ਜਿਸ ਵਿਅਕਤੀ ਦੇ ਬੈਗ ਵਿਚੋਂ ਸੈਟੇਲਾਈਟ ਫ਼ੋਨ ਮਿਲਿਆ ਹੈ, ਉਸ ਦੀ ਪਛਾਣ ਅਮਰੀਕਾ ਦੇ ਮੋਂਟਾਨਾ ਰਾਜ ਦੇ ਰਹਿਣ ਵਾਲੇ ਜੈਫਰੀ ਸਕੌਟ ਵਜੋਂ ਹੋਈ ਹੈ। ਹਵਾਈ ਅੱਡੇ ਦੀ ਸੁਰੱਖਿਆ ਵੱਲੋਂ ਮੁੱਢਲੀ ਪੁੱਛਗਿੱਛ ਕਰਨ ਤੋਂ ਬਾਅਦ, ਸੰਤੋਸ਼ਜਨਕ ਜਵਾਬ ਨਾ ਮਿਲਣ ’ਤੇ ਦੋਵਾਂ ਨੂੰ ਅਗਲੀ ਜਾਂਚ ਲਈ ਪੁਲਿਸ ਹਵਾਲੇ ਕਰ ਦਿੱਤਾ ਗਿਆ ਹੈ। ਪੁਲਿਸ ਹੁਣ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਇਹ ਦੋਵੇਂ ਅਮਰੀਕੀ ਕਿਸ ਮਕਸਦ ਨਾਲ ਸ੍ਰੀਨਗਰ ਆਏ ਸਨ ਅਤੇ ਉਨ੍ਹਾਂ ਕੋਲ ਇਹ ਸੈਟੇਲਾਈਟ ਫ਼ੋਨ ਕਿਉਂ ਸੀ।

ਸਰੋਤਾਂ ਅਨੁਸਾਰ, ਭਾਰਤ ’ਚ ਵਿਦੇਸ਼ੀ ਨਾਗਰਿਕਾਂ ਲਈ ਥੁਰਾਇਆ ਜਾਂ ਇਰੀਡੀਅਮ ਵਰਗੇ ਸੈਟੇਲਾਈਟ ਫ਼ੋਨ ਲਿਆਉਣ ’ਤੇ ਸਖ਼ਤ ਪਾਬੰਦੀ ਹੈ। ਜੇਕਰ ਕੋਈ ਅਜਿਹਾ ਫ਼ੋਨ ਲਿਆਉਂਦਾ ਹੈ, ਤਾਂ ਉਸ ਕੋਲ ਦੂਰਸੰਚਾਰ ਵਿਭਾਗ (DoT) ਦਾ ਲਾਇਸੈਂਸ ਹੋਣਾ ਲਾਜ਼ਮੀ ਹੈ।

ਨਵੇਂ ਟੈਲੀਕਮਿਊਨੀਕੇਸ਼ਨ ਐਕਟ 2023 ਅਤੇ ਭਾਰਤੀ ਵਾਇਰਲੈੱਸ ਟੈਲੀਗ੍ਰਾਫੀ ਐਕਟ 1933 ਦੇ ਤਹਿਤ, ਬਿਨਾਂ ਇਜਾਜ਼ਤ ਸੈਟੇਲਾਈਟ ਫ਼ੋਨ ਰੱਖਣਾ ਇਕ ਗੰਭੀਰ ਅਪਰਾਧ ਹੈ। ਇਸ ਦੇ ਲਈ 3 ਸਾਲ ਤੱਕ ਦੀ ਜੇਲ੍ਹ ਅਤੇ 2 ਕਰੋੜ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਸੁਰੱਖਿਆ ਏਜੰਸੀਆਂ ਕਸ਼ਮੀਰ ਵਰਗੇ ਸੰਵੇਦਨਸ਼ੀਲ ਇਲਾਕਿਆਂ ਵਿਚ ਅਜਿਹੇ ਮਾਮਲਿਆਂ ਨੂੰ ਬਹੁਤ ਗੰਭੀਰਤਾ ਨਾਲ ਲੈਂਦੀਆਂ ਹਨ।

# ਜੰਮੂ ’ਚ ਨਸ਼ਾ ਤਸਕਰੀ ਦੇ ਦੋਸ਼ ਹੇਠ 2 ਪੰਜਾਬੀਆਂ ਨੂੰ 10-10 ਸਾਲ ਕੈਦ

ਜੰਮੂ, (ਪੰਜਾਬ ਮੇਲ)- ਜੰਮੂ-ਕਸ਼ਮੀਰ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ, ਜਿੱਥੋਂ ਦੇ ਉਧਮਪੁਰ ਦੀ ਇੱਕ ਅਦਾਲਤ ਨੇ ਪੰਜਾਬ ਦੇ ਦੋ ਅੰਤਰਰਾਜੀ ਨਸ਼ਾ ਤਸਕਰਾਂ ਨੂੰ 10-10 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਹ ਸਜ਼ਾ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ (ਐੱਨ.ਡੀ.ਪੀ.ਐੱਸ.) ਐਕਟ ਦੇ ਤਹਿਤ ਸੁਣਾਈ ਗਈ ਹੈ। ਦੋਵਾਂ ਮੁਲਜ਼ਮਾਂ ਦੀ ਪਛਾਣ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਰਹਿਣ ਵਾਲੇ ਜਸਪ੍ਰੀਤ ਸਿੰਘ ਅਤੇ ਸੰਦੀਪ ਸਿੰਘ ਵਜੋਂ ਹੋਈ ਹੈ। ਅਦਾਲਤ ਨੇ ਦੋਵਾਂ ’ਤੇ 1-1 ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ। ਜੇਕਰ ਉਹ ਜੁਰਮਾਨਾ ਨਹੀਂ ਭਰਦੇ, ਤਾਂ ਉਨ੍ਹਾਂ ਨੂੰ 6 ਮਹੀਨੇ ਦੀ ਹੋਰ ਵਾਧੂ ਸਖ਼ਤ ਕੈਦ ਕੱਟਣੀ ਪਵੇਗੀ। ਪੁਲਿਸ ਅਨੁਸਾਰ ਇਨ੍ਹਾਂ ਦੋਵਾਂ ਨੂੰ 9 ਸਤੰਬਰ 2020 ਨੂੰ ਜੰਮੂ-ਸ਼੍ਰੀਨਗਰ ਰਾਸ਼ਟਰੀ ਰਾਜਮਾਰਗ ’ਤੇ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ ਕਸ਼ਮੀਰ ਤੋਂ ਵਾਪਸ ਆ ਰਹੇ ਸਨ, ਜਦੋਂ ਉਨ੍ਹਾਂ ਦੇ ਵਾਹਨ ਵਿਚੋਂ 175 ਕਿਲੋਗ੍ਰਾਮ ਭੁੱਕੀ ਬਰਾਮਦ ਹੋਈ ਸੀ। ਉਧਮਪੁਰ ਦੇ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ ਜਾਂਚ ਅਤੇ ਗਵਾਹੀਆਂ ਪੂਰੀਆਂ ਹੋਣ ਤੋਂ ਬਾਅਦ ਦੋਵਾਂ ਨੂੰ ਐੱਨ.ਡੀ.ਪੀ.ਐੱਸ. ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਦੋਸ਼ੀ ਕਰਾਰ ਦਿੱਤਾ ਅਤੇ ਇਹ ਸਖ਼ਤ ਸਜ਼ਾ ਸੁਣਾ ਦਿੱਤੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

## ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ (ਐੱਸ.ਆਈ.ਆਰ.) ਫੌਰੀ ਰੋਕਣ ਦਾ ਸੱਦਾ

ਨਵੀਂ ਦਿੱਲੀ, (ਪੰਜਾਬ ਮੇਲ)- ਬੁੱਧੀਜੀਵੀਆਂ, ਵਕੀਲਾਂ, ਵਿਦਿਆਰਥੀਆਂ ਅਤੇ ਸਮਾਜਿਕ ਕਾਰਕੁਨਾਂ ਨੇ ਮੰਗ ਕੀਤੀ ਹੈ ਕਿ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ (ਐੱਸ.ਆਈ.ਆਰ.) ਦਾ ਅਮਲ ਫੌਰੀ ਰੋਕਿਆ ਜਾਵੇ। ਉਨ੍ਹਾਂ ਪੁਰਾਣੀਆਂ ਵੋਟਰ ਸੂਚੀਆਂ ਦੇ ਆਧਾਰ ’ਤੇ ਚੋਣਾਂ ਕਰਾਉਣ ਦੀ ਵਕਾਲਤ ਕਰਦਿਆਂ ਕਿਹਾ ਕਿ ਐੱਸ.ਆਈ.ਆਰ. ਨਾਗਰਿਕਾਂ ਦੇ ਹੱਕਾਂ ਦੇ ਖ਼ਿਲਾਫ਼ ਹੈ। ਮਨੁੱਖੀ ਹੱਕਾਂ ਬਾਰੇ ਜਥੇਬੰਦੀ ‘ਜਨਹਸਤਕਸ਼ੇਪ’ ਵੱਲੋਂ ਇਥੇ ਪ੍ਰੈੱਸ ਕਲੱਬ ਆਫ ਇੰਡੀਆ ’ਚ ਕਰਵਾਏ ਸੈਮੀਨਾਰ ਦੌਰਾਨ ਐੱਸ.ਆਈ.ਆਰ. ਰੋਕਣ ਬਾਰੇ ਸਰਬਸੰਮਤੀ ਨਾਲ ਮਤਾ ਵੀ ਪਾਸ ਕੀਤਾ ਗਿਆ। ਸੈਮੀਨਾਰ ’ਚ ਸਾਬਕਾ ਮੁੱਖ ਚੋਣ ਕਮਿਸ਼ਨਰ ਐੱਸ.ਵਾਈ. ਕੁਰੈਸ਼ੀ, ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ, ਦਿੱਲੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਬਦਰੀ ਰੈਨਾ, ਪ੍ਰੈੱਸ ਕਲੱਬ ਆਫ ਇੰਡੀਆ ਦੀ ਪ੍ਰਧਾਨ ਸੰਗੀਤਾ ਬਰੂਆ ਪਿਸ਼ਾਰੋਤੀ ਸਮੇਤ ਹੋਰਨਾਂ ਨੇ ਹਾਜ਼ਰੀ ਭਰੀ। ਸੈਮੀਨਾਰ ਦੇ ਕਨਵੀਨਰ ਜੇ.ਐੱਨ.ਯੂ. ਦੇ ਵਿਕਾਸ ਵਾਜਪਾਈ ਅਤੇ ਸਹਿ-ਕਨਵੀਰ ਪੱਤਰਕਾਰ ਅਨਿਲ ਦੂਬੇ ਸਨ। ਮਤੇ ’ਚ ਪੱਛਮੀ ਬੰਗਾਲ ਸਮੇਤ ਦੇਸ਼ ਦੇ ਹੋਰ ਹਿੱਸਿਆਂ ’ਚ ਜਾਰੀ ਐੱਸ.ਆਈ.ਆਰ. ਅਮਲ ਫ਼ੌਰੀ ਰੋਕਣ ਦੀ ਮੰਗ ਕਰਦਿਆਂ ਕਿਹਾ ਗਿਆ ਕਿ ਜਿਨ੍ਹਾਂ ਲੋਕਾਂ ਦੇ ਨਾਂ ਕੱਟ ਦਿੱਤੇ ਗਏ ਹਨ, ਉਨ੍ਹਾਂ ਵੱਲੋਂ ਦਾਇਰ ਕੀਤੀਆਂ ਅਪੀਲਾਂ ਦਾ ਫ਼ੈਸਲਾ ਤੁਰੰਤ ਕੀਤਾ ਜਾਣਾ ਚਾਹੀਦਾ ਹੈ, ਤਾਂ ਕਿ ਉਹ ਵੋਟ ਪਾ ਸਕਣ ਜਾਂ ਸਾਰਿਆਂ ਦੇ ਵੋਟ ਦੇ ਅਧਿਕਾਰ ਨੂੰ ਯਕੀਨੀ ਬਣਾਉਣ ਲਈ 2025 ਦੀਆਂ ਅਪਡੇਟ ਕੀਤੀਆਂ ਗਈਆਂ ਵੋਟਰ ਸੂਚੀਆਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

# ਭਾਰਤ ਨੇ ਓ.ਸੀ.ਆਈ. ਫੀਸ ਅਤੇ ਨਿਯਮਾਂ ’ਚ ਕੀਤੀ ਸੋਧ

ਨਵੀਂ ਦਿੱਲੀ, (ਪੰਜਾਬ ਮੇਲ)-ਇਸ ਮਹੀਨੇ ਤੋਂ ਭਾਰਤ ਨੇ ਪ੍ਰਵਾਸੀ ਭਾਰਤੀ ਨਾਗਰਿਕ (ਓ.ਸੀ.ਆਈ.) ਸੇਵਾਵਾਂ ਲਈ ਫੀਸਾਂ ਅਤੇ ਨਿਯਮਾਂ ’ਚ ਸੋਧ ਕੀਤਾ ਹੈ ਅਤੇ ਇਸ ਨੂੰ ਆਵਰਜਨ ਬਿਊਰੋ ਅਤੇ ਵਿਦੇਸ਼ਾਂ ’ਚ ਸਥਿਤ ਭਾਰਤੀ ਦੂਤਾਵਾਸਾਂ ਦੇ ਜ਼ਰੀਏ ਲਾਗੂ ਕੀਤਾ ਹੈ। ਸੋਧ ਅਨੁਸਾਰ ਭਾਰਤ ਵਿਚ ਦਾਖਲ ਕੀਤੀਆਂ ਗਈਆਂ ਐਪਲੀਕੇਸ਼ਨਾਂ ਅਤੇ ਵਿਦੇਸ਼ਾਂ ਵਿਚ ਜਮ੍ਹਾਂ ਕੀਤੀਆਂ ਗਈਆਂ ਐਪਲੀਕੇਸ਼ਨਾਂ ਵਿਚਕਾਰ ਅੰਤਰ ਕੀਤਾ ਗਿਆ ਹੈ। ਵਿਦੇਸ਼ ਵਿਚ ਨਵੀਂ ਓ.ਸੀ.ਆਈ. ਐਪਲੀਕੇਸ਼ਨ ਦੀ ਕੀਮਤ 275 ਡਾਲਰ ਹੈ, ਜਦੋਂਕਿ ਭਾਰਤ ਵਿਚ ਇਹ ਲਗਭਗ 180 ਡਾਲਰ (15,000 ਰੁਪਏ) ਹੈ।

ਕਾਰਡਧਾਰਕ ਦੇ 20 ਸਾਲ ਦਾ ਹੋਣ ਵਾਲੇ ਜਾਂ ਨਿੱਜੀ ਵੇਰਵੇ ਅਪਡੇਟ ਕਰਨ ਲਈ ਜ਼ਰੂਰੀ ਸੇਵਾਵਾਂ ਸਮੇਤ, ਮੁੜ ਜਾਰੀ ਕਰਨ ਦੀਆਂ ਸੇਵਾਵਾਂ ਦੀ ਲਾਗਤ ਵਿਦੇਸ਼ਾਂ ਵਿਚ 25 ਡਾਲਰ ਅਤੇ ਭਾਰਤ ਵਿਚ ਲਗਭਗ 17 ਡਾਲਰ (1,400 ਰੁਪਏ) ਹੈ। ਗੁੰਮ ਹੋਏ ਜਾਂ ਨੁਕਸਾਨੇ ਗਏ ਓ.ਸੀ.ਆਈ. ਕਾਰਡ ਲਈ




ਖਰਚਾ ਵਿਦੇਸ਼ਾਂ ਵਿਚ 100 ਡਾਲਰ ਅਤੇ ਭਾਰਤ ਵਿਚ ਲਗਭਗ 112 ਡਾਲਰ (9,386 ਰੁਪਏ) ਹੈ। ਓ.ਸੀ.ਆਈ. ਸਥਿਤੀ ਦਾ ਤਿਆਗ ਕਰਨ ਦੀ ਲਾਗਤ ਵਿਦੇਸ਼ਾਂ ਵਿਚ 25 ਡਾਲਰ ਅਤੇ ਭਾਰਤ ਵਿਚ ਲਗਭਗ 17 ਡਾਲਰ ਨਿਰਧਾਰਤ ਹੈ। ਇਹ ਧਿਆਨ ਦੇਣ ਯੋਗ ਹੈ ਕਿ ਭਾਰਤ ਦੇ ਬਾਹਰ ਅਰਜ਼ੀ ਦੇਣ ਵਾਲੇ ਅਰਜ਼ੀਕਾਰਾਂ ਨੂੰ ਵੀ.ਐੱਫ.ਐੱਸ. ਗਲੋਬਲ ਅਤੇ ਬੀ.ਐੱਲ.ਐੱਸ. ਇੰਟਰਨੈਸ਼ਨਲ ਵਰਗੀ ਆਊਟ ਸੋਰਸਿੰਗ ਏਜੰਸੀਆਂ ਤੋਂ ਵਾਧੂ ਸੇਵਾ ਖਰਚ ਅਤੇ ਭਾਰਤੀ ਕਮਿਊਨਿਟੀ ਕਲਿਆਣ ਫੰਡ (ਆਈ.ਸੀ.ਡਬਲਯੂ.ਐੱਫ.) ਫੀਸ ਦਾ ਭੁਗਤਾਨ ਕਰਨਾ ਜਾਰੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?
For Mediation Services, Contact Office Manager :
Julie McCool Email: jmccool@jamsadr.com
Call : +1 503 910 8767
www.singhadr.com
Mediation - ◇ Save Money ◇ Save Time ◇ Save Your relationship
• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave
*863

# ਐੱਫ.ਬੀ.ਆਈ. ਡਾਇਰੈਕਟਰ ਕਾਸ਼ ਪਟੇਲ ਵੱਲੋਂ ਐਰਿਕ ਸਵਾਲਵੈਲ ਨੂੰ ਪੁੱਛਗਿੱਛ ਲਈ ਸੱਦਾ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਐੱਫ.ਬੀ.ਆਈ. ਦੇ ਡਾਇਰੈਕਟਰ ਕਾਸ਼ ਪਟੇਲ ਨੇ ਸਾਬਕਾ ਪ੍ਰਤੀਨਿਧੀ ਐਰਿਕ ਸਵਾਲਵੈਲ ਨੂੰ ਜਿਨਸੀ ਦੁਰਵਿਵਹਾਰ ਦੇ ਦੋਸ਼ਾਂ ਦੇ ਸਬੰਧ ਵਿਚ ਪੁੱਛਗਿੱਛ ਲਈ ਬਿਊਰੋ ਨਾਲ ਮੀਟਿੰਗ ਕਰਨ ਦਾ ਸੱਦਾ ਦਿੱਤਾ ਹੈ। ਕੈਲੀਫੋਰਨੀਆ ਦੇ ਡੈਮੋਕਰੇਟਿਕ ਸੰਸਦ ਮੈਂਬਰ ਦੇ ਅਸਤੀਫ਼ੇ ਤੋਂ ਕੁਝ ਘੰਟਿਆਂ ਬਾਅਦ ਹੀ ਐੱਫ.ਬੀ.ਆਈ. ਨਾਲ ਚੱਲ ਰਹੇ ਇਸ ਟਕਰਾਅ ਵਿਚ ਇੱਕ ਨਵਾਂ ਮੋੜ ਆ ਗਿਆ ਹੈ।

ਪਟੇਲ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਰਾਹੀਂ ਇਹ ਸੱਦਾ ਜਾਰੀ ਕੀਤਾ ਅਤੇ ਸਵਾਲਵੈਲ ਨੂੰ ਸੰਘੀ ਅਧਿਕਾਰੀਆਂ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ। ਪਟੇਲ ਨੇ ਲਿਖਿਆ, "@EricSwalwell ਨੇ ਕਿਹਾ ਹੈ ਕਿ ਉਨ੍ਹਾਂ ਵਿਰੁੱਧ ਲੱਗੇ ਕੋਈ ਵੀ ਦੋਸ਼ ਸੱਚੇ ਨਹੀਂ ਹਨ। ਹੁਣ ਜਦੋਂ ਉਨ੍ਹਾਂ ਨੇ ਅਸਤੀਫ਼ਾ ਦੇ ਦਿੱਤਾ ਹੈ, ਅਸੀਂ ਉਨ੍ਹਾਂ ਦਾ ਐੱਫ.ਬੀ.ਆਈ. ਨਾਲ ਮੀਟਿੰਗ ਕਰਨ ਅਤੇ ਉਨ੍ਹਾਂ ਕੋਲ ਮੌਜੂਦ ਕਿਸੇ ਵੀ ਜਾਣਕਾਰੀ ਨੂੰ ਸਾਂਝਾ ਕਰਨ ਲਈ ਸਵਾਗਤ ਕਰਦੇ ਹਾਂ।"

ਉਨ੍ਹਾਂ ਅੱਗੇ ਲਿਖਿਆ ਕਿ ਅਸੀਂ ਇਨ੍ਹਾਂ ਮਾਮਲਿਆਂ ਨਾਲ ਸਬੰਧਤ ਜਾਣਕਾਰੀ ਰੱਖਣ ਵਾਲੇ ਕਿਸੇ ਵੀ ਵਿਅਕਤੀ ਨੂੰ ਸਾਡੇ ਨਾਲ ਗੱਲ ਕਰਨ ਲਈ ਉਤਸ਼ਾਹਿਤ ਕਰਦੇ ਹਾਂ।



ਕਾਸ਼ ਪਟੇਲ/ਐਰਿਕ ਸਵਾਲਵੈਲ

ਸਾਰਿਆਂ ਲਈ ਦਰਵਾਜ਼ੇ ਖੁੱਲ੍ਹੇ ਹਨ।

ਸਵਾਲਵੈਲ ਦਾ ਅਸਤੀਫ਼ਾ ਕਈ ਔਰਤਾਂ ਵੱਲੋਂ ਲਗਾਏ ਗਏ ਗੰਭੀਰ ਦੋਸ਼ਾਂ ਤੋਂ ਬਾਅਦ ਆਇਆ ਹੈ, ਜਿਨ੍ਹਾਂ ਵਿਚ ਜਿਨਸੀ ਸ਼ੋਸ਼ਣ ਅਤੇ ਕੁੱਟਮਾਰ ਤੇ ਅਧੀਨ ਕੰਮ ਕਰਨ ਵਾਲੇ ਕਰਮਚਾਰੀਆਂ ਨਾਲ ਅਣਉਚਿਤ ਸਬੰਧ ਸ਼ਾਮਲ ਹਨ। ਹਾਲਾਂਕਿ, ਸਵਾਲਵੈਲ ਨੇ ਇਨ੍ਹਾਂ ਦੋਸ਼ਾਂ ਨੂੰ "ਗੰਭੀਰ ਅਤੇ ਝੂਠੇ" ਦੱਸਦਿਆਂ ਖਾਰਜ ਕਰ ਦਿੱਤਾ ਹੈ, ਪਰ ਉਨ੍ਹਾਂ ਨੇ ਕੁਝ "ਗਲਤੀਆਂ" ਹੋਣ ਦੀ ਗੱਲ ਸਵੀਕਾਰ ਕੀਤੀ ਹੈ।

ਕਾਸ਼ ਪਟੇਲ ਦੀ ਇਹ ਕਾਰਵਾਈ ਸਵਾਲਵੈਲ ਵਿਰੁੱਧ ਚੱਲ ਰਹੀਆਂ ਕਈ ਜਾਂਚਾਂ ਦਾ ਹਿੱਸਾ ਹੈ। ਹਾਊਸ ਐਥਿਕਸ ਕਮੇਟੀ ਨੇ ਇੱਕ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਮੈਨਹਟਨ ਜ਼ਿਲ੍ਹਾ ਅਟਾਰਨੀ ਦੇ ਦਫ਼ਤਰ ਨੇ ਇੱਕ ਅਪਰਾਧਿਕ ਜਾਂਚ ਦੀ ਪੁਸ਼ਟੀ ਕੀਤੀ ਹੈ। ਐੱਫ.ਬੀ.ਆਈ. ਡਾਇਰੈਕਟਰ ਨੇ ਹਾਲ ਹੀ ਵਿਚ ਕਥਿਤ ਚੀਨੀ ਖੁਫੀਆ ਏਜੰਟ ਕ੍ਰਿਸਟੀਨ ਫੈਂਗ ਨਾਲ ਸਵੈਲਵੈਲ ਦੇ ਸਬੰਧਾਂ ਨਾਲ ਸਬੰਧਤ ਦਹਾਕਿਆਂ ਪੁਰਾਣੀਆਂ ਬਿਊਰੋ ਫਾਈਲਾਂ ਦੀ ਸਮੀਖਿਆ ਦਾ ਆਦੇਸ਼ ਦਿੱਤਾ ਹੈ, ਜਿਸਨੂੰ ਸਵੈਲਵੈਲ ਦੀ ਕਾਨੂੰਨੀ ਟੀਮ ਨੇ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਕਿਹਾ ਹੈ।

ਇਹ ਤਾਜ਼ਾ ਵਿਵਾਦ ਦੋਵਾਂ ਵਿਅਕਤੀਆਂ ਵਿਚਕਾਰ ਲੰਬੇ ਸਮੇਂ ਤੋਂ ਚੱਲੀ ਆ ਰਹੀ ਦੁਸ਼ਮਣੀ ਦੇ ਵਿਚਕਾਰ ਆਇਆ ਹੈ, ਜੋ 2016 ਵਿਚ ਡੋਨਾਲਡ ਟਰੰਪ ਦੇ ਚੋਣ ਪ੍ਰਚਾਰ ਅਤੇ ਰੂਸ ਵਿਚਾਲੇ ਕਥਿਤ ਸਬੰਧਾਂ ਦੀ ਜਾਂਚ ਦੌਰਾਨ ਸ਼ੁਰੂ ਹੋਇਆ ਸੀ। ਪਟੇਲ, ਉਸ ਸਮੇਂ ਚੇਅਰਮੈਨ ਡੇਵਿਨ ਨੂਨਸ ਦੇ ਸੀਨੀਅਰ ਸਹਿਯੋਗੀ ਸਨ ਅਤੇ ਜਾਂਚ ਦੇ ਸਖ਼ਤ ਆਲੋਚਕ ਸਨ, ਜਦੋਂਕਿ ਸਵੈਲਵੈਲ ਉਨ੍ਹਾਂ ਡੈਮੋਕਰੇਟਸ ਵਿਚੋਂ ਇੱਕ ਸਨ, ਜਿਨ੍ਹਾਂ ਨੇ ਉਨ੍ਹਾਂ ਦਾ ਸਮਰਥਨ ਕੀਤਾ।

ਆਪਣੀ ਕਿਤਾਬ 'ਗਵਰਨਮੈਂਟ ਗੈਂਗਸਟਰਸ' ਵਿਚ ਪਟੇਲ ਨੇ ਸਵਾਲਵੈਲ ਦੀ ਕੜੀ ਆਲੋਚਨਾ ਕੀਤੀ ਹੈ। ਸੰਸਦੀ ਸੁਣਵਾਈਆਂ ਦੌਰਾਨ ਪਟੇਲ ਨੇ ਇੱਕ ਵਾਰ ਸਵਾਲਵੈਲ ਦੇ ਕਰੀਅਰ ਨੂੰ "ਅਮਰੀਕੀ ਜਨਤਾ ਲਈ ਇੱਕ ਕਲੰਕ" ਕਰਾਰ ਦਿੱਤਾ ਸੀ। ਇਹ ਤਾਜ਼ਾ ਘਟਨਾਕ੍ਰਮ ਇਸ ਲੰਬੇ ਸਮੇਂ ਤੋਂ ਚੱਲੀ ਆ ਰਹੀ ਦੁਸ਼ਮਣੀ ਵਿਚ ਇੱਕ ਨਵਾਂ ਅਧਿਆਏ ਹੈ।

## ਆਸਟ੍ਰੇਲੀਆ 'ਚ 77 ਹਜ਼ਾਰ ਗੈਰ-ਕਾਨੂੰਨੀ ਪ੍ਰਵਾਸੀ ; ਨਿਗਰਾਨੀ ਤੇ ਡਿਪੋਰਟ ਦੀਆਂ ਕਾਰਵਾਈਆਂ 'ਚ ਵਾਧਾ

**ਸਿਡਨੀ, (ਪੰਜਾਬ ਮੇਲ)-** ਹਾਲ ਹੀ ਵਿਚ ਆਸਟ੍ਰੇਲੀਆ ਦੇ ਗ੍ਰਹਿ ਵਿਭਾਗ ਵੱਲੋਂ ਜਾਰੀ ਕੀਤੇ ਗਏ ਨਵੇਂ ਅੰਕੜਿਆਂ ਨੇ ਚਰਚਾ ਛੇੜ ਦਿੱਤੀ ਹੈ। ਰਿਪੋਰਟ ਅਨੁਸਾਰ, ਇਸ ਸਮੇਂ 77,000 ਤੋਂ ਵੱਧ ਪ੍ਰਵਾਸੀ ਲੋਕ ਆਸਟ੍ਰੇਲੀਆ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਹਨ। ਵੇਰਵਿਆਂ ਮੁਤਾਬਕ, ਇਨ੍ਹਾਂ ਵਿਚੋਂ ਲਗਪਗ 60 ਫ਼ੀਸਦੀ ਲੋਕ ਅਜਿਹੇ ਹਨ, ਜੋ ਵੀਜ਼ਾ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਉੱਥੇ ਰੁਕੇ ਹੋਏ ਹਨ, ਜਦੋਂਕਿ ਬਾਕੀ ਰਹਿੰਦੇ ਲੋਕ ਉਹ ਹਨ, ਜਿਨ੍ਹਾਂ ਦੇ ਵੀਜ਼ੇ ਸਰਕਾਰ ਵੱਲੋਂ ਰੱਦ ਕੀਤੇ ਜਾ ਚੁੱਕੇ ਹਨ।


MATRIMONIAL

Jatt Sikh, Chatha, Age 33yrs, height 6'-1", American born boy, Fully family values known, Gursikh Lawyer boy, working in Los Angeles county as Lawyer supervisor, looking for an educated & beautiful girl in California.
for more information Contact at : 818-645-9810
895


## ਓਨਟਾਰੀਓ 'ਚ ਪੰਜਾਬੀ ਨੌਜਵਾਨ ਦੇ ਘਰ ਤੇ ਗੱਡੀਆਂ ਨੂੰ ਹਮਲਾਵਰਾਂ ਨੇ ਲਗਾਈ ਅੱਗ

**ਓਨਟਾਰੀਓ, (ਪੰਜਾਬ ਮੇਲ)-** ਕੈਨੇਡਾ ਦੇ ਓਨਟਾਰੀਓ ਸੂਬੇ ਵਿੱਚ ਇੱਕ ਪ੍ਰਵਾਸੀ ਭਾਰਤੀ ਨਾਲ ਜੁੜੇ ਮਾਮਲੇ ਨੇ ਚਿੰਤਾ ਵਧਾ ਦਿੱਤੀ ਹੈ। ਪੰਜਾਬ ਦੇ ਅੰਮ੍ਰਿਤਸਰ ਨਾਲ ਸੰਬੰਧਤ ਨੌਜਵਾਨ ਹਰਪ੍ਰੀਤ ਸਿੰਘ ਦੇ ਘਰ ਅਤੇ ਉਸ ਦੀਆਂ ਗੱਡੀਆਂ ਨੂੰ ਅਣਪਛਾਤੇ ਹਮਲਾਵਰਾਂ ਨੇ ਨਿਸ਼ਾਨਾ ਬਣਾਇਆ ਅਤੇ ਪੈਟਰੋਲ ਪਾ ਕੇ ਅੱਗ ਲਗਾ ਦਿੱਤੀ। ਘਟਨਾ ਦੇ ਸਮੇਂ ਨੌਜਵਾਨ ਘਰ ਦੇ ਅੰਦਰ ਹੀ ਮੌਜੂਦ ਸੀ।

ਜਾਣਕਾਰੀ ਅਨੁਸਾਰ, ਹਮਲਾਵਰਾਂ ਨੇ ਘਰ ਦੇ ਬਾਹਰ ਖੜ੍ਹੀਆਂ ਤਿੰਨ ਗੱਡੀਆਂ ਨੂੰ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਵਿਚੋਂ ਦੋ ਵਾਹਨ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਏ। ਅੱਗ ਤੇਜ਼ੀ ਨਾਲ ਫੈਲੀ, ਪਰ ਸਮਾਂ ਰਹਿੰਦੇ ਉਸ 'ਤੇ ਕਾਬੂ ਪਾ ਲਿਆ ਗਿਆ, ਜਿਸ ਕਾਰਨ ਘਰ ਨੂੰ ਵੱਡਾ ਨੁਕਸਾਨ ਹੋਣੋਂ ਬਚ ਗਿਆ।

ਘਟਨਾ ਦਾ ਇੱਕ ਗੰਭੀਰ ਪਹਿਲੂ ਇਹ ਵੀ ਸਾਹਮਣੇ ਆਇਆ ਹੈ ਕਿ ਹਮਲਾਵਰਾਂ ਨੇ ਘਰ ਦੀ ਕੰਧ 'ਤੇ 'ਗੋ ਬੈਕ' ਵਰਗੇ ਨਫ਼ਰਤੀ ਨਾਅਰੇ ਲਿਖੇ। ਇਹ ਪੂਰੀ ਘਟਨਾ ਘਰ ਦੇ ਬਾਹਰ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਵਿਚ

■ ਕੰਧ 'ਤੇ ਲਿਖਿਆ ਨਫਰਤੀ ਨਾਅਰਾ



ਕੈਦ ਹੋ ਗਈ ਹੈ। ਫੁਟੇਜ ਵਿਚ ਇੱਕ ਸ਼ੱਕੀ ਵਿਅਕਤੀ ਅੱਗ ਲਗਾਉਂਦੇ ਸਮੇਂ ਖ਼ੁਦ ਵੀ ਝੁਲਸਦਾ ਦਿਖਾਈ ਦੇ ਰਿਹਾ ਹੈ। ਸਥਾਨਕ ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਮੁਲਜ਼ਮਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।


EXPO Furniture Gallery

We offer 0% interest financing and carry all major brands.

ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ

In business for over 30 years

SPECIAL SALE

Best price guaranteed.



Designed By Punjab Mail USA

7310 HOME LEISURE PLAZA, SACRAMENTO, CA 95823

(916) 392-3233

www.expofurnituregallery.com

# ਪੰਜਾਬ ਰਾਜਪਾਲ ਕਟਾਰੀਆ ਵੱਲੋਂ ਬੇਅਦਬੀ ਵਿਰੁੱਧ ਬਿੱਲ ਨੂੰ ਹਰੀ ਝੰਡੀ

**■ ਰਾਜਪਾਲ ਦੀ ਸਹਿਮਤੀ ਨਾਲ ਸਿਆਸੀ ਤੇ ਕਾਨੂੰਨੀ ਅਟਕਲਾਂ ਦੂਰ**



*ਸਮਾਣਾ 'ਚ ਬੇਅਦਬੀ ਦੀਆਂ ਘਟਨਾਵਾਂ ਖ਼ਿਲਾਫ਼ ਚੱਲ ਰਹੇ ਧਰਨੇ 'ਚ ਪੁੱਜੇ ਲੋਕ।*

**ਚੰਡੀਗੜ੍ਹ, (ਪੰਜਾਬ ਮੇਲ)-** ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਸਿਆਸੀ ਤੇ ਕਾਨੂੰਨੀ ਅਟਕਲਾਂ ਦਰਮਿਆਨ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ-2026' ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਸ ਨਾਲ ਬੇਅਦਬੀ ਵਿਰੁੱਧ ਸਖ਼ਤ ਸਜ਼ਾਵਾਂ ਵਾਲੇ ਕਾਨੂੰਨ ਲਈ ਰਾਹ ਪੱਧਰਾ ਹੋ ਗਿਆ ਹੈ। ਪੰਜਾਬ ਅਸੈਂਬਲੀ ਨੇ 13 ਅਪ੍ਰੈਲ ਨੂੰ ਸਰਬਸੰਮਤੀ ਨਾਲ ਇਸ ਸੋਧ ਬਿੱਲ ਨੂੰ ਪ੍ਰਵਾਨਗੀ ਦਿੱਤੀ ਸੀ। ਰਾਜਪਾਲ ਨੇ ਬੀਤੇ ਦਿਨੀਂ ਸੋਧ ਬਿੱਲ ਨੂੰ ਸਹਿਮਤੀ ਦੇ ਕੇ ਸੰਵਿਧਾਨਕ ਅੜਿੱਕਿਆਂ ਨੂੰ ਦੂਰ ਕਰ ਦਿੱਤਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਐਕਸ 'ਤੇ ਜਾਣਕਾਰੀ ਸਾਂਝੀ ਕੀਤੀ ਕਿ ਰਾਜਪਾਲ ਨੇ ਬੇਅਦਬੀ ਵਿਰੁੱਧ ਬਿੱਲ ਨੂੰ ਸਹਿਮਤੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਹ ਸਖ਼ਤ ਕਾਨੂੰਨ ਗੁਰੂ ਸਾਹਿਬ ਦੀ ਪਵਿੱਤਰ ਰਾਖੀ ਦਾ ਪ੍ਰਣ ਹੈ ਤੇ ਹੁਣ ਕੋਈ ਵੀ ਗੁਨਾਹਗਾਰ ਬਖ਼ਸ਼ਿਆ ਨਹੀਂ ਜਾਵੇਗਾ। ਰਾਜਪਾਲ ਦੀ ਪ੍ਰਵਾਨਗੀ ਮਗਰੋਂ ਪੰਜਾਬ ਸਰਕਾਰ ਬਿਨਾਂ ਕਿਸੇ ਦੇਰੀ ਤੋਂ ਨੋਟੀਫਿਕੇਸ਼ਨ ਜਾਰੀ ਕਰੇਗੀ। ਨਵੇਂ ਕਾਨੂੰਨ ਵਿਚ ਬੇਅਦਬੀ ਕਰਨ ਵਾਲਿਆਂ ਜਾਂ ਅਜਿਹੀ ਕਿਸੇ ਸਾਜ਼ਿਸ਼ ਦਾ ਹਿੱਸਾ ਬਣਨ ਵਾਲੇ ਨੂੰ 10 ਸਾਲ ਤੋਂ ਉਮਰ ਕੈਦ ਤੱਕ ਦੀ ਸਜ਼ਾ ਦੇਣ ਅਤੇ ਪੰਜ ਲੱਖ ਤੋਂ 25 ਲੱਖ ਰੁਪਏ ਤੱਕ ਦੇ ਜੁਰਮਾਨੇ ਤੇ ਜਾਇਦਾਦ ਜ਼ਬਤ ਕਰਨ ਦੀ ਵਿਵਸਥਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਰੁੱਧ ਅਪਮਾਨਜਨਕ ਸਮੱਗਰੀ ਪ੍ਰਕਾਸ਼ਿਤ ਕਰਨਾ ਵੀ ਜੁਰਮ ਹੋਵੇਗਾ।

ਪੰਜਾਬ ਵਿਧਾਨ ਸਭਾ ਵੱਲੋਂ ਪਿਛਲੀਆਂ ਸਰਕਾਰਾਂ ਦੌਰਾਨ ਪਹਿਲਾਂ ਸਾਲ 2016 ਅਤੇ ਫਿਰ 2018 'ਚ ਬੇਅਦਬੀ ਵਿਰੁੱਧ ਬਿੱਲ ਪਾਸ ਕੀਤਾ ਗਿਆ ਸੀ, ਜਿਸ ਨੂੰ ਰਾਸ਼ਟਰਪਤੀ ਨੇ ਸਹਿਮਤੀ ਨਹੀਂ ਦਿੱਤੀ ਸੀ। ਪੰਜਾਬ ਸਰਕਾਰ ਨੇ ਜੂਨ 2008 'ਚ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ-2008' ਬਣਾਇਆ ਸੀ, ਜੋ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਅਤੇ ਪ੍ਰਕਾਸ਼ਨ ਦੇ ਅਧਿਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿੰਦਾ ਹੈ। ਹੁਣ ਨਵੀਂ ਸੋਧ ਮਗਰੋਂ ਬਣੇ ਕਾਨੂੰਨ 'ਚ ਸ਼੍ਰੋਮਣੀ ਕਮੇਟੀ ਲਈ ਰਿਕਾਰਡ ਨੂੰ ਭੌਤਿਕ ਅਤੇ ਇਲੈਕਟ੍ਰੌਨਿਕ ਤੌਰ 'ਤੇ ਰੱਖਣਾ ਵੀ ਲਾਜ਼ਮੀ ਕਰਾਰ ਦਿੱਤਾ ਗਿਆ ਹੈ। ਪੰਜਾਬ ਪੁਲਿਸ ਹੁਣ ਅਜਿਹਾ ਤਰੀਕਾ ਅਖ਼ਤਿਆਰ ਕਰੇਗੀ, ਜਿਸ ਨਾਲ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਦੌਰਾਨ ਧਾਰਮਿਕ ਮਰਿਆਦਾ ਨੂੰ ਪੂਰੀ ਤਰ੍ਹਾਂ ਕਾਇਮ ਰੱਖਿਆ ਜਾ ਸਕੇ। ਸਾਲ 2015 'ਚ ਬਰਗਾੜੀ 'ਚ ਬੇਅਦਬੀ ਦੀਆਂ ਘਟਨਾਵਾਂ ਮਗਰੋਂ ਇਸ ਮੁੱਦੇ ਨੇ ਸਿਆਸੀ ਰੰਗਤ ਲੈ ਲਈ ਸੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਿਆ ਸੀ। ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਏ ਜਾਣ ਮਗਰੋਂ ਸਮਾਣਾ 'ਚ ਚੱਲ ਰਿਹਾ ਮੋਰਚਾ ਵੀ ਖ਼ਤਮ ਹੋਣ ਦੀ ਆਸ ਬੱਝੀ ਹੈ।

## ਅਕਾਲੀ ਦਲ ਦੇ ਸਾਬਕਾ ਕਿਰਨਬੀਰ ਸਿੰਘ ਕੰਗ ਨੇ ਪੰਜਾਬੀ ਲੋਕਰਾਜ ਪਾਰਟੀ ਬਣਾਈ

**ਚੰਡੀਗੜ੍ਹ, (ਪੰਜਾਬ ਮੇਲ)-** ਅਕਾਲੀ ਦਲ ਦੇ ਸਾਬਕਾ ਆਗੂ ਕਿਰਨਬੀਰ ਸਿੰਘ ਕੰਗ ਨੇ ਆਪਣੀ ਨਵੀਂ ਸਿਆਸੀ ਪਾਰਟੀ 'ਪੰਜਾਬੀ ਲੋਕਰਾਜ ਪਾਰਟੀ' (ਪੀ.ਐੱਲ.ਪੀ.) ਬਣਾਉਣ ਦਾ ਐਲਾਨ ਕੀਤਾ ਹੈ। ਇਸ ਮੌਕੇ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਸਬੰਧੀ ਖੁਲਾਸੇ ਕਰਦਿਆਂ ਕਿਹਾ ਕਿ ਰਾਘਵ ਚੱਢਾ ਨੇ 2022 ਦੀਆਂ ਚੋਣਾਂ ਤੋਂ ਪਹਿਲਾਂ ਕਈ ਵਾਰ ਉਨ੍ਹਾਂ ਤੱਕ ਪਹੁੰਚ ਕੀਤੀ ਸੀ ਅਤੇ ਉਨ੍ਹਾਂ ਨੂੰ 10 ਸੀਟਾਂ ਸਮੇਤ ਕੈਬਨਿਟ ਮੰਤਰੀ ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਸੀ। ਉਨ੍ਹਾਂ ਕਿਹਾ ਕਿ ਚੱਢਾ ਨੇ ਹੀ ਪੰਜਾਬ ਦੇ ਕਈ ਪ੍ਰਭਾਵਸ਼ਾਲੀ ਆਗੂਆਂ ਅਤੇ ਉਦਯੋਗਪਤੀਆਂ ਨੂੰ 'ਆਪ' ਵਿਚ ਸ਼ਾਮਲ ਕਰਨ 'ਚ 'ਪਾਵਰ ਬ੍ਰੋਕਰ' ਵਜੋਂ ਅਹਿਮ ਭੂਮਿਕਾ ਨਿਭਾਈ ਸੀ, ਹਾਲਾਂਕਿ ਹੁਣ ਪਾਰਟੀ ਨੇ ਉਨ੍ਹਾਂ ਤੋਂ ਕਿਨਾਰਾ ਕਰ ਲਿਆ ਹੈ।

ਕਿਰਨਬੀਰ ਕੰਗ ਨੇ ਮੌਜੂਦਾ 'ਆਪ' ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਨੇ ਪੰਜਾਬ ਨੂੰ ਇੱਕ 'ਸਿਆਸੀ ਸਰਕਸ' ਵਿਚ ਬਦਲ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਅਸਲ ਮੁੱਦਿਆਂ ਨੂੰ ਛੱਡ ਕੇ ਸਿਰਫ਼ ਮੁਫ਼ਤ ਬਿਜਲੀ ਅਤੇ ਬੱਸ ਸਫ਼ਰ ਵਰਗੀਆਂ ਸਕੀਮਾਂ ਰਾਹੀਂ ਵੋਟਾਂ ਬਟੋਰਨ 'ਤੇ ਲੱਗੀ ਹੋਈ ਹੈ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ 'ਤੇ ਪਰਿਵਾਰਵਾਦ ਦਾ ਦੋਸ਼ ਲਾਇਆ ਅਤੇ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ 'ਤੇ ਵੀ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਜੋ ਲੋਕ ਗੁਰੂ ਗ੍ਰੰਥ ਸਾਹਿਬ ਜੀ ਨੂੰ ਢਾਲ ਵਜੋਂ ਵਰਤਦੇ ਹਨ, ਉਹ ਸੂਬੇ ਨੂੰ ਮੁੜ ਕਾਲੇ ਦੌਰ ਵਿਚ ਧੱਕਣਾ ਚਾਹੁੰਦੇ ਹਨ।

# ਵਿਸਾਖੀ ਮਨਾ ਕੇ ਪਾਕਿਸਤਾਨ ਤੋਂ ਸਿੱਖ ਸ਼ਰਧਾਲੂਆਂ ਦਾ ਜੱਥਾ ਭਾਰਤ ਪਰਤਿਆ



**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦੇ ਪਾਵਨ ਮੌਕੇ 'ਤੇ ਪਾਕਿਸਤਾਨ ਗਏ ਸਿੱਖ ਸ਼ਰਧਾਲੂਆਂ ਦਾ ਜੱਥਾ ਵਾਹਗਾ ਅਟਾਰੀ ਬਾਰਡਰ ਰਸਤੇ ਭਾਰਤ ਵਾਪਸ ਪਰਤ ਆਇਆ ਹੈ। ਪਾਕਿਸਤਾਨ ਸਥਿਤ ਗੁਰੂ ਧਾਮਾਂ ਦੇ ਦਰਸ਼ਨ ਕਰਕੇ ਵਾਪਸ ਆਏ ਸ਼ਰਧਾਲੂਆਂ ਦੇ ਜੱਥੇ ਵਿਚ ਕੁੱਲ 2238 ਸ਼ਰਧਾਲੂ ਸ਼ਾਮਲ ਸਨ, ਜੋ ਧਾਰਮਿਕ ਤਿਉਹਾਰਾਂ ਨੂੰ ਮਨਾਉਣ ਅਤੇ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਨ ਲਈ ਪਾਕਿਸਤਾਨ ਗਏ ਸਨ। ਸ਼ਰਧਾਲੂਆਂ ਦੀ ਵਾਪਸੀ 'ਤੇ ਉਨ੍ਹਾਂ ਦੇ ਪਰਿਵਾਰਾਂ ਅਤੇ ਸੰਗਤਾਂ ਵਿਚ ਖੁਸ਼ੀ ਦਾ ਮਾਹੌਲ ਵੇਖਣ ਨੂੰ ਮਿਲਿਆ।

ਪਾਕਿਸਤਾਨ ਤੋਂ ਵਾਪਸ ਆਏ ਸ਼ਰਧਾਲੂਆਂ ਨੇ ਆਪਣੇ ਅਨੁਭਵ ਸਾਂਝੇ ਕਰਦੇ ਹੋਏ ਦੱਸਿਆ ਕਿ ਉਨ੍ਹਾਂ ਦੀ ਯਾਤਰਾ ਬਹੁਤ ਹੀ ਸੁਖਦ ਅਤੇ ਸ਼ਾਂਤਮਈ ਰਹੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਉੱਥੇ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਹੀਂ ਆਈ, ਸਗੋਂ ਪਾਕਿਸਤਾਨ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਰਹਿਣ-ਸਹਿਣ, ਸੁਰੱਖਿਆ ਅਤੇ ਲੰਗਰ ਸਮੇਤ ਸਾਰੀਆਂ ਜ਼ਰੂਰੀ ਸੁਵਿਧਾਵਾਂ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ। ਸ਼ਰਧਾਲੂਆਂ ਨੇ ਦੱਸਿਆ ਕਿ ਉਹ ਸ੍ਰੀ ਨਨਕਾਣਾ ਸਾਹਿਬ, ਸ੍ਰੀ ਪੰਜਾ ਸਾਹਿਬ, ਸ੍ਰੀ ਡੇਰਾ ਸਾਹਿਬ ਅਤੇ ਸ੍ਰੀ ਕਰਤਾਰਪੁਰ ਸਾਹਿਬ ਸਮੇਤ ਕਈ ਪਵਿੱਤਰ ਸਥਾਨਾਂ 'ਤੇ ਨਤਮਸਤਕ ਹੋਏ ਅਤੇ ਗੁਰੂਆਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਧਾਮਾਂ ਦੇ ਦਰਸ਼ਨ ਕਰਕੇ ਉਨ੍ਹਾਂ ਨੂੰ ਆਤਮਿਕ ਸ਼ਾਂਤੀ ਅਤੇ ਅੰਦਰੂਨੀ ਸੁੱਖ ਦਾ ਅਨੁਭਵ ਹੋਇਆ। ਸ਼ਰਧਾਲੂਆਂ ਨੇ ਭਾਰਤ ਅਤੇ ਪਾਕਿਸਤਾਨ ਦੋਵਾਂ ਸਰਕਾਰਾਂ ਦਾ ਧੰਨਵਾਦ ਕਰਦਿਆਂ ਅਪੀਲ ਕੀਤੀ ਕਿ ਧਾਰਮਿਕ ਯਾਤਰਾਵਾਂ ਲਈ ਹੋਰ ਲਾਂਘੇ ਅਤੇ ਸੁਵਿਧਾਵਾਂ ਵਧਾਈਆਂ ਜਾਣ, ਤਾਂ ਜੋ ਭਵਿੱਖ ਵਿਚ ਸਿੱਖ ਸ਼ਰਧਾਲੂਆਂ ਨੂੰ ਆਪਣੇ ਗੁਰੂ ਧਾਮਾਂ ਦਾ ਆਸਾਨੀ ਨਾਲ ਦਰਸ਼ਨ ਕਰਨ ਦਾ ਮੌਕਾ ਮਿਲ ਸਕੇ।




# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਇੰਗਲੈਂਡ ਤੋਂ ਪੁੱਜੇ ਪਰਿਵਾਰ ਦਾ ਗੁੰਮ ਹੋਇਆ ਕੀਮਤੀ ਬੈਗ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਨੇ ਲੱਭ ਕੇ ਕੀਤਾ ਵਾਪਸ

**ਬੈਗ 'ਚ 20 ਲੱਖ ਕੀਮਤ ਦੇ ਪੌਂਡ ਅਤੇ ਵਿਦੇਸ਼ੀ ਪਾਸਪੋਰਟ ਸਨ ਮੌਜੂਦ**





**ਅੰਮ੍ਰਿਤਸਰ, (ਪੰਜਾਬ ਮੇਲ)-** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨਾਂ ਲਈ ਆਏ ਇੰਗਲੈਂਡ ਨਿਵਾਸੀ ਪਰਿਵਾਰ ਦਾ ਗੁੰਮ ਹੋਇਆ ਬੈਗ ਜਿਸ ਵਿਚ ਪਾਸਪੋਰਟ ਅਤੇ ਕਰੀਬ 20 ਲੱਖ ਰੁਪਏ ਦੀ ਕੀਮਤ ਦੇ ਪੌਂਡ ਸਨ, ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਵੱਲੋਂ ਲੱਭ ਕੇ ਪਰਿਵਾਰ ਨੂੰ ਸੌਂਪੇ ਗਏ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਮਾਨਦਾਰੀ ਤੇ ਸਮਰਪਨ ਭਾਵ ਨਾਲ ਡਿਊਟੀ ਕਰਨ ਵਾਲੇ ਸ੍ਰੀ ਦਰਬਾਰ ਸਾਹਿਬ ਦੇ ਇਨ੍ਹਾਂ ਮੁਲਾਜ਼ਮਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ।

ਐਡਵੋਕੇਟ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਰੋਜ਼ਾਨਾ ਲੱਖਾਂ ਦੀ ਗਿਣਤੀ ਵਿਚ ਸੰਗਤ ਨਤਮਸਤਕ ਹੋਣ ਪੁੱਜਦੀ ਹੈ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਤਾਇਨਾਤ ਸਟਾਫ਼ ਹਮੇਸ਼ਾ ਸੰਗਤ ਦੀ ਸਹੂਲਤ ਲਈ ਯਤਨਸ਼ੀਲ ਰਹਿੰਦਾ ਹੈ। ਸਟਾਫ਼ ਵੱਲੋਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ ਕਿ ਕਿਸੇ ਵੀ ਸ਼ਰਧਾਲੂ ਦੇ ਕੀਮਤੀ ਸਮਾਨ ਨੂੰ ਨੁਕਸਾਨ ਨਾ ਪੁੱਜੇ। ਡਿਊਟੀ 'ਤੇ ਤਾਇਨਾਤ ਸਟਾਫ਼ ਵੱਲੋਂ ਕਈ ਵਾਰ ਸੰਗਤਾਂ ਦਾ ਗੁੰਮ ਹੋਇਆ ਸਮਾਨ ਲੱਭ ਕੇ ਉਨ੍ਹਾਂ ਦੇ ਹਵਾਲੇ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਬੀਤੀ ਰਾਤ ਇੰਗਲੈਂਡ ਦਾ ਇਕ ਪਰਿਵਾਰ ਦਰਸ਼ਨਾਂ ਲਈ ਆਇਆ ਸੀ, ਜਿਨ੍ਹਾਂ ਦਾ ਗੁੰਮ ਹੋਇਆ ਬੈਗ ਜਿਸ ਵਿਚ ਕਰੀਬ 20 ਲੱਖ ਦੀ ਕੀਮਤ ਦੇ ਪੌਂਡ ਅਤੇ ਪਾਸਪੋਰਟ ਸਨ, ਇਹ ਮਾਮਲਾ ਧਿਆਨ ਵਿਚ ਆਉਣ 'ਤੇ ਗੁੰਮ ਹੋਇਆ ਸਮਾਨ ਲੱਭ ਕੇ ਸ਼ਰਧਾਲੂ ਪਰਿਵਾਰ ਨੂੰ ਸੌਂਪਿਆ ਗਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਮੁਲਾਜ਼ਮਾਂ ਵੱਲੋਂ ਇਮਾਨਦਾਰੀ ਨਾਲ ਨਿਭਾਈ ਡਿਊਟੀ ਲਈ ਉਨ੍ਹਾਂ ਦੀ ਸਹਾਰਨਾ ਕੀਤੀ ਅਤੇ ਇਸੇ ਤਰ੍ਹਾਂ ਗੁਰੂ ਸਾਹਿਬ ਦੀ ਭੈ-ਭਾਵਨੀ ਵਿਚ ਡਿਊਟੀ ਕਰਨ ਦੀ ਪ੍ਰੇਰਣਾ ਵੀ ਕੀਤੀ। ਇਸੇ ਦੌਰਾਨ ਇੰਗਲੈਂਡ ਨਿਵਾਸੀ ਸ. ਸੋਢੀ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਦੇ ਸਟਾਫ਼ ਵੱਲੋਂ ਮਿਲੇ ਸਹਿਯੋਗ ਲਈ ਧੰਨਵਾਦ ਕੀਤਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਓ.ਐੱਸ.ਡੀ. ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਸ. ਜਸਪਾਲ ਸਿੰਘ ਢੱਡੇ ਆਦਿ ਮੌਜੂਦ ਸਨ।

# ਆਈ.ਡੀ.ਐੱਫ.ਸੀ. ਫ਼ਸਟ ਬੈਂਕ ਘੁਟਾਲਾ : ਹਰਿਆਣਾ ਦੇ ਸਰਕਾਰੀ ਅਧਿਕਾਰੀਆਂ ਦੀ ਮਿਲੀਭੁਗਤ ਨਸ਼ਰ

**ਸੀ.ਬੀ.ਆਈ. ਵੱਲੋਂ ਅਦਾਲਤ 'ਚ ਖੁਲਾਸਾ; ਬਿਨਾਂ ਮਨਜ਼ੂਰੀ ਖਾਤੇ ਖੋਲ੍ਹ ਕੇ ਸ਼ੈੱਲ ਕੰਪਨੀਆਂ ਨੂੰ ਭੇਜੇ**

**ਚੰਡੀਗੜ੍ਹ, (ਪੰਜਾਬ ਮੇਲ)-** ਆਈ.ਡੀ.ਐੱਫ.ਸੀ. ਫ਼ਸਟ ਬੈਂਕ ਅਤੇ ਏ.ਯੂ. ਸਮਾਲ ਫਾਈਨਾਂਸ ਬੈਂਕ ਨਾਲ ਸਬੰਧਿਤ 590 ਕਰੋੜ ਰੁਪਏ ਦੇ ਬਹੁ-ਕਰੋੜੀ ਘੁਟਾਲੇ 'ਚ ਕੇਂਦਰੀ ਜਾਂਚ ਏਜੰਸੀ (ਸੀ.ਬੀ.ਆਈ.) ਨੇ ਵਿਸ਼ੇਸ਼ ਅਦਾਲਤ ਵਿਚ ਅਹਿਮ ਜਾਣਕਾਰੀ ਸਾਂਝੀ ਕੀਤੀ। ਸੀ.ਬੀ.ਆਈ. ਨੇ ਦੱਸਿਆ ਕਿ ਮਾਮਲੇ ਵਿਚ ਫੜੇ ਗਏ ਮੁਲਜ਼ਮਾਂ ਨੇ ਹਰਿਆਣਾ ਸਰਕਾਰ ਦੇ ਅਧਿਕਾਰੀਆਂ ਦੀ ਮਿਲੀਭੁਗਤ ਦੇ ਖ਼ੁਲਾਸੇ ਕੀਤੇ ਹਨ। ਜਾਂਚ ਅਨੁਸਾਰ, ਇਹ ਅਧਿਕਾਰੀ ਬੈਂਕ ਖਾਤੇ ਖੁੱਲ੍ਹਵਾਉਣ ਤੋਂ ਲੈ ਕੇ ਸ਼ੈੱਲ ਕੰਪਨੀਆਂ ਨੂੰ ਕੀਤੇ ਗਏ ਗੈਰ-ਕਾਨੂੰਨੀ ਭੁਗਤਾਨਾਂ 'ਤੇ ਚੁੱਪੀ ਧਾਰਨ ਤੱਕ, ਹਰ ਕਦਮ 'ਤੇ ਸ਼ਾਮਲ ਸਨ।

ਸੀ.ਬੀ.ਆਈ. ਨੇ ਅਦਾਲਤ ਨੂੰ ਦੱਸਿਆ ਕਿ ਮੁਲਜ਼ਮਾਂ ਨੇ ਉਨ੍ਹਾਂ ਸਰਕਾਰੀ ਅਧਿਕਾਰੀਆਂ ਦੇ ਦਸਤਖਤਾਂ ਦੀ ਪਛਾਣ ਕਰ ਲਈ ਹੈ। ਜਾਂਚ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਕਈ ਸਰਕਾਰੀ ਵਿਭਾਗਾਂ ਦੇ ਖਾਤੇ ਬਿਨਾਂ ਕਿਸੇ ਉੱਚ ਅਧਿਕਾਰੀ ਦੀ ਪ੍ਰਵਾਨਗੀ ਜਾਂ ਨੋਟਿੰਗ ਦੇ ਖੁੱਲ੍ਹਵਾਏ ਗਏ ਸਨ। ਇਸ ਤੋਂ ਇਲਾਵਾ, ਫ਼ੰਡਾਂ ਨੂੰ ਬਿਨਾਂ ਕਿਸੇ ਸਮਰੱਥ ਅਥਾਰਿਟੀ ਦੀ ਇਜਾਜ਼ਤ ਦੇ ਬੈਂਕ ਖਾਤਿਆਂ ਵਿਚ ਜਮ੍ਹਾਂ ਕਰਵਾਇਆ ਗਿਆ ਸੀ। ਏਜੰਸੀ ਨੇ ਹਰਿਆਣਾ ਸਰਕਾਰ ਦੇ ਵਿਭਾਗਾਂ ਦੀਆਂ ਲਾਪ੍ਰਵਾਹੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਲੈਣ-ਦੇਣ ਕਰਨ ਅਤੇ ਬੈਂਕਾਂ ਵੱਲੋਂ ਦਿੱਤੇ ਗਏ ਦਸਤਾਵੇਜ਼ਾਂ (ਜਿਵੇਂ ਕਿ ਜਾਅਲੀ ਐੱਫ.ਡੀ.) ਦੀ ਪੜਤਾਲ ਕਰਨ ਵੇਲੇ ਲੋੜੀਂਦੀ ਸਾਵਧਾਨੀ ਨਹੀਂ ਵਰਤੀ ਗਈ। ਇਹ ਕਾਰਵਾਈ ਹਰਿਆਣਾ ਵਿੱਤ ਵਿਭਾਗ ਦੀਆਂ ਹਦਾਇਤਾਂ ਦੀ ਸਿੱਧੀ ਉਲੰਘਣਾ ਹੈ। ਜ਼ਿਕਰਯੋਗ ਹੈ ਕਿ ਇਸ ਘੁਟਾਲੇ ਦੇ ਸਬੰਧ 'ਚ ਹਰਿਆਣਾ ਸਰਕਾਰ ਹੁਣ ਤੱਕ ਦੋ ਆਈ.ਏ.ਐੱਸ. ਅਧਿਕਾਰੀਆਂ, ਆਰ.ਕੇ. ਸਿੰਘ ਅਤੇ ਪ੍ਰਦੀਪ ਕੁਮਾਰ ਨੂੰ ਮੁਅੱਤਲ ਕਰ ਚੁੱਕੀ ਹੈ, ਜਦਕਿ ਚਾਰ ਹੋਰਾਂ ਦੇ ਤਬਾਦਲੇ ਕੀਤੇ ਗਏ ਹਨ।




# ਕੈਨੇਡਾ 'ਚ ਨਵਾਂ ਇਮੀਗ੍ਰੇਸ਼ਨ ਕਾਨੂੰਨ 'ਬਿੱਲ ਸੀ-12' ਲਾਗੂ

- 30 ਹਜ਼ਾਰ ਲੋਕਾਂ 'ਤੇ ਦੇਸ਼ ਨਿਕਾਲੇ ਦੀ ਤਲਵਾਰ ਲਟਕੀ
- 9 ਹਜ਼ਾਰ ਪੰਜਾਬੀ ਵਿਦਿਆਰਥੀ ਵੀ ਸ਼ਾਮਲ

**ਟੋਰਾਂਟੋ, (ਪੰਜਾਬ ਮੇਲ)**- ਕੈਨੇਡਾ 'ਚ ਨਵਾਂ ਇਮੀਗ੍ਰੇਸ਼ਨ ਕਾਨੂੰਨ, 'ਬਿੱਲ ਸੀ-12' ਲਾਗੂ ਹੋਣ ਤੋਂ ਬਾਅਦ 30,000 ਪਰਵਾਸੀਆਂ 'ਤੇ ਮੁਲਕ ਵਿੱਚੋਂ ਕੱਢੇ ਜਾਣ ਦੀ ਤਲਵਾਰ ਲਟਕ ਗਈ ਹੈ, ਜਿਨ੍ਹਾਂ ਵਿਚ ਲਗਪਗ 9,000 ਪੰਜਾਬੀ ਕੌਮਾਂਤਰੀ ਵਿਦਿਆਰਥੀ ਅਤੇ ਸ਼ਰਣ ਮੰਗਣ ਵਾਲੇ ਵੀ ਸ਼ਾਮਲ ਹਨ। ਇਨ੍ਹਾਂ ਸਾਰਿਆਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ, ਜਿਸ ਕਾਰਨ ਹੁਣ ਉਨ੍ਹਾਂ 'ਤੇ ਡਿਪੋਰਟ ਹੋਣ ਦਾ ਖ਼ਤਰਾ ਬਣਿਆ ਹੋਇਆ ਹੈ।

ਕੈਨੇਡਾ ਦੇ ਨਵੇਂ ਕਾਨੂੰਨ 'ਸਟਰੈਂਥਨਿੰਗ ਕੈਨੇਡਾ ਇਮੀਗ੍ਰੇਸ਼ਨ ਸਿਸਟਮ ਐਂਡ ਬਾਰਡਰਜ਼ ਐਕਟ' ਨੂੰ 26 ਮਾਰਚ ਨੂੰ ਸ਼ਾਹੀ ਮਨਜ਼ੂਰੀ ਮਿਲ ਗਈ ਹੈ, ਜਿਸ ਨੇ ਸ਼ਰਣ ਲੈਣ ਦੇ ਨਿਯਮ ਬਹੁਤ ਸਖ਼ਤ ਕਰ ਦਿੱਤੇ ਹਨ। ਹੁਣ ਜੇਕਰ ਕੋਈ ਵਿਅਕਤੀ ਕੈਨੇਡਾ ਆਉਣ ਦੇ ਇੱਕ ਸਾਲ ਬਾਅਦ ਸ਼ਰਣ ਲਈ ਅਰਜ਼ੀ ਦਿੰਦਾ ਹੈ, ਤਾਂ ਉਹ ਇਮੀਗ੍ਰੇਸ਼ਨ ਅਤੇ ਰਿਫਿਊਜੀ ਬੋਰਡ (ਆਈ.ਆਰ.ਬੀ.) ਵਿਚ ਪੂਰੀ ਸੁਣਵਾਈ ਲਈ ਅਯੋਗ ਮੰਨਿਆ ਜਾਵੇਗਾ। ਇਹ ਨਿਯਮ 24 ਜੂਨ, 2020 ਤੋਂ ਬਾਅਦ ਕੈਨੇਡਾ ਆਏ ਲੋਕਾਂ 'ਤੇ ਪਿਛਲੀ ਤਰੀਕ ਤੋਂ ਹੀ ਲਾਗੂ ਹੋ ਗਿਆ ਹੈ।

ਰਿਪੋਰਟ ਮੁਤਾਬਕ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ (ਆਈ.ਆਰ.ਸੀ.ਸੀ.) ਨੇ ਕਰੀਬ 30,000 ਸ਼ਰਣ ਮੰਗਣ ਵਾਲਿਆਂ ਨੂੰ 'ਪ੍ਰੋਸੀਜ਼ਰਲ ਫੇਅਰਨੈੱਸ ਨੋਟਿਸ' ਭੇਜਣੇ ਸ਼ੁਰੂ ਕਰ ਦਿੱਤੇ ਹਨ, ਜਿਸ ਵਿਚ ਉਨ੍ਹਾਂ ਨੂੰ ਸੂਚਿਤ ਕੀਤਾ ਗਿਆ ਹੈ ਕਿ ਉਨ੍ਹਾਂ ਦੇ ਦਾਅਵੇ ਹੁਣ ਨਿਯਮਾਂ 'ਤੇ ਪੂਰੇ ਨਹੀਂ ਉਤਰਦੇ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਚਿੱਠੀਆਂ ਵਿਚ ਲੋਕਾਂ ਨੂੰ ਸਵੈ-ਇੱਛਾ ਨਾਲ ਕੈਨੇਡਾ ਛੱਡਣ ਲਈ ਕਿਹਾ ਗਿਆ ਹੈ, ਨਹੀਂ ਤਾਂ ਉਨ੍ਹਾਂ ਨੂੰ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ।

ਰਿਪੋਰਟ ਮੁਤਾਬਕ, ਇਨ੍ਹਾਂ ਨੋਟਿਸਾਂ ਕਾਰਨ ਪ੍ਰਭਾਵਿਤ ਲੋਕਾਂ ਵਿਚ ਭਾਰੀ ਡਰ ਦਾ ਮਾਹੌਲ ਹੈ। ਇਨ੍ਹਾਂ ਵਿਚ ਬਹੁਤ ਵੱਡੀ ਗਿਣਤੀ ਉਨ੍ਹਾਂ ਪੰਜਾਬੀਆਂ ਦੀ ਹੈ, ਜੋ ਪੜ੍ਹਾਈ ਕਰਨ ਲਈ ਸਟੱਡੀ ਪਰਮਿਟ 'ਤੇ ਕੈਨੇਡਾ ਆਏ ਸਨ। ਵੀਜ਼ਾ ਖ਼ਤਮ ਹੋਣ ਜਾਂ ਪੜ੍ਹਾਈ ਤੋਂ ਬਾਅਦ ਕੰਮ ਦੇ ਮੌਕੇ ਨਾ ਮਿਲਣ ਕਾਰਨ ਉਨ੍ਹਾਂ ਨੇ ਉੱਥੇ ਰਹਿਣ ਲਈ ਸ਼ਰਣ (ਅਸਾਇਲਮ) ਦੀ ਮੰਗ ਕੀਤੀ ਸੀ।

ਇਮੀਗ੍ਰੇਸ਼ਨ ਮੰਤਰੀ ਦੇ ਇੱਕ ਬੁਲਾਰੇ ਨੇ ਮੀਡੀਆ ਨੂੰ ਜਾਣਕਾਰੀ ਦਿੱਤੀ ਹੈ ਕਿ ਸਰਕਾਰ ਹੁਣ ਨਵਾਂ ਕਾਨੂੰਨ ਲਾਗੂ ਕਰ ਰਹੀ ਹੈ। ਬੁਲਾਰੇ ਮੁਤਾਬਕ, ਬਿੱਲ ਸੀ-12 ਦੇ ਕਾਨੂੰਨ ਬਣਨ ਤੋਂ ਬਾਅਦ ਹੁਣ ਉਨ੍ਹਾਂ ਸਾਰੇ ਲੋਕਾਂ ਨੂੰ 'ਪ੍ਰੋਸੀਜ਼ਰਲ ਫੇਅਰਨੈੱਸ ਲੈਟਰ' (ਸੂਚਨਾ ਪੱਤਰ) ਭੇਜੇ ਜਾ ਰਹੇ ਹਨ, ਜਿਨ੍ਹਾਂ ਦੀਆਂ ਅਰਜ਼ੀਆਂ ਇਸ ਨਵੇਂ ਕਾਨੂੰਨ ਦੇ ਘੇਰੇ ਵਿਚ ਆਉਂਦੀਆਂ ਹਨ।

ਜ਼ਿਆਦਾਤਰ ਪੰਜਾਬੀ ਦਾਅਵੇਦਾਰ ਉਹ ਸਾਬਕਾ ਕੌਮਾਂਤਰੀ ਵਿਦਿਆਰਥੀ ਹਨ, ਜਿਨ੍ਹਾਂ ਨੇ ਕੈਨੇਡਾ ਵਿਚ ਇੱਕ ਸਾਲ ਤੋਂ ਵੱਧ ਸਮਾਂ ਰਹਿਣ ਤੋਂ ਬਾਅਦ ਸ਼ਰਣ ਲਈ ਅਰਜ਼ੀ ਦਿੱਤੀ ਸੀ। ਸਟੱਡੀ ਪਰਮਿਟ ਦੇ ਨਿਯਮ ਸਖ਼ਤ ਹੋਣ ਅਤੇ ਪੱਕੇ ਹੋਣ (ਪੀ.ਆਰ.) ਦੇ ਮੌਕੇ ਘਟਣ ਕਰਕੇ, ਬਹੁਤ ਸਾਰੇ ਨੌਜਵਾਨਾਂ ਨੇ ਉੱਥੇ ਰਹਿਣ ਦਾ ਸਮਾਂ ਵਧਾਉਣ ਲਈ ਸ਼ਰਣ ਲੈਣ ਦਾ ਰਾਹ ਅਪਣਾਇਆ ਸੀ।

ਨਵੇਂ ਨਿਯਮਾਂ ਅਨੁਸਾਰ, ਅਯੋਗ ਕਰਾਰ ਦਿੱਤੇ ਗਏ ਲੋਕਾਂ ਨੂੰ ਹੁਣ ਰਿਫਿਊਜੀ ਕੇਸ ਦੀ ਪੂਰੀ ਸੁਣਵਾਈ ਦਾ ਮੌਕਾ ਨਹੀਂ ਮਿਲੇਗਾ, ਸਗੋਂ ਸਿਰਫ 'ਪ੍ਰੀ-ਰਿਮੂਵਲ ਰਿਸਕ ਅਸੈਸਮੈਂਟ' (ਪੀ.ਆਰ.ਆਰ.ਏ.) ਦੀ ਸਹੂਲਤ ਹੀ ਦਿੱਤੀ ਜਾਵੇਗੀ।

## ਅਮਰੀਕਾ 'ਚ ਟ੍ਰੇਨਿੰਗ ਲਈ ACC ਨੇ ਭਾਰਤੀ ਕਾਰਡੀਓਲੋਜਿਸਟਸ ਕੋਲੋਂ ਮੰਗੀਆਂ ਅਰਜ਼ੀਆਂ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਨ ਕਾਲਜ ਆਫ ਕਾਰਡੀਓਲੋਜੀ (ACC) ਵੱਲੋਂ ਭਾਰਤ ਦੇ ਨੌਜਵਾਨ ਕਾਰਡੀਓਲੋਜਿਸਟਸ ਲਈ 'ਕਲੀਵਲੈਂਡ ਕਲੀਨਿਕ ਗਲੋਬਲ ਸਕਾਲਰ ਅਵਾਰਡ' ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਵਿਸ਼ੇਸ਼ ਅਵਾਰਡ ਉਨ੍ਹਾਂ ਕਾਰਡੀਓਲੋਜਿਸਟਸ ਲਈ ਹੈ, ਜੋ ਆਪਣੇ ਕਰੀਅਰ ਦੇ ਸ਼ੁਰੂਆਤੀ ਪੜਾਅ 'ਤੇ ਹਨ ਅਤੇ ਅਮਰੀਕਾ ਦੇ ਮਸ਼ਹੂਰ ਕਲੀਵਲੈਂਡ ਕਲੀਨਿਕ ਵਿਚ ਉੱਨਤ ਕਲੀਨਿਕਲ ਤਜਰਬਾ ਹਾਸਲ ਕਰਨਾ ਚਾਹੁੰਦੇ ਹਨ। ਇਹ ਪ੍ਰੋਗਰਾਮ ਅਪ੍ਰੈਲ 2027 ਵਿਚ ਆਯੋਜਿਤ ਕੀਤਾ ਜਾਵੇਗਾ। ਚੁਣੇ ਗਏ ਡਾਕਟਰ 1 ਹਫ਼ਤਾ ਹਿਊਸਟਨ ਵਿਚ ACC ਦੇ ਸਾਲਾਨਾ ਵਿਗਿਆਨਕ ਸੈਸ਼ਨ ਵਿਚ ਹਿੱਸਾ ਲੈਣਗੇ ਅਤੇ 3 ਤੋਂ 4 ਹਫ਼ਤੇ ਕਲੀਵਲੈਂਡ ਕਲੀਨਿਕ ਵਿਚ ਬਿਤਾਉਣਗੇ। ਡਾਕਟਰਾਂ ਨੂੰ ਅਮਰੀਕੀ ਮਾਹਿਰਾਂ ਨਾਲ ਕੰਮ ਕਰਨ, ਸਰਜਰੀਆਂ ਦੇਖਣ, ਪੇਸ਼ੈਂਟ ਰਾਊਂਡ ਵਿਚ ਸ਼ਾਮਲ ਹੋਣ ਅਤੇ ਅਧਿਆਪਨ ਕਾਨਫਰੰਸਾਂ ਵਿਚ ਹਿੱਸਾ ਲੈਣ ਦਾ ਮੌਕਾ ਮਿਲੇਗਾ। ਹਵਾਈ ਸਫ਼ਰ, ਰਹਿਣ-ਸਹਿਣ ਅਤੇ ਮੀਟਿੰਗ ਰਜਿਸਟ੍ਰੇਸ਼ਨ ਦਾ ਖਰਚਾ ACC ਵੱਲੋਂ ਚੁੱਕਿਆ ਜਾਵੇਗਾ।

## ਹੁਣ ਕੈਨੇਡਾ 'ਚ ਪੰਜਾਬੀ ਗੈਂਗਸਟਰਾਂ ਦੇ ਨਿਸ਼ਾਨੇ 'ਤੇ ਕ੍ਰਿਕਟ ਮੈਚ ਫਿਕਸਿੰਗ

**ਵੈਨਕੂਵਰ, (ਪੰਜਾਬ ਮੇਲ)**- ਕਬੱਡੀ 'ਚ ਕਥਿਤ ਡੂੰਘੀ ਸ਼ਮੂਲੀਅਤ ਤੋਂ ਬਾਅਦ, ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਗੈਂਗਸਟਰਾਂ ਨੇ ਹੁਣ ਆਪਣਾ ਧਿਆਨ ਕ੍ਰਿਕਟ ਵੱਲ ਮੋੜ ਲਿਆ ਹੈ। ਸੀ.ਬੀ.ਸੀ. ਦੇ 'ਦਿ ਫਿਫਥ ਸਟੇਟ' ਦੀ ਇੱਕ ਵੱਡੀ ਜਾਂਚ ਅਨੁਸਾਰ ਕੈਨੇਡੀਅਨ ਕ੍ਰਿਕਟ ਵਿਚ ਧਮਕੀਆਂ ਡਰਾਉਣ-ਧਮਕਾਉਣ ਅਤੇ ਮੈਚ ਫਿਕਸਿੰਗ ਦੇ ਗੰਭੀਰ ਦੋਸ਼ ਸਾਹਮਣੇ ਆਏ ਹਨ।

ਕੈਨੇਡੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਦੀ ਡਾਕੂਮੈਂਟਰੀ "ਕੁਰੱਪਸ਼ਨ, ਕ੍ਰਾਈਮ ਐਂਡ ਕ੍ਰਿਕਟ ਕੈਨੈਡਾ' ਨੇ ਖੁਲਾਸਾ ਕੀਤਾ ਹੈ ਕਿ ਕਿਵੇਂ ਬਿਸ਼ਨੋਈ ਗੈਂਗ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਵਾਲੇ ਵਿਅਕਤੀਆਂ ਨੇ ਜੁਲਾਈ 2025 ਵਿਚ ਸਰੀ, ਬ੍ਰਿਟਿਸ਼ ਕੋਲੰਬੀਆ ਵਿਚ ਰਾਸ਼ਟਰੀ ਟੀਮ ਦੇ ਖਿਡਾਰੀਆਂ ਨੂੰ ਕਥਿਤ ਤੌਰ 'ਤੇ ਧਮਕਾਇਆ ਸੀ। ਇਹ ਧਮਕੀਆਂ ਭਾਰਤੀ ਮੂਲ ਦੇ ਖਿਡਾਰੀ ਦਿਲਪ੍ਰੀਤ ਸਿੰਘ ਬਾਜਵਾ ਨੂੰ ਕਪਤਾਨ ਵਜੋਂ ਤੇਜ਼ੀ ਨਾਲ ਉਭਾਰਨ ਲਈ ਸਮਰਥਨ ਹਾਸਲ ਕਰਨ ਵਾਸਤੇ ਦਿੱਤੀਆਂ ਗਈਆਂ ਸਨ।

ਦਿਲਪ੍ਰੀਤ ਬਾਜਵਾ, ਜੋ ਮੂਲ ਰੂਪ ਵਿਚ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਬਟਾਲਾ ਦਾ ਰਹਿਣ ਵਾਲਾ ਹੈ ਅਤੇ ਡੀ.ਏ.ਵੀ. ਸੈਂਟੇਨਰੀ ਸਕੂਲ ਦਾ ਸਾਬਕਾ ਵਿਦਿਆਰਥੀ ਹੈ, 2020 ਵਿਚ ਕੈਨੇਡਾ ਗਿਆ ਸੀ। ਉਸ ਨੂੰ 2026 ਦੇ ਟੀ-20 ਵਿਸ਼ਵ ਕੱਪ ਤੋਂ ਕੁਝ ਹਫ਼ਤੇ ਪਹਿਲਾਂ ਕਪਤਾਨ ਨਿਯੁਕਤ ਕੀਤਾ ਗਿਆ ਸੀ, ਜਿਸ ਫੈਸਲੇ ਨੇ ਚੋਣਕਾਰਾਂ, ਕੋਚ ਅਤੇ ਸੀਨੀਅਰ ਖਿਡਾਰੀਆਂ ਨੂੰ ਹੈਰਾਨ ਕਰ ਦਿੱਤਾ ਸੀ।

ਰਿਪੋਰਟ ਅਤੇ ਵਿਸ਼ਵਵਿਆਪੀ ਨਿਊਜ਼ ਆਊਟਲੇਟਸ ਨੇ ਹਾਈਲਾਈਟ ਕੀਤਾ ਹੈ ਕਿ ਅੰਤਰਰਾਸ਼ਟਰੀ ਕ੍ਰਿਕਟ ਕੌਂਸਲ (ਆਈ.ਸੀ.ਸੀ.) ਦੀ ਭ੍ਰਿਸ਼ਟਾਚਾਰ ਵਿਰੋਧੀ ਇਕਾਈ ਟੀ-20 ਵਿਸ਼ਵ ਕੱਪ ਦੌਰਾਨ ਚੇਨੱਈ ਵਿਚ ਨਿਊਜ਼ੀਲੈਂਡ ਵਿਰੁੱਧ ਸੁੱਟੇ ਗਏ ਇੱਕ ਸ਼ੱਕੀ ਓਵਰ ਲਈ ਬਾਜਵਾ ਦੀ ਜਾਂਚ ਕਰ ਰਹੀ ਹੈ। ਇਸ ਓਵਰ ਵਿਚ ਉਸ ਨੇ ਇੱਕ ਨੋ-ਬਾਲ, ਇੱਕ ਵਾਈਡ ਸੁੱਟੀ ਅਤੇ 15 ਦੌੜਾਂ ਦਿੱਤੀਆਂ। ਆਈ.ਸੀ.ਸੀ. ਵੱਲੋਂ ਬਾਜਵਾ ਤੋਂ ਪੁੱਛਗਿੱਛ ਕੀਤੀ ਗਈ ਅਤੇ ਰਿਪੋਰਟਾਂ ਅਨੁਸਾਰ ਉਸਦਾ ਫੋਨ ਵੀ ਤਲਾਸ਼ਿਆ ਗਿਆ।

ਡੇਲਟਾ, ਬੀ.ਸੀ. ਵਿਚ ਕੈਨੇਡੀਅਨ ਪੁਲਿਸ ਅਤੇ ਆਰ.ਸੀ.ਐੱਮ.ਪੀ. ਇਸ ਘੁਟਾਲੇ ਨਾਲ ਜੁੜੇ ਘਰਾਂ 'ਤੇ ਗੋਲੀਬਾਰੀ, ਜਾਨੋਂ ਮਾਰਨ ਦੀਆਂ ਧਮਕੀਆਂ ਅਤੇ ਦਖਲਅੰਦਾਜ਼ੀ ਦੇ ਦੋਸ਼ਾਂ ਦੀ ਜਾਂਚ ਕਰ ਰਹੇ ਹਨ। ਡਾਕੂਮੈਂਟਰੀ ਵਿਚ ਸੂਤਰਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਡਰਾਉਣ-ਧਮਕਾਉਣ ਦਾ ਮੁੱਖ ਉਦੇਸ਼ ਬਾਜਵਾ ਅਤੇ ਇੱਕ ਹੋਰ ਖਿਡਾਰੀ ਦੇ ਅਹੁਦੇ ਦੀ ਰੱਖਿਆ ਕਰਨਾ ਸੀ।



# ਰੈਸਟੋਰੈਂਟ ਵਿਚੋਂ ਚੋਰੀ ਦੇ ਦੋਸ਼ਾਂ ਤਹਿਤ ਭਾਰਤੀ ਗ੍ਰਿਫਤਾਰ


ਕ੍ਰਿਸ ਕੁਮਾਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਟਿਟੂਸਵਿਲੇ, ਫਲੋਰਿਡਾ 'ਚ ਇੱਕ ਬਰਗਰ ਕਿੰਗ ਆਊਟਲੈੱਟ ਦੇ ਸਾਬਕਾ ਭਾਰਤੀ ਮੈਨੇਜਰ ਨੂੰ ਚੋਰੀ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਉਸ ਉਪਰ ਬਰਖਾਸਤਗੀ ਤੋਂ ਬਾਅਦ ਰੈਸਟੋਰੈਂਟ ਦੀ ਸੇਫ ਵਿਚੋਂ 3500 ਡਾਲਰ ਚੋਰੀ ਕਰਨ ਦੇ ਦੋਸ਼ ਲਾਏ ਗਏ ਹਨ। ਸਟੋਰ ਮੈਨੇਜਰ ਵੱਲੋਂ ਨਕਦੀ ਗੁੰਮ ਹੋ ਜਾਣ ਦੀ ਸ਼ਿਕਾਇਤ ਉਪਰੰਤ ਮਾਮਲੇ ਦੀ ਜਾਂਚ ਕੀਤੀ ਗਈ। ਮੈਨੇਜਰ ਨੇ ਜਾਂਚਕਾਰਾਂ ਨੂੰ ਦੱਸਿਆ ਕਿ ਇਕ ਹੀ ਵਿਅਕਤੀ ਹੈ, ਜਿਸ ਨੂੰ ਸਕਿਉਰਿਟੀ ਕੋਡ ਦਾ ਪਤਾ ਸੀ। ਜਾਂਚਕਾਰਾਂ ਅਨੁਸਾਰ ਇਹ ਵਿਅਕਤੀ ਹੋਰ ਕੋਈ ਨਹੀਂ, ਬਲਕਿ ਸਾਬਕਾ ਮੈਨੇਜਰ ਕ੍ਰਿਸ ਕੁਮਾਰ ਹੀ ਸੀ, ਜਿਸ ਨੂੰ ਗੈਰ ਹਾਜ਼ਰ ਰਹਿਣ ਕਾਰਨ ਨੌਕਰੀ ਤੋਂ ਹਟਾ ਦਿੱਤਾ ਗਿਆ ਸੀ। ਡੁਪਲੀਕੇਟ ਚਾਬੀ ਜੋ ਉਸ ਨੇ ਆਪਣੀ ਨੌਕਰੀ ਦੌਰਾਨ ਹੀ ਬਣਾ ਲਈ ਸੀ, ਨਾਲ ਰੈਸਟੋਰੈਂਟ ਖੋਲ੍ਹਿਆ 'ਤੇ ਚੋਰੀ ਦੀ ਘਟਨਾ ਨੂੰ ਅੰਜਾਮ ਦਿੱਤਾ।

# ਰੈਕਸ ਹੂਰਮਾਨ ਨੇ 8 ਔਰਤਾਂ ਦੀਆਂ ਹੱਤਿਆਵਾਂ ਕਰਨ ਦੇ ਦੋਸ਼ਾਂ ਨੂੰ ਕਬੂਲਿਆ




**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਗਿਲਗੋ ਬੀਚ ਸੀਰੀਅਲ ਕਾਤਲ ਰੈਕਸ ਹੂਰਮਾਨ ਨੇ ਅਦਾਲਤ ਵਿਚ ਮੰਨਿਆ ਕਿ ਉਸ ਨੇ 2 ਦਹਾਕਿਆਂ ਦੇ ਸਮੇ ਦੌਰਾਨ 8 ਔਰਤਾਂ ਦੀਆਂ ਹੱਤਿਆਵਾਂ ਕੀਤੀਆਂ ਹਨ। ਉਸ ਨੇ ਇਹ ਹੱਤਿਆਵਾਂ 1993 ਤੋਂ 2010 ਦਰਮਿਆਨ ਕੀਤੀਆਂ। ਉਸ ਨੂੰ ਜੂਨ ਵਿਚ ਸਜ਼ਾ ਸੁਣਾਈ ਜਾਵੇਗੀ। ਪਹਿਲਾਂ ਉਹ ਅਦਾਲਤ ਵਿਚ ਮੁਕਰ ਗਿਆ ਸੀ ਤੇ ਉਸ ਨੇ ਕਿਹਾ ਸੀ ਕਿ ਉਹ 7 ਔਰਤਾਂ ਦਾ ਕਾਤਲ ਨਹੀਂ ਹੈ ਪਰੰਤੂ ਬੀਤੇ ਦਿਨੀਂ ਦਾਇਰ ਨਵੀਂ ਦਰਖਾਸਤ ਵਿਚ ਉਸ ਨੇ ਮੰਨਿਆ ਕਿ 7 ਨਹੀਂ, ਬਲਕਿ 8 ਔਰਤਾਂ ਦੀ ਹੱਤਿਆ ਕੀਤੀ ਹੈ। ਹੂਰਮਾਨ ਦੀ ਸਾਬਕਾ ਪਤਨੀ ਐਸਾ ਏਲਰੁਪ ਨੇ ਆਪਣੀ ਨਵੀਂ ਦਸਤਾਵੇਜ਼ੀ ਫਿਲਮ ਵਿਚ ਖੁਲਾਸਾ ਕੀਤਾ ਹੈ ਕਿ ਹੂਰਮਾਨ ਨੇ 7 ਔਰਤਾਂ ਦੀਆਂ ਹੱਤਿਆਵਾਂ ਆਪਣੇ ਘਰ ਵਿਚ ਹੀ ਕੀਤੀਆਂ ਹਨ। ਵਿਆਹੁਤਾ ਜੀਵਨ ਵਿਚ 27 ਸਾਲ ਹੂਰਮਾਨ ਨਾਲ ਰਹੀ ਏਲਰੁਪ ਅਨੁਸਾਰ ਉਹ ਘਟਨਾਵਾਂ ਨੂੰ ਉਸ ਸਮੇ ਅੰਜਾਮ ਦਿੰਦਾ ਰਿਹਾ, ਜਦੋਂ ਉਹ ਕਿਤੇ ਗਈ ਹੁੰਦੀ ਸੀ। ਏਲਰੁਪ ਨੇ 2023 ਵਿਚ ਹੂਰਮਾਨ ਦੀ ਗ੍ਰਿਫਤਾਰੀ ਉਪਰੰਤ ਉਸ ਨੂੰ ਤਲਾਕ ਦੇ ਦਿੱਤਾ ਸੀ। ਏਲਰੁਪ ਅਨੁਸਾਰ ਹੂਰਮਾਨ ਨੇ ਉਸ ਕੋਲ ਔਰਤਾਂ ਨੂੰ ਮਾਰਨ ਦੀ ਗੱਲ ਮੰਨੀ ਸੀ। ਏਲਰੁਪ ਅਨੁਸਾਰ ਉਸ ਸਮੇਂ ਉਹ ਬਹੁਤ ਪ੍ਰੇਸ਼ਾਨ ਨਜ਼ਰ ਆ ਰਿਹਾ ਸੀ। ਜਿਨ੍ਹਾਂ ਔਰਤਾਂ ਦੀਆਂ ਉਸ ਨੇ ਹੱਤਿਆਵਾਂ ਕੀਤੀਆਂ, ਉਨ੍ਹਾਂ ਵਿਚ ਮੇਗਨ ਵਾਟਰਮੈਨ (22), ਮੇਲੀਸਾ ਬਰਥੇਲੇਮੀ (24), ਅੰਬਰ ਕੋਸਟੇਲੋ (27), ਮੌਰੀਨ ਬਰੇਨਰਡ-ਬਰਨਸ (25), ਜੈਸਿਕਾ ਟੇਲਰ (20), ਸਾਂਡਰਾ ਕੋਲਟਿਲਾ (28), ਵੇਲਰੀ ਮੈਕ (24) ਤੇ ਕੇਰਨ ਵਰਗਟਾ (34) ਸ਼ਾਮਲ ਹਨ। ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਔਰਤਾਂ ਸੈਕਸ ਵਰਕਰ ਸਨ।

# ਅਮਰੀਕਾ 'ਚ ਪੰਜਾਬੀ ਡਰਾਈਵਰ 9 ਮਿਲੀਅਨ ਡਾਲਰ ਦੀ ਕੋਕੀਨ ਸਮੇਤ ਗ੍ਰਿਫ਼ਤਾਰ





**ਪੁਟਨਮ ਕਾਊਂਟੀ, (ਪੰਜਾਬ ਮੇਲ)**- ਅਮਰੀਕਾ ਦੀ ਇੰਡੀਆਨਾ ਸਟੇਟ ਪੁਲਿਸ ਨੇ ਪੁਟਨਮ ਕਾਊਂਟੀ ਖੇਤਰ ਵਿਚ ਵੱਡੀ ਕਾਰਵਾਈ ਕਰਦਿਆਂ ਲਗਭਗ 9 ਮਿਲੀਅਨ ਡਾਲਰ ਦੀ ਕੋਕੀਨ ਬਰਾਮਦ ਕੀਤੀ ਹੈ। ਜਾਣਕਾਰੀ ਅਨੁਸਾਰ ਪੁਟਨਮ ਕਾਊਂਟੀ ਦੇ ਕਲੋਵਰਡੇਲ ਨੇੜੇ ਆਈ-70 'ਤੇ ਇਕ ਟਰੂਪਰ ਨੇ ਤੇਜ਼ ਰਫ਼ਤਾਰ ਕਾਰਨ ਇਕ ਟਰੱਕ ਡਰਾਈਵਰ ਨੂੰ ਰੋਕਿਆ ਸੀ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਉਸ ਨੇ ਟਰੱਕ ਡਰਾਈਵਰ ਦੀਆਂ ਗਤੀਵਿਧੀਆਂ ਵਿਚ ਕਈ ਅਜਿਹੇ ਸੰਕੇਤ ਦੇਖੇ ਜੋ ਸ਼ੱਕੀ ਸਨ। 27 ਸਾਲਾ ਡਰਾਈਵਰ ਹਰਮਨਦੀਪ ਸਿੰਘ ਨੇ ਆਪਣੇ ਵਾਹਨ ਦੀ ਤਲਾਸ਼ੀ ਲੈਣ ਦੀ ਸਹਿਮਤੀ ਦਿੱਤੀ। ਜਾਂਚ ਦੌਰਾਨ ਟਰੱਕ ਦੇ ਅੰਦਰੋਂ ਕਈ ਡਫਲ ਬੈਗ ਅਤੇ ਗੱਤੇ ਦੇ ਡੱਬੇ ਮਿਲੇ, ਜਿਨ੍ਹਾਂ ਵਿਚ ਲਗਭਗ 178 ਕਿਲੋਗ੍ਰਾਮ ਕੋਕੀਨ ਮੌਜੂਦ ਸੀ।

ਹਰਮਨਦੀਪ ਸਿੰਘ ਕੈਲੀਫੋਰਨੀਆ ਦੇ ਬੇਕਰਸਫੀਲਡ ਦਾ ਰਹਿਣ ਵਾਲਾ ਦੱਸਿਆ ਜਾ ਰਿਹਾ ਹੈ। ਫਿਲਹਾਲ ਉਹ ਪੁਟਨਮ ਕਾਊਂਟੀ ਜੇਲ ਵਿਚ ਬੰਦ ਹੈ ਅਤੇ ਪੁਲਿਸ ਵੱਲੋਂ ਮਾਮਲੇ ਦੀ ਅਗਲੀ ਜਾਂਚ ਕੀਤੀ ਜਾ ਰਹੀ ਹੈ।

# ਡੈਮੋਕ੍ਰੇਟਸ ਵੱਲੋਂ ਰਾਸ਼ਟਰਪਤੀ ਖਿਲਾਫ 25ਵੀਂ ਸੋਧ ਦੀ ਵਰਤੋਂ ਕਰਨ ਲਈ ਬਿੱਲ ਪੇਸ਼

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਡੈਮੋਕ੍ਰੇਟਸ ਕਾਂਗਰਸ ਮੈਂਬਰਾਂ ਨੇ ਰਾਸ਼ਟਰਪਤੀ ਡੋਨਲਡ ਟਰੰਪ ਵਿਰੁੱਧ 25ਵੀਂ ਸੋਧ ਦੀ ਵਰਤੋਂ ਲਈ ਇੱਕ ਬਿੱਲ ਪੇਸ਼ ਕੀਤਾ ਹੈ, ਜਿਸ ਤਹਿਤ ਇਕ ਕਮਿਸ਼ਨ ਬਣਾਉਣ ਦੀ ਵਿਵਸਥਾ ਹੈ, ਜੋ ਕਮਿਸ਼ਨ ਇਹ ਤੈਅ ਕਰੇਗਾ ਕਿ ਟਰੰਪ ਦਫਤਰ ਚਲਾਉਣ ਦੇ ਸਮਰੱਥ ਹੈ ਜਾਂ ਨਹੀਂ। ਹਾਊਸ ਜੁਡੀਸ਼ਰੀ ਕਮੇਟੀ ਦੇ ਸੀਨੀਅਰ ਮੈਂਬਰ ਜੈਮੀ ਰਸਕਿਨ ਜਿਨ੍ਹਾਂ ਦਾ 50 ਹੋਰ ਡੈਮੋਕਰੈਟਸ ਮੈਂਬਰਾਂ ਨੇ ਸਮਰਥਨ ਕੀਤਾ, ਵੱਲੋਂ ਪੇਸ਼ ਬਿੱਲ ਤਹਿਤ 17 ਮੈਂਬਰੀ ਪੈਨਲ ਬਣਾਉਣ ਦੀ ਤਜਵੀਜ਼ ਹੈ, ਜਿਸ ਨੂੰ 25ਵੀਂ ਸੋਧ ਦੇ ਸੈਕਸ਼ਨ 4 ਤਹਿਤ ਰਾਸ਼ਟਰਪਤੀ ਦੀ ਯੋਗਤਾ ਬਾਰੇ ਜਾਂਚ ਕਰਨ ਦਾ ਅਧਿਕਾਰ ਹੋਵੇਗਾ। ਹਾਲਾਂਕਿ ਰਿਪਬਲੀਕਨਾਂ ਦੇ ਨਿਯੰਤਰਣ ਵਾਲੀ ਕਾਂਗਰਸ ਵਿਚ ਇਸ ਤਜਵੀਜ਼ ਦਾ ਵਿਰੋਧ ਹੋਣਾ ਤੈਅ ਹੈ। ਰਸਕਿਨ ਨੇ ਜਾਰੀ ਇਕ ਪ੍ਰੈੱਸ ਬਿਆਨ ਵਿਚ ਕਿਹਾ ਹੈ ਕਿ 'ਅਸੀਂ ਇਕ ਵੱਡੇ ਸੰਕਟ ਦਾ ਸਾਹਮਣਾ ਕਰ ਰਹੇ ਹਾਂ, ਕਾਂਗਰਸ ਲਈ ਇਹ ਸਮਾਂ ਹੈ ਕਿ ਉਹ 25ਵੀਂ ਸੋਧ ਤਹਿਤ ਅਮਰੀਕੀ ਆਵਾਮ ਨੂੰ ਵਿਸਫੋਟਕ ਤੇ ਅਸਥਿਰ ਹਾਲਾਤ ਤੋਂ ਬਚਾਉਣ ਲਈ ਆਪਣੀ ਜ਼ਿੰਮੇਵਾਰੀ ਨਿਭਾਵੇ।"

# ਟਰੰਪ ਪ੍ਰਸ਼ਾਸਨ ਵੱਲੋਂ ਹੁਣ ਬੈਂਕਿੰਗ ਸਿਸਟਮ 'ਚ ਵੱਡੇ ਬਦਲਾਅ ਦੀ ਤਿਆਰੀ ! ਸਖ਼ਤ ਨਿਰਦੇਸ਼ ਜਾਰੀ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ 'ਚ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਰਕਾਰ ਵੱਲੋਂ ਇਮੀਗ੍ਰੇਸ਼ਨ ਨੀਤੀਆਂ ਨੂੰ ਸਖ਼ਤ ਕਰਦਿਆਂ ਹੁਣ ਬੈਂਕਿੰਗ ਸਿਸਟਮ 'ਚ ਵੱਡੇ ਬਦਲਾਅ ਦੀ ਤਿਆਰੀ ਕੀਤੀ ਜਾ ਰਹੀ ਹੈ। ਅਮਰੀਕੀ ਵਿੱਤ ਮੰਤਰੀ ਸਕਾਟ ਬੇਸੈਂਟ ਨੇ ਬੈਂਕਾਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਆਪਣੇ ਗਾਹਕਾਂ ਦਾ ਨਾਗਰਿਕਤਾ ਦਾ ਡੇਟਾ (ਸਿਟੀਜ਼ਨਸ਼ਿਪ ਡੇਟਾ) ਇਕੱਠਾ ਕਰਨ ਲਈ ਤਿਆਰ ਰਹਿਣ।

ਵਿੱਤ ਮੰਤਰੀ ਬੇਸੈਂਟ ਅਨੁਸਾਰ ਇਸ ਸਬੰਧੀ ਇੱਕ ਕਾਰਜਕਾਰੀ ਹੁਕਮ (ਈ.ਓ.) ਤਿਆਰ ਕੀਤਾ ਜਾ ਰਿਹਾ ਹੈ, ਜੋ ਰਾਸ਼ਟਰਪਤੀ ਟਰੰਪ ਦੀ ਉਸ ਵਿਆਪਕ ਯੋਜਨਾ ਦਾ ਹਿੱਸਾ ਹੈ, ਜਿਸ ਤਹਿਤ ਇਮੀਗ੍ਰੇਸ਼ਨ ਨੀਤੀ ਨੂੰ ਜਾਣਕਾਰੀ ਇਕੱਠੀ ਕਰਨ (ਜਿਵੇਂ ਕਿ ਵੋਟਿੰਗ ਅਤੇ ਜਨਗਣਨਾ) ਨਾਲ ਜੋੜਿਆ ਜਾ ਰਿਹਾ ਹੈ। ਬੇਸੈਂਟ ਨੇ ਸਪੱਸ਼ਟ ਕੀਤਾ ਕਿ ਜੇਕਰ ਰੈਗੂਲੇਟਰ ਕਹਿਣਗੇ ਕਿ ਇਹ ਬੈਂਕਾਂ ਦਾ ਕੰਮ ਹੈ, ਤਾਂ ਉਨ੍ਹਾਂ ਨੂੰ ਇਹ ਕਰਨਾ ਹੀ ਪਵੇਗਾ। ਉਨ੍ਹਾਂ ਸਵਾਲ ਉਠਾਇਆ ਕਿ ਬੈਂਕ ਆਪਣੇ ਗਾਹਕਾਂ ਨੂੰ ਉਦੋਂ ਤੱਕ ਸਹੀ ਢੰਗ ਨਾਲ ਕਿਵੇਂ ਜਾਣ ਸਕਦੇ ਹਨ, ਜਦੋਂ ਤੱਕ ਉਨ੍ਹਾਂ ਨੂੰ ਗਾਹਕ ਦੀ ਕਾਨੂੰਨੀ ਜਾਂ ਗੈਰ-ਕਾਨੂੰਨੀ ਸਥਿਤੀ ਬਾਰੇ ਪਤਾ ਨਾ ਹੋਵੇ।

ਵਿੱਤ ਮੰਤਰੀ ਨੇ ਸਖ਼ਤ ਲਹਿਜੇ ਵਿਚ ਕਿਹਾ ਹੈ ਕਿ "ਗੈਰ-ਕਾਨੂੰਨੀ

**ਪ੍ਰਵਾਸੀਆਂ ਦੀ ਵਧੇਗੀ ਮੁਸ਼ਕਲ !**

ਪ੍ਰਵਾਸੀਆਂ ਨੂੰ ਬੈਂਕਿੰਗ ਪ੍ਰਣਾਲੀ ਵਿਚ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ"। ਉਨ੍ਹਾਂ ਅਨੁਸਾਰ ਦੁਨੀਆਂ ਦੇ ਹੋਰਨਾਂ ਦੇਸ਼ਾਂ ਵਿਚ ਵੀ ਬੈਂਕਿੰਗ ਲਈ ਨਾਗਰਿਕਤਾ ਦੀ ਜਾਣਕਾਰੀ ਜ਼ਰੂਰੀ ਹੁੰਦੀ ਹੈ ਅਤੇ ਅਮਰੀਕਾ ਵਿਚ ਵੀ ਇਹ ਨਿਯਮ ਸਖ਼ਤ ਹੋਣੇ ਚਾਹੀਦੇ ਹਨ। ਜ਼ਿਕਰਯੋਗ ਹੈ ਕਿ ਇਸ ਸਮੇਂ ਅਮਰੀਕਾ ਵਿਚ ਬੈਂਕ ਖਾਤਾ ਖੋਲ੍ਹਣ ਲਈ ਨਾਗਰਿਕਤਾ ਦੇ ਦਸਤਾਵੇਜ਼ ਲਾਜ਼ਮੀ ਨਹੀਂ ਹਨ, ਸਿਰਫ ਪਛਾਣ ਦੀ ਤਸਦੀਕ ਹੀ ਕਾਫ਼ੀ ਹੁੰਦੀ ਹੈ। ਦੂਜੇ ਪਾਸੇ ਕੁਝ ਨੀਤੀ ਮਾਹਿਰਾਂ ਅਤੇ ਬੈਂਕਾਂ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਫੈਸਲੇ ਨਾਲ ਅਮਰੀਕੀ ਆਰਥਿਕਤਾ ਨੂੰ ਨੁਕਸਾਨ ਹੋ ਸਕਦਾ ਹੈ। ਇੱਕ ਅਨੁਮਾਨ ਅਨੁਸਾਰ ਨਾਗਰਿਕਤਾ ਦੀ ਤਸਦੀਕ ਕਰਨ ਦੀ ਪ੍ਰਕਿਰਿਆ ਨਾਲ ਬੈਂਕਾਂ 'ਤੇ 2.6 ਬਿਲੀਅਨ ਤੋਂ 5.6 ਬਿਲੀਅਨ ਡਾਲਰ ਤੱਕ ਦਾ ਵਾਧੂ ਖਰਚਾ ਪੈ ਸਕਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਵੱਡੀ ਗਿਣਤੀ ਵਿਚ ਲੋਕਾਂ ਨੂੰ ਬੈਂਕਿੰਗ ਸਿਸਟਮ ਤੋਂ ਬਾਹਰ ਕਰ ਦਿੱਤਾ ਗਿਆ, ਤਾਂ ਉਹ ਨਕਦ ਆਧਾਰਿਤ ਆਰਥਿਕਤਾ ਵਿਚ ਚਲੇ ਜਾਣਗੇ, ਜਿਸ ਨਾਲ ਟੈਕਸ ਚੋਰੀ ਵਧ ਸਕਦੀ ਹੈ ਅਤੇ ਆਰਥਿਕ ਵਿਕਾਸ ਵਿਚ ਰੁਕਾਵਟ ਆ ਸਕਦੀ ਹੈ।

# ਜੇਕਰ ਅਮਰੀਕਾ ਦੀ ਨਾਕਾਬੰਦੀ ਨਾ ਹਟੀ ਤਾਂ ਹੋਰਮੁਜ਼ ਜਲ ਮਾਰਗ ਹੋਵੇਗਾ ਬੰਦ: ਇਰਾਨ

**ਤਹਿਰਾਨ, (ਪੰਜਾਬ ਮੇਲ)**- ਇਰਾਨ ਨੇ ਇੱਕ ਵਾਰ ਫਿਰ ਸਖ਼ਤ ਰੁਖ਼ ਅਖਤਿਆਰ ਕਰਦਿਆਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਅਮਰੀਕਾ ਨੇ ਉਸ ਦੇ ਬੰਦਰਗਾਹਾਂ 'ਤੇ ਨਾਕਾਬੰਦੀ ਜਾਰੀ ਰੱਖੀ, ਤਾਂ ਉਹ ਇਸ ਨੂੰ ਜੰਗਬੰਦੀ (ਸੀਜ਼ਫਾਇਰ) ਦੀ ਉਲੰਘਣਾ ਮੰਨੇਗਾ। ਰਾਇਟਰਜ਼ ਦੀ ਰਿਪੋਰਟ ਅਨੁਸਾਰ ਇੱਕ ਇਰਾਨੀ ਅਧਿਕਾਰੀ ਨੇ ਸਪੱਸ਼ਟ ਕੀਤਾ ਹੈ ਕਿ ਅਜਿਹੀ ਸਥਿਤੀ ਵਿਚ ਇਰਾਨ ਕੋਲ ਹੋਰਮੁਜ਼ ਜਲ ਮਾਰਗ ਨੂੰ ਪੂਰੀ ਤਰ੍ਹਾਂ ਬੰਦ ਕਰਨ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ ਬਚੇਗਾ। ਇਰਾਨ ਨੇ ਕਿਹਾ ਹੈ ਕਿ ਜੇਕਰ ਉਸ ਦਾ ਵਪਾਰ ਰੋਕਿਆ ਗਿਆ, ਤਾਂ ਉਹ ਦੁਨੀਆਂ ਲਈ ਤੇਲ ਦੀ ਸਪਲਾਈ ਵਾਲਾ ਇਹ ਅਹਿਮ ਰਸਤਾ ਬੰਦ ਕਰ ਦੇਵੇਗਾ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਤਾਜ਼ਾ ਬਿਆਨ ਨੇ ਪੱਛਮੀ ਏਸ਼ੀਆ ਵਿਚ ਜਾਰੀ ਜੰਗ ਦੇ ਜਲਦ ਖਤਮ ਹੋਣ ਦੀ ਆਸ ਜਗਾਈ ਹੈ। ਟਰੰਪ ਨੇ ਇਹ ਵੀ ਕਿਹਾ ਕਿ ਅਮਰੀਕਾ ਅਤੇ ਇਰਾਨ ਵਿਚਕਾਰ ਅਗਲੀ ਮੀਟਿੰਗ ਹਫਤੇ ਦੇ ਅੰਤ ਵਿਚ ਹੋ ਸਕਦੀ ਹੈ, ਜਿਸ ਨਾਲ ਇਸ ਸੰਘਰਸ਼ ਦੇ ਸ਼ਾਂਤ ਹੋਣ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ। ਵ੍ਹਾਈਟ ਹਾਊਸ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ, "ਅਸੀਂ ਦੇਖਾਂਗੇ ਕਿ ਕੀ ਹੁੰਦਾ ਹੈ। ਪਰ ਮੈਨੂੰ ਲੱਗਦਾ ਹੈ ਕਿ ਅਸੀਂ ਇਰਾਨ ਨਾਲ ਸਮਝੌਤਾ ਕਰਨ ਦੇ ਬਹੁਤ ਨੇੜੇ ਹਾਂ।" ਨੇਵਾਡਾ ਦੇ ਲਾਸ ਵੇਗਾਸ ਵਿਚ ਇੱਕ ਪ੍ਰੋਗਰਾਮ ਦੌਰਾਨ ਟਰੰਪ ਨੇ ਕਿਹਾ ਕਿ ਇਹ ਜੰਗ ਹੁਣ ਬਹੁਤ ਜਲਦ ਖਤਮ ਹੋਣੀ ਚਾਹੀਦੀ ਹੈ।

ਉੱਥੇ ਹੀ ਦਿ ਨਿਊਯਾਰਕ ਟਾਈਮਜ਼ ਅਤੇ ਵਾਲ ਸਟਰੀਟ ਜਰਨਲ ਦੀਆਂ ਰਿਪੋਰਟਾਂ ਮੁਤਾਬਕ ਅਮਰੀਕਾ ਨੇ ਇਰਾਨ ਦੇ ਸਾਹਮਣੇ ਤਜਵੀਜ਼ ਰੱਖੀ ਹੈ ਕਿ ਉਹ ਆਪਣੇ ਯੂਰੇਨੀਅਮ ਭੰਡਾਰ ਉੱਤੇ 20 ਸਾਲਾਂ ਲਈ ਰੋਕ ਲਗਾ ਦੇਵੇ। ਪਰ ਦੂਜੇ ਪਾਸੇ ਇਰਾਨ ਨੇ ਇਸ ਪ੍ਰਸਤਾਵ 'ਤੇ ਜਵਾਬ ਦਿੰਦਿਆਂ ਕਿਹਾ ਹੈ ਕਿ ਉਹ ਇਸ ਪਾਬੰਦੀ ਨੂੰ ਸਿਰਫ਼ ਪੰਜ ਸਾਲਾਂ ਵਾਸਤੇ ਹੀ ਮੰਨਣ ਲਈ ਤਿਆਰ ਹੈ।

ਜ਼ਿਕਰਯੋਗ ਹੈ ਕਿ ਇਰਾਨ ਵਿਰੁੱਧ ਇਹ ਜੰਗ 28 ਫਰਵਰੀ ਨੂੰ ਅਮਰੀਕਾ ਅਤੇ ਇਜ਼ਰਾਈਲ ਦੇ ਹਮਲੇ ਨਾਲ ਸ਼ੁਰੂ ਹੋਈ ਸੀ, ਜਿਸ ਵਿਚ ਹੁਣ ਤੱਕ ਹਜ਼ਾਰਾਂ ਜਾਨਾਂ ਜਾ ਚੁੱਕੀਆਂ ਹਨ। ਇਸ ਜੰਗ ਕਾਰਨ ਤੇਲ ਦੀਆਂ ਕੀਮਤਾਂ ਵਿਚ ਵੀ ਵੱਡਾ ਉਛਾਲ ਆਇਆ ਹੈ, ਜਿਸ ਨੇ ਅਮਰੀਕੀ ਰਾਸ਼ਟਰਪਤੀ ਲਈ ਵੱਡੀ ਸਿਆਸੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ।

# ICE ਵੱਲੋਂ 35 ਸਾਲਾਂ ਤੋਂ ਅਮਰੀਕਾ 'ਚ ਰਹਿ ਰਹੀ ਭਾਰਤੀ ਮੂਲ ਦੀ ਔਰਤ ਗ੍ਰਿਫਤਾਰ



**ਟੈਕਸਾਸ, (ਪੰਜਾਬ ਮੇਲ)**- ਅਮਰੀਕਾ ਵਿਚ ਪਿਛਲੇ 35 ਸਾਲਾਂ ਤੋਂ ਰਹਿ ਰਹੀ ਭਾਰਤੀ ਮੂਲ ਦੀ 53 ਸਾਲਾ ਔਰਤ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਹਿਰਾਸਤ 'ਚ ਲਏ ਜਾਣ ਦੀ ਸੂਚਨਾ ਹੈ। ਮੀਨੂ ਬੱਤਰਾ ਨਾਮ ਦੀ ਇਸ ਮਹਿਲਾ ਨੂੰ ਟੈਕਸਾਸ ਵਿਚ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ICE) ਦੇ ਏਜੰਟਾਂ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ।

ਰਿਪੋਰਟਾਂ ਮੁਤਾਬਕ ਉਹ ਲੰਬੇ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੀ ਸੀ, ਪਰ ਉਸਦੀ ਇਮੀਗ੍ਰੇਸ਼ਨ ਸਥਿਤੀ ਸਬੰਧੀ ਮਸਲੇ ਉੱਠਣ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ। ਅਧਿਕਾਰੀਆਂ ਵੱਲੋਂ ਕਿਹਾ ਗਿਆ ਹੈ ਕਿ "ਲੰਬੇ ਸਮੇਂ ਤੋਂ ਦੇਸ਼ ਵਿਚ ਰਹਿਣਾ ਇਸ ਗੱਲ ਦੀ ਗਾਰੰਟੀ ਨਹੀਂ ਕਿ ਕੋਈ ਵਿਅਕਤੀ ਸਦੀਵੀ ਤੌਰ 'ਤੇ ਇੱਥੇ ਰਹਿ ਸਕਦਾ ਹੈ।" ਇਸ ਬਿਆਨ ਨੇ ਕਈ ਪ੍ਰਵਾਸੀਆਂ ਵਿਚ ਚਿੰਤਾ ਵਧਾ ਦਿੱਤੀ ਹੈ, ਖ਼ਾਸ ਕਰਕੇ ਉਹ ਲੋਕ ਜੋ ਕਈ ਸਾਲਾਂ ਤੋਂ ਅਮਰੀਕਾ ਵਿਚ ਰਹਿ ਰਹੇ ਹਨ।

# ਈਰਾਨ-ਅਮਰੀਕਾ ਜੰਗ; ਨੁਕਸਾਨ ਦੀ ਭਰਪਾਈ ਲਈ ਯੂ.ਏ.ਈ. ਵੱਲੋਂ ਅਮਰੀਕਾ ਤੋਂ ਵਿੱਤੀ ਗਾਰੰਟੀ ਦੀ ਮੰਗ

**ਨਵੀਂ ਦਿੱਲੀ, (ਪੰਜਾਬ ਮੇਲ)**- ਈਰਾਨ-ਅਮਰੀਕਾ ਜੰਗ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਯੂ.ਏ.ਈ. ਨੇ ਅਮਰੀਕਾ ਤੋਂ ਵਿੱਤੀ ਗਾਰੰਟੀ ਦੀ ਮੰਗ ਕੀਤੀ ਹੈ। ਰਿਪੋਰਟ ਅਨੁਸਾਰ, ਇਸ ਮੰਗ ਤੋਂ ਬਾਅਦ ਵਾਸ਼ਿੰਗਟਨ 'ਤੇ ਵਿੱਤੀ ਸੰਕਟ ਦਾ ਖ਼ਤਰਾ ਵਧ ਸਕਦਾ ਹੈ, ਕਿਉਂਕਿ ਇਸ ਤੋਂ ਬਾਅਦ ਖਾੜੀ ਦੇ ਹੋਰ ਦੇਸ਼ ਵੀ ਮੁਆਵਜ਼ੇ ਦੀ ਕਤਾਰ ਵਿਚ ਸ਼ਾਮਲ ਹੋ ਸਕਦੇ ਹਨ।

ਜੰਗ ਲੜਨਾ ਇੱਕ ਮਹਿੰਗਾ ਸੌਦਾ ਤਾਂ ਹੈ ਹੀ, ਪਰ ਜੰਗ ਤੋਂ ਬਾਅਦ ਦਾ ਮੁੜ-ਨਿਰਮਾਣ ਉਸ ਤੋਂ ਵੀ ਜ਼ਿਆਦਾ ਮਹਿੰਗਾ ਕੰਮ ਹੈ। 28 ਫਰਵਰੀ ਨੂੰ ਸ਼ੁਰੂ ਹੋਈ ਇਸ ਜੰਗ ਵਿਚ ਅਮਰੀਕਾ ਰੋਜ਼ਾਨਾ 890 ਮਿਲੀਅਨ ਡਾਲਰ ਤੋਂ 1 ਬਿਲੀਅਨ ਡਾਲਰ ਦੇ ਵਿਚਕਾਰ ਖ਼ਰਚ ਕਰ ਰਿਹਾ ਹੈ। ਇਜ਼ਰਾਈਲ ਨੇ ਹੁਣ ਤੱਕ ਕੁੱਲ 11.2 ਬਿਲੀਅਨ ਡਾਲਰ ਖ਼ਰਚ ਕੀਤੇ ਹਨ, ਜਿਸ ਵਿਚੋਂ ਅੱਧੇ ਤੋਂ ਵੱਧ (6.2 ਬਿਲੀਅਨ ਡਾਲਰ) ਸਿਰਫ਼ ਸ਼ੁਰੂਆਤੀ 20 ਦਿਨਾਂ ਵਿਚ ਹੀ ਖ਼ਰਚ ਹੋ ਗਏ ਸਨ।

**ਖਾੜੀ ਦੇਸ਼ਾਂ 'ਚ ਯੂ.ਏ.ਈ. ਨੂੰ ਹੋਇਆ ਸਭ ਤੋਂ ਵੱਧ ਨੁਕਸਾਨ**

ਉੱਥੇ ਹੀ, ਜੰਗ ਤੋਂ ਬਾਅਦ ਸਾਊਦੀ ਅਰਬ ਵਰਗੇ ਖਾੜੀ ਦੇਸ਼ਾਂ ਵਿਚ ਨਾਗਰਿਕ ਅਤੇ ਊਰਜਾ ਨਾਲ ਜੁੜੇ ਬੁਨਿਆਦੀ ਢਾਂਚੇ ਦੀ ਮੁਰੰਮਤ ਲਈ 60 ਬਿਲੀਅਨ ਡਾਲਰ ਤੋਂ ਵੀ ਵੱਧ ਦੀ ਰਕਮ ਦੀ ਲੋੜ ਪਵੇਗੀ। ਇਸ ਵਿਚੋਂ 50 ਬਿਲੀਅਨ ਡਾਲਰ ਤਾਂ ਸਿਰਫ਼ ਤੇਲ ਅਤੇ ਗੈਸ ਸਹੂਲਤਾਂ ਨੂੰ ਮੁੜ ਚਾਲੂ ਕਰਨ ਲਈ ਚਾਹੀਦੇ ਹੋਣਗੇ।

ਮਿਜ਼ਾਈਲਾਂ ਅਤੇ ਡਰੋਨ ਹਮਲਿਆਂ ਨਾਲ ਨਾਗਰਿਕ ਇਮਾਰਤਾਂ, ਜਿਵੇਂ ਕਿ ਦੁਬਈ ਦਾ 'ਦ ਫੇਅਰਮੋਂਟ ਦ ਪਾਮ' ਹੋਟਲ ਅਤੇ ਊਰਜਾ ਨਾਲ ਜੁੜਿਆ ਬੁਨਿਆਦੀ ਢਾਂਚਾ ਜਿਵੇਂ ਕਿ ਫੁਜੈਰਾ ਤੇਲ ਨਿਰਯਾਤ ਟਰਮੀਨਲ (ਜੋ ਰੋਜ਼ਾਨਾ 10 ਲੱਖ ਬੈਰਲ ਕੱਚੇ ਤੇਲ ਦੇ ਨਿਰਯਾਤ ਦਾ ਮੁੱਖ ਕੇਂਦਰ ਸੀ) ਬੁਰੀ ਤਰ੍ਹਾਂ ਨੁਕਸਾਨੇ ਗਏ ਜਾਂ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ। ਮਲਬੇ ਦੀ ਲਪੇਟ ਵਿਚ ਐਮਾਜ਼ੋਨ ਦੇ ਦੋ ਡੇਟਾ ਸੈਂਟਰ ਵੀ ਆ ਗਏ। ਇਨ੍ਹਾਂ ਹਮਲਿਆਂ ਕਾਰਨ ਪੂਰੇ ਖੇਤਰ ਵਿਚ ਬੈਂਕਿੰਗ ਨਾਲ ਜੁੜੀਆਂ ਕਲਾਊਡ ਸੇਵਾਵਾਂ ਅਤੇ ਕੰਪਿਊਟਿੰਗ ਸਹੂਲਤਾਂ ਵਿਚ ਵਿਘਨ ਪਿਆ।

ਇਸ ਲਈ, ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਯੂ.ਏ.ਈ. ਨੇ ਕਥਿਤ ਤੌਰ 'ਤੇ ਅਮਰੀਕਾ ਦੇ ਨਾਲ ਇੱਕ 'ਵਿੱਤੀ ਸੁਰੱਖਿਆ ਕਵਚ' ਨੂੰ ਲੈ ਕੇ ਗੱਲਬਾਤ ਸ਼ੁਰੂ ਕਰ ਦਿੱਤੀ ਹੈ। ਇਹ ਕਦਮ ਇਸ ਲਈ ਚੁੱਕਿਆ ਗਿਆ ਹੈ, ਤਾਂ ਜੋ ਜੇਕਰ ਜੰਗ ਜਾਰੀ ਰਹਿੰਦੀ ਹੈ, ਜਿਸ ਦੀ ਸੰਭਾਵਨਾ ਸ਼ਾਂਤੀ ਵਾਰਤਾ ਵਿਚ ਕੋਈ ਪ੍ਰਗਤੀ ਨਾ ਹੋਣ ਕਾਰਨ ਕਾਫ਼ੀ ਜ਼ਿਆਦਾ ਲੱਗ ਰਹੀ ਹੈ, ਤਾਂ ਦੇਸ਼ ਨੂੰ ਆਰਥਿਕ ਸੁਰੱਖਿਆ ਮਿਲ ਸਕੇ।

ਪਿਛਲੇ ਹਫ਼ਤੇ ਯੂ.ਏ.ਈ. ਦੇ ਸੈਂਟਰਲ ਬੈਂਕ ਦੇ ਮੁਖੀ ਖ਼ਾਲਿਦ ਮੁਹੰਮਦ ਬਲਾਮਾ ਨੇ ਯੂ.ਐੱਸ. ਫੈਡਰਲ ਰਿਜ਼ਰਵ ਦੇ ਨਾਲ 'ਕਰੰਸੀ ਸਵੈਪ' ਦਾ ਪ੍ਰਸਤਾਵ ਰੱਖਿਆ। ਇਸ ਗੱਲਬਾਤ ਵਿਚ ਈਰਾਨ ਦੇ ਮਿਜ਼ਾਈਲ ਹਮਲਿਆਂ ਕਾਰਨ ਤੇਲ ਅਤੇ ਗੈਸ ਦੇ ਬੁਨਿਆਦੀ ਢਾਂਚੇ ਨੂੰ ਹੋਏ ਨੁਕਸਾਨ ਵਰਗੇ ਅਹਿਮ ਮੁੱਦਿਆਂ 'ਤੇ ਚਰਚਾ ਕੀਤੀ ਗਈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਅੰਮ੍ਰਿਤਪਾਲ ਸਿੰਘ ’ਤੇ ਲੱਗੀ ਐੱਨ.ਐੱਸ.ਏ. ਇਸੇ ਮਹੀਨੇ ਹੋਵੇਗੀ ਖਤਮ; ਸਰਕਾਰ ਪਹੁੰਚੀ ਹਾਈਕੋਰਟ

**ਚੰਡੀਗੜ੍ਹ, (ਪੰਜਾਬ ਮੇਲ)-** ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ’ਤੇ ਲੱਗਾ ਐੱਨ.ਐੱਸ.ਏ. ਇਸੇ ਮਹੀਨੇ ਖ਼ਤਮ ਹੋਣ ਵਾਲਾ ਹੈ। ਜਿਸ ਦੇ ਚੱਲਦੇ ਪੰਜਾਬ ਸਰਕਾਰ ਨੇ ਹਾਈਕੋਰਟ ਵਿਚ ਪਹੁੰਚ ਕਰਕੇ ਅੰਮ੍ਰਿਤਪਾਲ ਸਿੰਘ ਨੂੰ ਅਸਾਮ ਦੀ ਡਿੱਬੂਗੜ੍ਹ ਜੇਲ੍ਹ ਵਿਚ ਹੀ ਰੱਖਣ ਦੀ ਅਪੀਲ ਕੀਤੀ ਹੈ। ਪੰਜਾਬ ਸਰਕਾਰ ਨੇ ਹਾਈ ਕੋਰਟ ਵਿਚ ਇਕ ਪਟੀਸ਼ਨ ਦਾਇਰ ਕੀਤੀ ਹੈ ਜਿਸ ਵਿਚ ਉਸ ਨੂੰ ਡਿਬਰੂਗੜ੍ਹ ਜੇਲ੍ਹ ਵਿਚ ਵਿਚ ਹੀ ਰੱਖਣ ਦੀ ਮੰਗ ਕੀਤੀ ਗਈ ਹੈ। ਸਰਕਾਰ ਨੇ ਬੇਨਤੀ ਕੀਤੀ ਕਿ ਇਸ ਪਟੀਸ਼ਨ ’ਤੇ ਜਲਦੀ ਸੁਣਵਾਈ ਕੀਤੀ ਜਾਵੇ। ਹਾਈ ਕੋਰਟ ਨੇ ਬੇਨਤੀ ਨੂੰ ਸਵੀਕਾਰ ਕਰ ਲਿਆ ਅਤੇ ਜਲਦੀ ਹੀ ਸੁਣਵਾਈ ਕੀਤੀ ਜਾਵੇਗੀ। ਸਰਕਾਰ ਨੇ ਕਿਹਾ ਕਿ ਕਿਉਂਕਿ ਉਸ ਦੀ ਤੀਜੀ ਐੱਨ.ਐੱਸ.ਏ. ਨਜ਼ਰਬੰਦੀ 22 ਅਪ੍ਰੈਲ ਨੂੰ ਖਤਮ ਹੋ ਰਹੀ ਹੈ, ਲਿਹਾਜ਼ਾ ਇਹ ਖਦਸ਼ਾ ਹੈ ਕਿ ਜੇਕਰ ਉਸ ਨੂੰ ਬਾਅਦ ਵਿਚ ਪੰਜਾਬ ਵਿਚ ਵਾਪਸ ਲਿਆਂਦਾ ਗਿਆ ਤਾਂ ਸੂਬੇ ਵਿਚ ਕਾਨੂੰਨ ਵਿਵਸਥਾ ਵਿਗੜ ਸਕਦੀ ਹੈ। ਜਿਸ ਦੇ ਚੱਲਦੇ ਉਸ ਨੂੰ ਅਸਾਮ ਦੀ ਡਿੱਬੂਗੜ੍ਹ ਜੇਲ੍ਹ ਵਿਚ ਰੱਖਿਆ ਜਾਵੇ।



## ਅੰਮ੍ਰਿਤਪਾਲ ਸਿੰਘ ਦੀ ਐੱਨ.ਐੱਸ.ਏ. ਤਹਿਤ ਹਿਰਾਸਤ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਖ਼ਾਰਜ

- ਡਿਬਰੂਗੜ੍ਹ ਜੇਲ੍ਹ ਹੀ ਰਹੇਗਾ ਬੰਦ
- ਹਿਰਾਸਤ ਦਾ ਫੈਸਲਾ ਨਿਆਂਇਕ ਸਮੀਖਿਆ ਦੇ ਦਾਇਰੇ ਤੋਂ ਬਾਹਰ; ਸੁਰੱਖਿਆ ਕਾਰਨਾਂ ਨੂੰ ਦਿੱਤੀ ਤਰਜੀਹ: ਹਾਈਕੋਰਟ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਵੱਡਾ ਝਟਕਾ ਦਿੰਦਿਆਂ ਉਸ ਦੀ ਕੌਮੀ ਸੁਰੱਖਿਆ ਐਕਟ (ਐੱਨ.ਐੱਸ.ਏ.) ਤਹਿਤ ਹਿਰਾਸਤ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਖ਼ਾਰਜ ਕਰ ਦਿੱਤੀ ਹੈ। ਮੁੱਖ ਜੱਜ ਸ਼ੀਲ ਨਾਗੂ ਦੀ ਅਗਵਾਈ ਵਾਲੇ ਬੈਂਚ ਨੇ ਖੁੱਲ੍ਹੀ ਅਦਾਲਤ ਵਿਚ ਫੈਸਲਾ ਸੁਣਾਉਂਦਿਆਂ ਕਿਹਾ ਕਿ ਅੰਮ੍ਰਿਤਪਾਲ ਵਿਰੁੱਧ ਜਾਰੀ ਹਿਰਾਸਤ ਦੇ ਹੁਕਮ ਪੂਰੀ ਤਰ੍ਹਾਂ ਸਪੱਸ਼ਟ ਹਨ ਅਤੇ ਇਹ ਨਿਆਂਇਕ ਸਮੀਖਿਆ ਦੇ ਦਾਇਰੇ ਵਿਚ ਨਹੀਂ ਆਉਂਦੇ।

ਅੰਮ੍ਰਿਤਪਾਲ ਸਿੰਘ ਨੇ ਆਪਣੀ ਪਟੀਸ਼ਨ ਵਿਚ ਦਾਅਵਾ ਕੀਤਾ ਸੀ ਕਿ ਉਸ ਦੀ ਹਿਰਾਸਤ ‘ਮਨਮਾਨੀ’ ਹੈ ਅਤੇ ਸੰਵਿਧਾਨ ਦੀ ਧਾਰਾ 21 ਤੇ 22 ਤਹਿਤ ਮਿਲੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੈ। ਉਸ ਦੇ ਵਕੀਲ ਨੇ ਦਲੀਲ ਦਿੱਤੀ ਸੀ ਕਿ ਅੰਮ੍ਰਿਤਪਾਲ ਸਮਾਜ ਸੁਧਾਰਕ ਵਜੋਂ ਨਸ਼ਾ ਵਿਰੋਧੀ ਮੁਹਿੰਮਾਂ ਚਲਾ ਰਿਹਾ ਸੀ ਅਤੇ ਉਸ ਦੇ ਭਾਸ਼ਣ ਸਿੱਖ ਕਦਰਾਂ-ਕੀਮਤਾਂ ’ਤੇ ਆਧਾਰਿਤ ਸਨ, ਨਾ ਕਿ ਹਿੰਸਾ ਜਾਂ ਵੱਖਵਾਦ ’ਤੇ।

ਦੂਜੇ ਪਾਸੇ, ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਅਨੁਪਮ ਗੁਪਤਾ ਨੇ ਹਿਰਾਸਤ ਦਾ ਬਚਾਅ ਕਰਦਿਆਂ ਬਹੁਤ ਗੰਭੀਰ ਤੱਥ ਪੇਸ਼ ਕੀਤੇ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਅੰਮ੍ਰਿਤਪਾਲ ਦੇ ਤਾਰ ਖ਼ਤਰਨਾਕ ਦਹਿਸ਼ਤਗਰਦਾਂ ਅਤੇ ਗੈਂਗਸਟਰਾਂ ਨਾਲ ਜੁੜੇ ਹੋਏ ਹਨ। ਸਰਕਾਰ ਨੇ ਇੱਕ 15 ਮੈਂਬਰੀ ‘ਹਿੱਟ ਲਿਸਟ’ ਦਾ ਵੀ ਹਵਾਲਾ ਦਿੱਤਾ, ਜਿਸ ਕਾਰਨ ਸੁਰੱਖਿਆ ਲਈ ਵੱਡਾ ਖ਼ਤਰਾ ਪੈਦਾ ਹੋ ਸਕਦਾ ਸੀ। ਗੁਪਤਾ ਨੇ ਕਿਹਾ, “ਜੇਕਰ ਮੈਂ ਇਸ ਹਿਰਾਸਤ ਦੇ ਅਧਾਰ ਨੂੰ ਇੱਕ ਲਾਈਨ ਵਿਚ ਬਿਆਨ ਕਰਾਂ, ਤਾਂ ਇਹ ਹਿੱਟ ਲਿਸਟ ਕਾਰਨ ਪੈਦਾ ਹੋਇਆ ਗੰਭੀਰ ਖ਼ਤਰਾ ਅਤੇ ਖ਼ੌਫ਼ਨਾਕ ਦਹਿਸ਼ਤਗਰਦਾਂ ਨਾਲ ਅੰਮ੍ਰਿਤਪਾਲ ਦੇ ਕਰੀਬੀ ਸਬੰਧ ਹਨ।” ਬੈਂਚ ਨੇ ਸਾਰੀਆਂ ਦਲੀਲਾਂ ਸੁਣਨ ਤੋਂ ਬਾਅਦ ਕਿਹਾ ਕਿ ਜਨਤਕ ਸੁਰੱਖਿਆ ਅਤੇ ਦੇਸ਼ ਦੀ ਅਖੰਡਤਾ ਨੂੰ ਦੇਖਦੇ ਹੋਏ ਲਏ ਗਏ ਪ੍ਰਸ਼ਾਸਨਿਕ ਫੈਸਲੇ “ਦਿਨ ਦੇ ਚਾਨਣ ਵਾਂਗ ਸਾਫ਼” ਹਨ। ਇਸ ਦੇ ਨਾਲ ਹੀ ਅਦਾਲਤ ਨੇ ਪਟੀਸ਼ਨਰ ਦੀ ਉਸ ਦਲੀਲ ਨੂੰ ਵੀ ਰੱਦ ਕਰ ਦਿੱਤਾ ਕਿ ਹਿਰਾਸਤ ਸਿਰਫ਼ ਪੁਰਾਣੀਆਂ ਐੱਫ.ਆਈ.ਆਰਜ਼ ’ਤੇ ਆਧਾਰਿਤ ਹੈ। ਕੇਂਦਰ ਸਰਕਾਰ ਵੱਲੋਂ ਐਡੀਸ਼ਨਲ ਸਾਲਿਸਟਰ ਜਨਰਲ ਸੱਤਿਆ ਪਾਲ ਜੈਨ ਨੇ ਪੱਖ ਰੱਖਿਆ। ਇਸ ਫੈਸਲੇ ਤੋਂ ਬਾਅਦ ਹੁਣ ਅੰਮ੍ਰਿਤਪਾਲ ਸਿੰਘ ਦੀ ਡਿਬਰੂਗੜ੍ਹ ਜੇਲ੍ਹ ਵਿਚ ਹਿਰਾਸਤ ਜਾਰੀ ਰਹੇਗੀ।

# ਬ੍ਰਿਟਿਸ਼ ਨਾਗਰਿਕਤਾ: ਅਲਾਹਾਬਾਦ ਹਾਈਕੋਰਟ ਵੱਲੋਂ ਰਾਹੁਲ ਗਾਂਧੀ ਖਿਲਾਫ਼ ਕੇਸ ਦਰਜ ਕਰਨ ਦਾ ਹੁਕਮ

- ਬ੍ਰਿਟਿਸ਼ ਨਾਗਰਿਕਤਾ ਹੋਣ ਦੇ ਦੋਸ਼ ਹੇਠ ਸੀ.ਬੀ.ਆਈ. ਨੂੰ ਜਾਂਚ ਕਰਨ ਲਈ ਕਿਹਾ

**ਲਖਨਊ, (ਪੰਜਾਬ ਮੇਲ)-** ਅਲਾਹਾਬਾਦ ਹਾਈ ਕੋਰਟ ਦੇ ਲਖਨਊ ਬੈਂਚ ਨੇ ਦੋਹਰੀ ਨਾਗਰਿਕਤਾ ਦੇ ਮਾਮਲੇ ਵਿਚ ਕਾਂਗਰਸ ਨੇਤਾ ਰਾਹੁਲ ਗਾਂਧੀ ਖਿਲਾਫ਼ ਐੱਫ.ਆਈ.ਆਰ. ਦਰਜ ਕਰਨ ਦਾ ਹੁਕਮ ਦਿੱਤਾ ਹੈ। ਅਦਾਲਤ ਨੇ ਕਿਹਾ ਹੈ ਕਿ ਮਾਮਲਾ ਦਰਜ ਕਰਕੇ ਇਸ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੂੰ ਸੌਂਪੀ ਜਾਵੇ। ਇਹ ਫੈਸਲਾ ਕਰਨਾਟਕ ਦੇ ਭਾਜਪਾ ਵਰਕਰ ਐਸ. ਵਿਗਨੇਸ਼ ਸ਼ਿਸ਼ਿਰ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ ’ਤੇ ਆਇਆ ਹੈ। ਪਟੀਸ਼ਨਰ ਨੇ ਦਾਅਵਾ ਕੀਤਾ ਹੈ ਕਿ ਰਾਹੁਲ ਗਾਂਧੀ ਕੋਲ ਬ੍ਰਿਟਿਸ਼ ਨਾਗਰਿਕਤਾ ਹੈ, ਜੋ ਕਿ ਭਾਰਤੀ ਕਾਨੂੰਨ ਅਨੁਸਾਰ ਗੈਰ-ਕਾਨੂੰਨੀ ਹੈ। ਇਸ ਤੋਂ ਪਹਿਲਾਂ 28 ਜਨਵਰੀ 2026 ਨੂੰ ਐੱਮ.ਪੀ.-ਐੱਮ.ਐੱਲ.ਏ. ਕੋਰਟ ਨੇ ਇਸ ਪਟੀਸ਼ਨ ਨੂੰ ਇਹ ਕਹਿ ਕੇ ਖਾਰਜ ਕਰ ਦਿੱਤਾ ਸੀ ਕਿ ਕੋਈ ਨਵਾਂ ਜਾਂ ਠੋਸ ਸਬੂਤ ਪੇਸ਼ ਨਹੀਂ ਕੀਤਾ ਗਿਆ ਪਰ ਹੁਣ ਹਾਈ ਕੋਰਟ ਨੇ ਇਸ ਮਾਮਲੇ ਵਿਚ ਸਖ਼ਤ ਰੁਖ਼ ਅਖਤਿਆਰ ਕੀਤਾ ਹੈ।



ਸੁਣਵਾਈ ਦੌਰਾਨ ਜਸਟਿਸ ਸੁਭਾਸ਼ ਵਿਦਿਆਰਥੀ ਨੇ ਗ੍ਰਹਿ ਮੰਤਰਾਲੇ ਦੇ ਵਿਦੇਸ਼ੀ ਵਿਭਾਗ ਨੂੰ ਮਾਮਲੇ ਨਾਲ ਸਬੰਧਤ ਸਾਰੇ ਜ਼ਰੂਰੀ ਦਸਤਾਵੇਜ਼ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਸਨ। ਮੰਤਰਾਲੇ ਨੇ ਇਸ ਕੇਸ ਨਾਲ ਜੁੜੀਆਂ ‘ਟੌਪ ਸੀਕਰੇਟ’ ਫਾਈਲਾਂ ਅਦਾਲਤ ਵਿਚ ਪੇਸ਼ ਕੀਤੀਆਂ ਹਨ। ਪਟੀਸ਼ਨਰ ਦਾ ਦਾਅਵਾ ਹੈ ਕਿ ਉਸ ਕੋਲ ਅਜਿਹੇ ਸਬੂਤ ਹਨ, ਜੋ ਦਰਸਾਉਂਦੇ ਹਨ ਕਿ ਰਾਹੁਲ ਗਾਂਧੀ ਯੂਨਾਈਟਿਡ ਕਿੰਗਡਮ (ਯੂ.ਕੇ.) ਵਿਚ ਇੱਕ ਵੋਟਰ ਵਜੋਂ ਰਜਿਸਟਰਡ ਰਹੇ ਹਨ ਅਤੇ ਉੱਥੋਂ ਦੀਆਂ ਚੋਣਾਂ ਵਿਚ ਹਿੱਸਾ ਲਿਆ ਹੈ। ਇਸ ਮਾਮਲੇ ਵਿਚ ਰਾਹੁਲ ਗਾਂਧੀ ’ਤੇ ਭਾਰਤੀ ਨਿਆ ਸੰਹਿਤਾ (ਬੀ.ਐੱਨ.ਐੱਸ.) ਦੇ ਨਾਲ-ਨਾਲ ਆਫੀਸ਼ੀਅਲ ਸੀਕਰੇਟਸ ਐਕਟ, ਪਾਸਪੋਰਟ ਐਕਟ ਅਤੇ ਫਾਰਨਰਜ਼ ਐਕਟ ਦੀਆਂ ਗੰਭੀਰ ਧਾਰਾਵਾਂ ਤਹਿਤ ਕੇਸ ਚਲਾਉਣ ਦੀ ਮੰਗ ਕੀਤੀ ਗਈ ਹੈ। ਅਦਾਲਤ ਨੇ ਇਸ ਨੂੰ ਕੌਮੀ ਸੁਰੱਖਿਆ ਨਾਲ ਜੁੜਿਆ ਇੱਕ ਗੰਭੀਰ ਵਿਸ਼ਾ ਮੰਨਿਆ ਹੈ।

# 2020 ਦਿੱਲੀ ਦੰਗੇ: ਸੁਪਰੀਮ ਕੋਰਟ ਵੱਲੋਂ ਉਮਰ ਖਾਲਿਦ ਦੀ ਜ਼ਮਾਨਤ ਪਟੀਸ਼ਨ ਖਾਰਜ

**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ 2020 ਦੇ ਦਿੱਲੀ ਦੰਗਿਆਂ ਦੀ ਸਾਜ਼ਿਸ਼ ਦੇ ਮਾਮਲੇ ਵਿਚ ਮੁਲਜ਼ਮ ਉਮਰ ਖਾਲਿਦ ਦੀ ਉਸ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ, ਜਿਸ ਵਿਚ ਉਸ ਨੇ ਪੰਜ ਜਨਵਰੀ ਦੇ ਜ਼ਮਾਨਤ ਨਾ ਦੇਣ ਦੇ ਹੁਕਮ ’ਤੇ ਮੁੜ ਵਿਚਾਰ ਕਰਨ ਦੀ ਮੰਗ ਕੀਤੀ ਸੀ। ਜਸਟਿਸ ਅਰਵਿੰਦ ਕੁਮਾਰ ਅਤੇ ਜਸਟਿਸ ਐੱਨ.ਵੀ. ਅੰਜਾਰੀਆ ਦੇ ਬੈਂਚ ਨੇ ਆਪਣੇ ਫੈਸਲੇ ਵਿਚ ਸਪੱਸ਼ਟ ਕੀਤਾ ਕਿ ਮੁੜ ਵਿਚਾਰ ਪਟੀਸ਼ਨ ਅਤੇ ਨੱਥੀ ਦਸਤਾਵੇਜ਼ਾਂ ਦੀ ਜਾਂਚ ਤੋਂ ਬਾਅਦ ਅਜਿਹਾ ਕੋਈ ਠੋਸ ਆਧਾਰ ਜਾਂ ਕਾਰਨ ਨਹੀਂ ਮਿਲਿਆ, ਜਿਸ ਨਾਲ ਪੁਰਾਣੇ ਫੈਸਲੇ ਦੀ ਸਮੀਖਿਆ ਕੀਤੀ ਜਾਵੇ।



ਅਦਾਲਤ ਨੇ ਖੁੱਲ੍ਹੀ ਅਦਾਲਤ ਵਿਚ ਜ਼ੁਬਾਨੀ ਸੁਣਵਾਈ ਦੀ ਮੰਗ ਨੂੰ ਵੀ ਰੱਦ ਕਰ ਦਿੱਤਾ, ਕਿਉਂਕਿ ਅਜਿਹੀਆਂ ਪਟੀਸ਼ਨਾਂ ਦੀ ਸੁਣਵਾਈ ਆਮ ਤੌਰ ’ਤੇ ਚੈਂਬਰ ਵਿਚ ਹੀ ਕੀਤੀ ਜਾਂਦੀ ਹੈ।

ਉਮਰ ਖਾਲਿਦ ਫਰਵਰੀ 2020 ਵਿਚ ਹੋਏ ਦਿੱਲੀ ਦੰਗਿਆਂ ਦੇ ਪਿੱਛੇ ਇੱਕ ਵੱਡੀ ਸਾਜ਼ਿਸ਼ ਰਚਣ ਦੇ ਦੋਸ਼ ਵਿਚ ਪਿਛਲੇ ਪੰਜ ਸਾਲਾਂ ਤੋਂ ਜੇਲ੍ਹ ਵਿਚ ਬੰਦ ਹੈ ਅਤੇ ਉਸ ਵਿਰੁੱਧ ਯੂ.ਏ.ਪੀ.ਏ. ਅਤੇ ਭਾਰਤੀ ਦੰਡਾਵਲੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਹੈ।

ਸੁਪਰੀਮ ਕੋਰਟ ਨੇ ਪਹਿਲਾਂ ਇਹ ਨੋਟ ਕੀਤਾ ਸੀ ਕਿ ਉਮਰ ਖਾਲਿਦ ਅਤੇ ਸ਼ਰਜੀਲ ਇਮਾਮ ਦੀ ਭੂਮਿਕਾ ਇਸ ਸਾਜ਼ਿਸ਼ ਦੀ ਯੋਜਨਾਬੰਦੀ ਅਤੇ ਤਿਆਰੀ ਵਿਚ ਕੇਂਦਰਿਤ ਰਹੀ ਹੈ, ਜੋ ਕਿ ਦੂਜੇ ਮੁਲਜ਼ਮਾਂ ਨਾਲੋਂ ਵੱਖਰੀ ਹੈ। ਹਾਲਾਂਕਿ ਅਦਾਲਤ ਨੇ ਪੰਜ ਹੋਰ ਸਹਿ-ਮੁਲਜ਼ਮਾਂ ਨੂੰ ਜ਼ਮਾਨਤ ਦੇ ਦਿੱਤੀ ਸੀ, ਪਰ ਖਾਲਿਦ ਦੀ ਮੁੜ ਵਿਚਾਰ ਪਟੀਸ਼ਨ ਨੂੰ ਖਾਰਜ ਕਰਦਿਆਂ ਅਦਾਲਤ ਨੇ ਆਪਣੇ ਪੁਰਾਣੇ ਫੈਸਲੇ ਨੂੰ ਬਰਕਰਾਰ ਰੱਖਿਆ ਹੈ। ਇਹ ਦੰਗੇ ਸੀ.ਏ.ਏ. ਅਤੇ ਐੱਨ.ਆਰ.ਸੀ. ਵਿਰੁੱਧ ਪ੍ਰਦਰਸ਼ਨਾਂ ਦੌਰਾਨ ਭੜਕੇ ਸਨ, ਜਿਸ ਵਿਚ 53 ਲੋਕਾਂ ਦੀ ਮੌਤ ਹੋਈ ਸੀ।

# ਆਬਕਾਰੀ ਨੀਤੀ ਮਾਮਲਾ : ਜਸਟਿਸ ਸਵਰਨਾ ਕਾਂਤਾ ਸ਼ਰਮਾ ਵੱਲੋਂ ਕੇਸ ਤੋਂ ਵੱਖ ਹੋਣ ਤੋਂ ਇਨਕਾਰ

- ਅਰਵਿੰਦ ਕੇਜਰੀਵਾਲ ਦੀ ਪਟੀਸ਼ਨ ਖਾਰਜ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਹਾਈ ਕੋਰਟ ਦੀ ਜੱਜ ਸਵਰਨਾ ਕਾਂਤਾ ਸ਼ਰਮਾ ਨੇ ਆਬਕਾਰੀ ਨੀਤੀ ਮਾਮਲੇ ਦੀ ਸੁਣਵਾਈ ਤੋਂ ਖੁਦ ਨੂੰ ਵੱਖ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਆਮ ਆਦਮੀ ਪਾਰਟੀ (ਆਪ) ਦੇ ਮੁਖੀ ਅਰਵਿੰਦ ਕੇਜਰੀਵਾਲ ਅਤੇ ਹੋਰ ਆਗੂਆਂ ਵੱਲੋਂ ਦਾਇਰ ਕੀਤੀ ਉਸ ਪਟੀਸ਼ਨ ਨੂੰ ਖਾਰਜ ਕਰ ਦਿੱਤਾ, ਜਿਸ ਵਿਚ ਮੰਗ ਕੀਤੀ ਗਈ ਸੀ ਕਿ ਉਹ ਇਸ ਕੇਸ ਦੀ ਸੁਣਵਾਈ ਨਾ ਕਰਨ।

ਇੱਕ ਘੰਟੇ ਤੋਂ ਵੱਧ ਸਮੇਂ ਤੱਕ ਚੱਲੀ ਸੁਣਵਾਈ ਦੌਰਾਨ ਜਸਟਿਸ ਸ਼ਰਮਾ ਨੇ ਕਿਹਾ ਕਿ ਕਿਸੇ ਵੀ ਮੁਕੱਦਮੇਬਾਜ਼ ਨੂੰ ਬਿਨਾਂ ਕਿਸੇ ਸਬੂਤ ਦੇ ਜੱਜ ਬਾਰੇ ਫੈਸਲਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਜੱਜ ਕਿਸੇ ਵਿਅਕਤੀ ਦੇ ਪੱਖਪਾਤ ਦੇ ਨਿਰਾਧਾਰ ਡਰ ਨੂੰ ਦੂਰ ਕਰਨ ਲਈ ਖੁਦ ਨੂੰ ਕੇਸ ਤੋਂ ਵੱਖ ਨਹੀਂ ਕਰ ਸਕਦੇ। ਜਸਟਿਸ ਸ਼ਰਮਾ ਨੇ ਸਪੱਸ਼ਟ ਕੀਤਾ ਕਿ ਕਿਸੇ ਵੀ ਸਿਆਸੀ ਆਗੂ ਨੂੰ ਬਿਨਾਂ ਕਿਸੇ ਆਧਾਰ ਦੇ ਕਿਸੇ ਸੰਸਥਾ ਨੂੰ ਨੁਕਸਾਨ ਪਹੁੰਚਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਕਿਸੇ ਜੱਜ ’ਤੇ ਨਿੱਜੀ ਤੌਰ ’ਤੇ ਨਿਸ਼ਾਨਾ ਸੇਧਣਾ ਅਸਲ ਵਿਚ ਪੂਰੀ ਨਿਆਪਾਲਿਕਾ ’ਤੇ ਸ਼ੱਕ ਕਰਨਾ ਹੁੰਦਾ ਹੈ।

ਜਸਟਿਸ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਨੂੰ ਕੇਸ ਤੋਂ ਹਟਾਉਣ ਲਈ ਦਾਇਰ ਕੀਤੀਆਂ ਗਈਆਂ ਪਟੀਸ਼ਨਾਂ ਵਿਚ ਦਿੱਤੇ ਗਏ ਵੇਰਵੇ ਸਿਰਫ਼ ਅੰਦਾਜ਼ਿਆਂ ਅਤੇ “ਕਥਿਤ ਝੁਕਾਅ” ’ਤੇ ਆਧਾਰਿਤ ਸਨ। ਉਨ੍ਹਾਂ ਕਿਹਾ, “ਇਹ ਅਦਾਲਤ ਆਪਣੇ ਲਈ ਅਤੇ ਸੰਸਥਾ ਦੀ ਮਰਿਆਦਾ ਲਈ ਖੜ੍ਹੀ ਰਹੇਗੀ... ਮੈਂ ਖੁਦ ਨੂੰ ਇਸ ਮਾਮਲੇ ਤੋਂ ਵੱਖ ਨਹੀਂ ਕਰਾਂਗੀ।” ਅਰਵਿੰਦ ਕੇਜਰੀਵਾਲ ਨੇ ਆਬਕਾਰੀ ਨੀਤੀ ਮਾਮਲੇ ਵਿਚ ਆਪਣੀ ਰਿਹਾਈ ਖ਼ਿਲਾਫ਼ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵੱਲੋਂ ਦਾਇਰ ਪਟੀਸ਼ਨ ਦੀ ਸੁਣਵਾਈ ਕਰ ਰਹੀ ਜੱਜ ਵਿਰੁੱਧ ਕਈ ਇਤਰਾਜ਼ ਉਠਾਏ ਸਨ। ਉਨ੍ਹਾਂ ਦਾ ਤਰਕ ਸੀ ਕਿ ਜਸਟਿਸ ਸ਼ਰਮਾ ਨੇ ਪਹਿਲਾਂ ਉਨ੍ਹਾਂ ਦੀ ਗ੍ਰਿਫ਼ਤਾਰੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ’ਤੇ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਇਲਾਵਾ ਇਸ ਜੱਜ ਨੇ ਮਨੀਸ਼ ਸਿਸੋਦੀਆ ਅਤੇ ਕੇ. ਕਵਿਤਾ ਸਮੇਤ ਹੋਰ ਮੁਲਜ਼ਮਾਂ ਦੀਆਂ ਜ਼ਮਾਨਤ ਪਟੀਸ਼ਨਾਂ ਨੂੰ ਵੀ ਖਾਰਜ ਕਰ ਦਿੱਤਾ ਸੀ।

# ਸਿੰਧ ਜਲ ਸੰਧੀ ’ਤੇ ਭਾਰਤ ਦੀ ਸਖ਼ਤੀ; ਪਾਣੀ ਨੂੰ ਰਣਨੀਤਕ ਹਥਿਆਰ ਵਜੋਂ ਵਰਤਣ ਦਾ ਫੈਸਲਾ

**ਨਵੀਂ ਦਿੱਲੀ, (ਪੰਜਾਬ ਮੇਲ)-** ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ ਸਿੰਧ ਜਲ ਸੰਧੀ ਨੂੰ ਮੁਲਤਵੀ ਰੱਖ ਕੇ ਆਪਣੀ ਰਣਨੀਤੀ ਵਿਚ ਇਤਿਹਾਸਕ ਬਦਲਾਅ ਕੀਤਾ ਹੈ। ਹੁਣ ਪਾਣੀ ਨੂੰ ਪਾਕਿਸਤਾਨ ਲਈ ਇੱਕ ਗਾਰੰਟੀਸ਼ੁਦਾ ਹੱਕ ਦੀ ਬਜਾਏ ਸਰਹੱਦ ਪਾਰਲੇ ਅੱਤਵਾਦੀ ਹਮਲਿਆਂ ਨੂੰ ਰੋਕਣ ਲਈ ਇੱਕ ਸ਼ਰਤਬੱਧ ਰਣਨੀਤਕ ਹਥਿਆਰ ਵਜੋਂ ਵਰਤਿਆ ਜਾਵੇਗਾ।

ਭਾਰਤ ਨੇ ਪਾਣੀ ਨੂੰ ਸੁਰੱਖਿਆ ਅਤੇ ਆਰਥਿਕਤਾ ਨਾਲ ਜੋੜ ਕੇ ਪਾਕਿਸਤਾਨ ਦੀ ਖੇਤੀਬਾੜੀ ਅਤੇ ਊਰਜਾ ਸਥਿਰਤਾ ’ਤੇ ਸਿੱਧਾ ਦਬਾਅ ਵਧਾ ਦਿੱਤਾ ਹੈ। ਇਸ ਫੈਸਲੇ ਨਾਲ ਭਾਰਤ ਨੂੰ ਆਪਣੀਆਂ ਵਧਦੀਆਂ ਲੋੜਾਂ ਅਤੇ ਜਲਵਾਯੂ ਚੁਣੌਤੀਆਂ ਨਾਲ ਨਜਿੱਠਣ ਲਈ ਵਧੇਰੇ ਲਚਕਤਾ ਮਿਲੇਗੀ। ਅੰਤਰਰਾਸ਼ਟਰੀ ਕਾਨੂੰਨਾਂ ਤਹਿਤ ਇਸ ਕਦਮ ਨੂੰ ਜਾਇਜ਼ ਠਹਿਰਾਉਂਦਿਆਂ ਭਾਰਤ ਨੇ ਸਪੱਸ਼ਟ ਕੀਤਾ ਹੈ ਕਿ ਪੁਰਾਣੀ ਵਿਵਸਥਾ ਵਿਚ ਬਿਨਾਂ ਕਿਸੇ ਬਦਲਾਅ ਦੇ ਵਾਪਸੀ ਹੁਣ ਸੰਭਵ ਨਹੀਂ ਹੈ। ਪਾਕਿਸਤਾਨ ਨੂੰ ਹੁਣ ਅੱਤਵਾਦ ਜਾਂ ਆਰਥਿਕ ਨੁਕਸਾਨ ਵਿਚੋਂ ਇੱਕ ਦੀ ਚੋਣ ਕਰਨੀ ਪਵੇਗੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

Editorial Board

Chief Editor
Gurjatinder S. Randhawa

Distributor
Jai Singh

Website
Madhu Shardha

Sub Editors
Sandeep Kumar
Amit
Ishu Hallan
Vijay
Surbhi Sharma
Ranjit Singh

Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# 84 ਸਿੱਖ ਕਤਲੇਆਮ; ਪੀੜਤਾਂ ਵੱਲੋਂ ਇਨਸਾਫ਼ ਲਈ ਜਥੇਦਾਰ ਦਾਦੂਵਾਲ ਨੂੰ ਮੰਗ ਪੱਤਰ

## ਯੋਗਤਾ ਦੇ ਆਧਾਰ 'ਤੇ ਪੱਕੀਆਂ ਨੌਕਰੀਆਂ ਦੀ ਕੀਤੀ ਮੰਗ



ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਮੰਗ ਪੱਤਰ ਦਿੰਦੇ ਹੋਏ ਪੀੜਤ ਪਰਿਵਾਰ।

**ਗੂਹਲਾ ਚੀਕਾ, (ਪੰਜਾਬ ਮੇਲ)**- ਦਿੱਲੀ ਸਮੇਤ ਭਾਰਤ ਦੇ ਵੱਖ-ਵੱਖ ਸੂਬਿਆਂ ਅੰਦਰ ਸੋਚੀ ਸਮਝੀ ਸਾਜਿਸ਼ ਦੇ ਤਹਿਤ ਟਾਰਗੇਟ ਕਰਕੇ ਸਿੱਖ ਕਤਲੇਆਮ ਕੀਤਾ ਗਿਆ, ਜਿਸ ਦਾ ਅਜੇ ਤੱਕ ਪੂਰਾ ਇਨਸਾਫ਼ ਪੀੜਤ ਪਰਿਵਾਰਾਂ ਨੂੰ ਨਹੀਂ ਮਿਲਿਆ। ਪਿਛਲੇ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਜਪਾ ਦੀ ਭਾਰਤ ਸਰਕਾਰ ਵੱਲੋਂ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦੇ ਜ਼ਖਮਾਂ 'ਤੇ ਮੱਲਮ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਜਿਸ ਤਹਿਤ ਕਾਂਗਰਸੀ ਆਗੂ ਸੱਜਣ ਕੁਮਾਰ ਸਮੇਤ ਕੁਝ ਦੋਸ਼ੀਆਂ ਨੂੰ ਸਜ਼ਾਵਾਂ, ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਨੌਕਰੀਆਂ ਦਿੱਤੀਆਂ ਗਈਆਂ ਹਨ, ਪਰ ਅਜੇ ਵੀ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਪੂਰਨ ਇਨਸਾਫ਼ ਪ੍ਰਾਪਤ ਨਹੀਂ ਹੋਇਆ।

ਮੀਡੀਆ ਨੂੰ ਇੱਕ ਲਿਖਤੀ ਪ੍ਰੈੱਸ ਨੋਟ ਜਾਰੀ ਕਰਦਿਆਂ ਜਥੇਦਾਰ ਦਾਦੂਵਾਲ ਦੇ ਮੀਡੀਆ ਇੰਚਾਰਜ ਭਾਈ ਜਗਮੀਤ ਸਿੰਘ ਬਰਾੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕੇ ਪਿੰਡ ਹੋਂਦ ਚਿੱਲੜ ਰਿਵਾੜੀ ਗੁੜਗਾਓਂ ਸਿਰਸਾ ਸਮੇਤ ਵੱਖ-ਵੱਖ ਥਾਵਾਂ ਤੋਂ ਨਵੰਬਰ 1984 ਦੌਰਾਨ ਕਾਂਗਰਸ ਦੀ ਸਰਕਾਰ ਵੱਲੋਂ ਕੀਤੇ ਕੀਤੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰ 'ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ' ਦੇ ਸੰਚਾਲਕ ਭਾਈ ਦਰਸ਼ਨ ਸਿੰਘ ਘੋਲੀਆ ਦੀ ਅਗਵਾਈ ਵਿਚ ਇੱਕ ਵਫ਼ਦ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਸਿਰਸਾ ਵਿਖੇ ਅਸਥਾਨ ਦੇ ਮੁੱਖ ਸੇਵਾਦਾਰ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਮਿਲਣ ਪਹੁੰਚੇ ਅਤੇ ਉਨ੍ਹਾਂ ਨੇ ਇੱਕ ਮੰਗ ਪੱਤਰ ਜਥੇਦਾਰ ਦਾਦੂਵਾਲ ਨੂੰ ਸੌਂਪਿਆ।

ਜਥੇਦਾਰ ਦਾਦੂਵਾਲ ਨੇ ਭਾਈ ਘੋਲੀਆ ਦੀ ਅਗਵਾਈ ਵਿਚ ਪਹੁੰਚੇ ਪੀੜਤ ਪਰਿਵਾਰਾਂ ਦੇ ਵਫ਼ਦ ਨੂੰ ਜਲਦੀ ਹੀ ਮਾਣਯੋਗ ਮੁੱਖ ਮੰਤਰੀ ਹਰਿਆਣਾ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕਰਕੇ ਉਨਾਂ ਦੀਆਂ ਮੰਗਾਂ ਨੂੰ ਪੂਰਾ ਕਰਵਾਉਣ ਦਾ ਭਰੋਸਾ ਦਿੱਤਾ। ਭਾਈ ਬਰਾੜ ਨੇ ਦੱਸਿਆ ਕੇ ਪਿਛਲੇ ਸਮੇਂ ਹਰਿਆਣਾ ਸਰਕਾਰ ਵੱਲੋਂ ਮਾਣਯੋਗ ਟੀ.ਪੀ. ਗਰਗ ਕਮਿਸ਼ਨ ਦੀ ਰਿਪੋਰਟ ਅਨੁਸਾਰ ਪੀੜਤ ਪਰਿਵਾਰਾਂ ਨੂੰ 22 ਕਰੋੜ 60 ਲੱਖ ਰੁਪਏ ਦਾ ਮੁਆਵਜ਼ਾ ਵੀ ਦਿੱਤਾ ਗਿਆ ਸੀ। ਸਾਲ 2025 ਵਿਚ ਨਾਇਬ ਸਿੰਘ ਸੈਣੀ ਹਰਿਆਣਾ ਸਰਕਾਰ ਵੱਲੋਂ ਨਵੰਬਰ 1984 ਸਿੱਖ ਕਤਲੇਆਮ ਦੇ ਪੀੜਤ 121 ਪਰਿਵਾਰਾਂ ਨੂੰ ਸਰਕਾਰੀ ਨੌਕਰੀਆਂ ਦੇਣ ਦਾ ਐਲਾਨ ਕੀਤਾ ਗਿਆ ਸੀ, ਜਿਸ ਵਿਚ 34 ਪਰਿਵਾਰਾਂ ਦੇ ਬੱਚੇ-ਬੱਚੀਆਂ ਨੂੰ ਨਿਯੁਕਤੀ ਪੱਤਰ 24 ਨਵੰਬਰ 2025 ਨੂੰ ਪੰਚਕੂਲਾ ਵਿਖੇ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦੀ ਹਾਜ਼ਰੀ ਵਿਚ ਦਿੱਤੇ ਗਏ ਸਨ।

ਭਾਈ ਬਰਾੜ ਨੇ ਦੱਸਿਆ ਕਿ ਪੀੜਤ ਪਰਿਵਾਰਾਂ ਨੇ ਜਥੇਦਾਰ ਦਾਦੂਵਾਲ ਨੂੰ ਮੰਗ ਪੱਤਰ 'ਚ ਦੱਸਿਆ ਕੇ ਉਨ੍ਹਾਂ ਨੂੰ ਯੋਗਤਾ ਮੁਤਾਬਿਕ ਨੌਕਰੀਆਂ ਨਹੀਂ ਦਿੱਤੀਆਂ ਗਈਆਂ। ਇਸ ਲਈ 34 ਵਿਚੋਂ 31 ਪਰਿਵਾਰਾਂ ਨੇ ਨਿਯੁਕਤੀ ਪੱਤਰ ਸਰਕਾਰ ਨੂੰ ਵਾਪਸ ਕਰ ਦਿੱਤੇ ਸਨ। ਪੀੜਤ ਪਰਿਵਾਰਾਂ ਨੇ ਜਥੇਦਾਰ ਦਾਦੂਵਾਲ ਕੋਲ ਪਹੁੰਚ ਕਰਕੇ ਮੰਗ ਕੀਤੀ ਕਿ ਉਨ੍ਹਾਂ ਦੇ ਬੱਚਿਆਂ ਨੂੰ ਯੋਗਤਾ ਦੇ ਆਧਾਰ ਉੱਪਰ ਪੱਕੀਆਂ ਸਰਕਾਰੀ ਨੌਕਰੀਆਂ ਦਿੱਤੀਆਂ ਜਾਣ ਅਤੇ ਜੋ ਪੀੜਤ ਪਰਿਵਾਰ ਵਾਂਝੇ ਰਹਿ ਗਏ ਹਨ, ਉਨ੍ਹਾਂ ਨੂੰ ਵੀ ਮੁਆਵਜ਼ਾ ਅਤੇ ਨੌਕਰੀਆਂ ਦਿਵਾਈਆਂ ਜਾਣ।

ਭਾਈ ਬਰਾੜ ਨੇ ਦੱਸਿਆ ਕੇ ਹੋਂਦ ਚਿੱਲੜ ਪਰਿਵਾਰ ਜਿੱਥੇ ਇੱਕੋ ਦਿਨ ਵਿਚ 32 ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ, ਜਿਨ੍ਹਾਂ ਵਿਚ 31 ਹੋਂਦ ਚਿੱਲੜ ਅਤੇ ਇੱਕ ਭਾਈ ਇੰਦਰਜੀਤ ਸਿੰਘ ਬਟਾਲਾ ਗੁਰਦਾਸਪੁਰ ਦਾ ਇੱਕ ਫੌਜੀ ਸਿੱਖ ਜੋ ਬਦਲੇ ਹਾਲਾਤਾਂ ਕਾਰਨ ਹੋਂਦ ਚਿੱਲੜ ਰੇਲਵੇ ਸਟੇਸ਼ਨ 'ਤੇ ਉੱਤਰ ਕੇ ਸਿੱਖਾਂ ਦੀ ਢਾਣੀ ਹੋਂਦ ਚਿੱਲੜ ਵਿਖੇ ਰਾਤ ਕੱਟਣ ਪਹੁੰਚਿਆ ਸੀ, ਉਹ ਵੀ ਇਸ ਕਹਿਰ ਦੀ ਭੇਂਟ ਚੜ੍ਹ ਗਿਆ ਸੀ। ਹੋਂਦ ਚਿੱਲੜ ਕਤਲੇਆਮ ਵਿਚ ਆਪਣੇ ਪਿਤਾ, ਚਾਚੇ, ਤਾਏ ਦੇ ਪਰਿਵਾਰ ਵਿਚ 18 ਜੀਅ ਗਵਾ ਚੁੱਕੀ ਬੀਬੀ ਗੁੱਡੀ ਕੌਰ ਅਤੇ ਗੁੜਗਾਓਂ ਵਿਚ ਆਪਣੇ ਪਰਿਵਾਰ ਦੇ 6 ਜੀਅ ਮਾਤਾ, ਪਿਤਾ ਸਮੇਤ ਚਾਰ ਭੈਣ-ਭਰਾ ਗਵਾ ਚੁੱਕੇ ਭਾਈ ਰਾਮ ਸਿੰਘ ਜੋ ਅੱਜਕੱਲ੍ਹ ਪਟਿਆਲਾ ਰਹਿ ਰਿਹਾ ਹੈ, ਨੇ ਕਿਹਾ ਕੇ ਭਾਈ ਦਰਸ਼ਨ ਸਿੰਘ ਘੋਲੀਆ ਦੀ ਅਗਵਾਈ ਵਿਚ ਵਫ਼ਦ ਲੈ ਕੇ ਜਥੇਦਾਰ ਦਾਦੂਵਾਲ ਕੋਲ ਇਸ ਲਈ ਪਹੁੰਚੇ ਸੀ ਕਿਉਂਕਿ ਜਥੇਦਾਰ ਦਾਦੂਵਾਲ ਪੰਥਕ ਜਜ਼ਬੇ ਨਾਲ ਲਬਰੇਜ਼ ਸਿੱਖ ਆਗੂ ਹਨ ਅਤੇ ਹਮੇਸ਼ਾਂ ਪੰਥਕ ਮਾਮਲਿਆ 'ਤੇ ਅਵਾਜ਼ ਬੁਲੰਦ ਕਰਦੇ ਦੀਨ ਦੁਖੀਆਂ ਦੀ ਬਾਂਹ ਫੜਦੇ ਹਨ। ਉਨ੍ਹਾਂ ਨੇ ਕਈ ਸਮਾਜਿਕ ਕਾਰਜ ਕੀਤੇ ਹਨ।

# ਦੁਨੀਆਂ ਦੇ ਸੋਨੇ ਦੀ ਲਗਭਗ ਅੱਧਾ ਹਿੱਸਾ ਇਕੱਲੇ ਭਾਰਤ ਅਤੇ ਚੀਨ ਕੋਲ

## ਉਤਪਾਦਨ ਦੇ ਮਾਮਲੇ 'ਚ ਅਫਰੀਕਾ ਪਹਿਲੇ ਨੰਬਰ 'ਤੇ



**ਨਵੀਂ ਦਿੱਲੀ, (ਪੰਜਾਬ ਮੇਲ)**-ਸੋਨੇ ਦੀਆਂ ਅਸਮਾਨੀ ਚੜ੍ਹਦੀਆਂ ਕੀਮਤਾਂ ਦੇ ਬਾਵਜੂਦ, ਗਲੋਬਲ ਮਾਰਕੀਟ ਵਿਚ ਭਾਰਤ ਅਤੇ ਚੀਨ ਦਾ ਦਬਦਬਾ ਲਗਾਤਾਰ ਵਧ ਰਿਹਾ ਹੈ। ਤਾਜ਼ਾ ਅੰਕੜਿਆਂ ਅਨੁਸਾਰ, ਦੁਨੀਆਂ ਭਰ ਵਿਚ ਸੋਨੇ ਦੀ ਕੁੱਲ ਮੰਗ ਦਾ ਲਗਭਗ ਅੱਧਾ ਹਿੱਸਾ ਇਕੱਲੇ ਭਾਰਤ ਅਤੇ ਚੀਨ ਤੋਂ ਆ ਰਿਹਾ ਹੈ। ਰਿਪੋਰਟ ਮੁਤਾਬਕ ਗਲੋਬਲ ਗੋਲਡ ਡਿਮਾਂਡ ਵਿੱਚ ਉਭਰਦੇ ਹੋਏ ਬਾਜ਼ਾਰਾਂ (Emerging Markets) ਦੀ ਹਿੱਸੇਦਾਰੀ 70 ਫੀਸਦੀ ਤੱਕ ਪਹੁੰਚ ਗਈ ਹੈ।

ਪਿਛਲੇ 10 ਸਾਲਾਂ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਸੋਨੇ ਦੀ ਵਿਸ਼ਵਵਿਆਪੀ ਮੰਗ ਵਿਚ ਚੀਨ 27 ਫੀਸਦੀ ਹਿੱਸੇਦਾਰੀ ਨਾਲ ਪਹਿਲੇ ਨੰਬਰ 'ਤੇ ਹੈ, ਜਦਕਿ ਭਾਰਤ 21 ਫੀਸਦੀ ਦੇ ਨਾਲ ਦੂਜੇ ਸਥਾਨ 'ਤੇ ਕਾਬਜ਼ ਹੈ। ਇਸ ਤੋਂ ਇਲਾਵਾ, ਦੁਨੀਆਂ ਦੇ ਹੋਰ ਹਿੱਸਿਆਂ ਦੀ ਗੱਲ ਕਰੀਏ ਤਾਂ ਉੱਤਰੀ ਅਮਰੀਕਾ ਦੀ ਹਿੱਸੇਦਾਰੀ 11 ਫੀਸਦੀ, ਯੂਰਪ (ਰੂਸ ਸਮੇਤ) ਦੀ 12 ਫੀਸਦੀ, ਮੱਧ ਪੂਰਬ ਦੀ 7 ਫੀਸਦੀ ਅਤੇ ਦੱਖਣ-ਪੂਰਬੀ ਏਸ਼ੀਆ ਦੀ ਹਿੱਸੇਦਾਰੀ 10 ਫੀਸਦੀ ਹੈ। ਇਸ ਮੰਗ ਵਿਚ ਗਹਿਣੇ, ਸੋਨੇ ਦੀਆਂ ਇੱਟਾਂ (Bars), ਸਿੱਕੇ, ਈ.ਟੀ.ਐੱਫ. ਅਤੇ ਤਕਨਾਲੋਜੀ ਖੇਤਰ ਦੀ ਮੰਗ ਸ਼ਾਮਲ ਹੈ।

ਸੋਨੇ ਦੀ ਸਪਲਾਈ ਦੇ ਮਾਮਲੇ ਵਿਚ ਅਫਰੀਕਾ 26 ਫੀਸਦੀ ਯੋਗਦਾਨ ਨਾਲ ਦੁਨੀਆਂ ਵਿਚ ਸਭ ਤੋਂ ਅੱਗੇ ਹੈ। ਇਸ ਤੋਂ ਬਾਅਦ ਏਸ਼ੀਆ 19 ਫੀਸਦੀ ਸਪਲਾਈ ਨਾਲ ਦੂਜੇ ਨੰਬਰ 'ਤੇ ਹੈ। ਜੇਕਰ ਸੋਨਾ ਉਤਪਾਦਨ ਕਰਨ ਵਾਲੇ ਦੇਸ਼ਾਂ ਦੀ ਗੱਲ ਕਰੀਏ, ਤਾਂ ਚੀਨ ਸਭ ਤੋਂ ਵੱਡਾ ਉਤਪਾਦਕ ਹੈ, ਜਿਸ ਤੋਂ ਬਾਅਦ ਰੂਸ, ਆਸਟ੍ਰੇਲੀਆ, ਕੈਨੇਡਾ ਅਤੇ ਅਮਰੀਕਾ ਵਰਗੇ ਦੇਸ਼ਾਂ ਦਾ ਨੰਬਰ ਆਉਂਦਾ ਹੈ। ਦੁਨੀਆਂ ਵਿਚ ਸੋਨੇ ਦੀ ਕੁੱਲ ਸਪਲਾਈ ਦਾ 74 ਫੀਸਦੀ ਹਿੱਸਾ ਮਾਈਨਿੰਗ (ਖਾਣਾਂ) ਤੋਂ ਆਉਂਦਾ ਹੈ, ਜਦਕਿ ਬਾਕੀ 26 ਫੀਸਦੀ ਮੰਗ ਰੀਸਾਈਕਲਿੰਗ ਰਾਹੀਂ ਪੂਰੀ ਕੀਤੀ ਜਾਂਦੀ ਹੈ।

ਸੋਨੇ ਦੀਆਂ ਕੀਮਤਾਂ ਇਸ ਸਾਲ ਜਨਵਰੀ ਵਿਚ ਆਪਣੇ ਆਲ-ਟਾਈਮ ਹਾਈ (ਸਭ ਤੋਂ ਉੱਚੇ ਪੱਧਰ) 'ਤੇ ਪਹੁੰਚ ਗਈਆਂ ਸਨ। ਹਾਲਾਂਕਿ, ਈਰਾਨ ਯੁੱਧ ਅਤੇ ਹੋਰ ਭੂ-ਰਾਜਨੀਤਿਕ ਕਾਰਨਾਂ ਕਰਕੇ ਕੀਮਤਾਂ ਵਿਚ ਕੁਝ ਨਰਮੀ ਦੇਖੀ ਗਈ ਹੈ।

# ਐੱਸ.ਜੀ.ਪੀ.ਸੀ. ਵੱਲੋਂ ਭਾਈ ਰਾਜੋਆਣਾ ਦੀ ਰਿਹਾਈ ਲਈ ਜਥੇਦਾਰ ਦੇ ਦਖਲ ਦੀ ਮੰਗ



**ਅੰਮ੍ਰਿਤਸਰ, (ਪੰਜਾਬ ਮੇਲ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚ ਪੰਜਾਬ ਦੀ ਨੁਮਾਇੰਦਗੀ ਘਟਾਏ ਜਾਣ ਅਤੇ ਭਗਤ ਰਵਿਦਾਸ ਜੀ ਦੀ 650 ਸਾਲਾ ਜਨਮ ਸ਼ਤਾਬਦੀ ਮਨਾਉਣ ਸਬੰਧੀ ਵਿਚਾਰਾਂ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਅਤੇ ਗੁਰਦੁਆਰਾ ਸਾਹਿਬਾਨ ਨਾਲ ਸਬੰਧਤ ਮਾਮਲੇ ਵਿਚਾਰੇ ਗਏ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੰਤ੍ਰਿੰਗ ਕਮੇਟੀ ਦੇ ਫ਼ੈਸਲਿਆਂ ਬਾਰੇ ਦੱਸਿਆ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਤਬਦੀਲ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਵੱਲੋਂ 14 ਸਾਲ ਪਹਿਲਾਂ ਪਟੀਸ਼ਨ ਪਾਈ ਗਈ ਸੀ, ਪਰੰਤੂ ਕੇਂਦਰ ਸਰਕਾਰ ਨੇ ਇਸ ਸਬੰਧੀ ਹਮੇਸ਼ਾ ਅੜੀਅਲ ਰਵੱਈਆ ਹੀ ਅਪਣਾਈ ਰੱਖਿਆ। ਸਰਕਾਰ ਦੀ ਅਜਿਹੀ ਪਹੁੰਚ ਜਿਥੇ ਸਿੱਖ ਭਾਵਨਾਵਾਂ ਦਾ ਨਿਰਾਦਰ ਹੈ, ਉਥੇ ਹੀ ਘੱਟਗਿਣਤੀਆਂ ਪ੍ਰਤੀ ਉਸ ਦੀ ਸੋਚ ਨੂੰ ਪ੍ਰਗਟਾਉਂਦੀ ਹੈ। ਉਨ੍ਹਾਂ ਕਿਹਾ ਕਿ ਹੁਣ ਭਾਈ ਬਲਵੰਤ ਸਿੰਘ ਰਾਜੋਆਣਾ ਸ਼੍ਰੋਮਣੀ ਕਮੇਟੀ ਨੂੰ ਵਾਰ-ਵਾਰ ਆਪਣੀ ਅਪੀਲ ਵਾਪਸ ਲੈਣ ਲਈ ਕਹਿ ਰਹੇ ਹਨ, ਲੇਕਿਨ ਸ਼੍ਰੋਮਣੀ ਕਮੇਟੀ ਨੇ ਇਹ ਅਪੀਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਕੀਤੀ ਸੀ। ਇਸ ਲਈ ਅੰਤ੍ਰਿੰਗ ਕਮੇਟੀ ਨੇ ਵਿਚਾਰ ਮਗਰੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਅਪੀਲ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਯੋਗ ਆਦੇਸ਼ ਲਈ ਬੇਨਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੋ ਵੀ ਆਦੇਸ਼ ਆਵੇਗਾ ਸ਼੍ਰੋਮਣੀ ਕਮੇਟੀ ਉਸ 'ਤੇ ਪਹਿਰਾ ਦੇਵੇਗੀ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਕੇਂਦਰ ਸਰਕਾਰ ਵੱਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਪ੍ਰਬੰਧਾਂ ਨੂੰ ਲੈ ਕੇ ਪੰਜਾਬ ਨਾਲ ਲਗਾਤਾਰ ਕੀਤੇ ਜਾ ਰਹੇ ਵਿਤਕਰੇ ਸਬੰਧੀ ਵੀ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਇਹ ਪੰਜਾਬ ਦੇ ਹੱਕਾਂ ਹਿੱਤਾਂ ਨਾਲ ਇਕ ਹੋਰ ਵੱਡਾ ਧੱਕਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਦਰਿਆਈ ਪਾਣੀ ਜਿਨ੍ਹਾਂ 'ਤੇ ਪਹਿਲਾ ਹੱਕ ਪੰਜਾਬ ਦੇ ਲੋਕਾਂ ਦਾ ਹੈ, ਨੂੰ ਹਥਿਆਉਣ ਲਈ ਕੇਂਦਰ ਗ਼ਲਤ ਤਰੀਕੇ ਅਪਣਾਅ ਰਿਹਾ ਹੈ। ਅੰਤ੍ਰਿੰਗ ਕਮੇਟੀ ਨੇ ਕੇਂਦਰ ਸਰਕਾਰ ਨੂੰ ਆਖਿਆ ਹੈ ਕਿ ਅਜਿਹਾ ਕੋਈ ਵੀ ਨਿਯਮ ਲਾਗੂ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਵੇ, ਜੋ ਪੰਜਾਬੀਆਂ ਦੇ ਹੱਕਾਂ ਵਿਰੁੱਧ ਹੋਵੇ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

RESIDENTIAL, COMMERCIAL AND SOLAR FARMS
with Singhsloar High performance Bifacial Smart Panels
ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ


ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ
ਸਿਰਫ ਇਕ ਕਾਲ - ਵੱਡੀ ਬੱਚਤ
510-706-1300
singhsolarusa@gmail.com

# ਲਾਰੈਂਸ ਦੀ ਡਾਕਿਊ-ਸੀਰੀਜ਼, ਫਿਲਮ ਤੇ ਵਿਦੇਸ਼ੀ ਰਿਪੋਰਟਾਂ ਤੋਂ ਸਿਆਸਤ ਗਰਮਾਈ

**ਓਨਟਾਰੀਓ/ਚੰਡੀਗੜ੍ਹ, (ਪੰਜਾਬ ਮੇਲ)**-ਗੈਂਗਸਟਰ ਲਾਰੈਂਸ ਬਿਸ਼ਨੋਈ, ਜੋ ਕਿ ਫਿਰੌਤੀ ਅਤੇ ਫਿਰੌਤੀ ਦੇ ਮਾਮਲਿਆਂ ਲਈ ਖ਼ਬਰਾਂ ਵਿਚ ਰਿਹਾ ਹੈ, ਹੁਣ ਕ੍ਰਿਕਟ ਸੱਟੇਬਾਜ਼ੀ ਵਿਚ ਕਥਿਤ ਸ਼ਮੂਲੀਅਤ ਦੇ ਦੋਸ਼ਾਂ ਨੂੰ ਲੈ ਕੇ ਇੱਕ ਨਵੇਂ ਵਿਵਾਦ ਵਿਚ ਘਿਰ ਗਿਆ ਹੈ। ਕੈਨੇਡੀਅਨ ਕ੍ਰਿਕਟ ਟੀਮ ਨਾਲ ਕਥਿਤ ਸਬੰਧਾਂ ਦੀ ਜਾਂਚ ਕਰਨ ਵਾਲੇ ਇੱਕ ਨਿੱਜੀ ਵਿਦੇਸ਼ੀ ਚੈਨਲ ਦੁਆਰਾ ਬਣਾਈ ਗਈ ਇੱਕ ਦਸਤਾਵੇਜ਼ੀ ਨੇ ਇਸ ਮੁੱਦੇ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਧਿਆਨ ਦਿੱਤਾ ਹੈ। ਇਸ ਦੌਰਾਨ, 27 ਅਪ੍ਰੈਲ, 2026 ਨੂੰ ਜ਼ੀ5 'ਤੇ ਰਿਲੀਜ਼ ਹੋਣ ਵਾਲੀ ਦਸਤਾਵੇਜ਼ੀ ਲੜੀ "ਲਾਰੈਂਸ ਆਫ਼ ਪੰਜਾਬ" ਅਤੇ ਅਕਤੂਬਰ 2024 ਵਿਚ ਅਮਿਤ ਜਾਨੀ ਦੁਆਰਾ ਐਲਾਨੀ ਗਈ "ਲਾਰੈਂਸ – ਏ ਗੈਂਗਸਟਰ ਸਟੋਰੀ" ਨੇ ਇਸ ਮੁੱਦੇ ਨੂੰ ਹੋਰ ਸਿਆਸੀਕਰਨ ਕਰ ਦਿੱਤਾ ਹੈ।



ਜ਼ੀ5 ਦਸਤਾਵੇਜ਼ੀ "ਲਾਰੈਂਸ ਆਫ਼ ਪੰਜਾਬ" ਦੇ ਟ੍ਰੇਲਰ ਨੇ 20 ਅਪ੍ਰੈਲ ਨੂੰ ਰਿਲੀਜ਼ ਹੋਣ 'ਤੇ ਵਿਵਾਦ ਛੇੜ ਦਿੱਤਾ। ਰਾਘਵ ਡਾਰ ਦੁਆਰਾ ਨਿਰਦੇਸ਼ਤ, ਇਹ ਲੜੀ ਲਾਰੈਂਸ ਬਿਸ਼ਨੋਈ ਦੇ ਵਿਦਿਆਰਥੀ ਰਾਜਨੀਤੀ ਤੋਂ ਅਪਰਾਧ ਦੀ ਦੁਨੀਆਂ ਤੱਕ ਦੇ ਸਫ਼ਰ, ਉਸਦੇ ਨੈੱਟਵਰਕ ਅਤੇ ਉਸਦੇ ਡਿਜੀਟਲ ਸਿੰਡੀਕੇਟ ਦੀ ਪੜਚੋਲ ਕਰਦੀ ਹੈ।


ਟ੍ਰੇਲਰ ਉਨ੍ਹਾਂ ਹਾਲਾਤਾਂ ਨੂੰ ਦਿਖਾਉਣ ਦੀ ਕੋਸ਼ਿਸ਼ ਕਰਦਾ ਹੈ, ਜੋ ਨੌਜਵਾਨਾਂ ਨੂੰ ਅਪਰਾਧ ਵੱਲ ਲੈ ਜਾਂਦੇ ਹਨ ਅਤੇ ਕਿਵੇਂ ਗੈਂਗਸਟਰ ਨੈੱਟਵਰਕ ਸਰਹੱਦਾਂ ਤੋਂ ਪਾਰ ਫੈਲਦੇ ਹਨ। ਇਸ ਲੜੀ ਵਿਚ ਪੰਜਾਬੀ ਕਲਾਕਾਰਾਂ ਅਤੇ ਮਾਹਿਰਾਂ ਨਾਲ ਇੰਟਰਵਿਊ ਵੀ ਸ਼ਾਮਲ ਹਨ, ਜੋ ਸੂਬੇ ਦੇ ਵਧ ਰਹੇ ਅਪਰਾਧ ਅਤੇ ਸਮਾਜਿਕ ਹਾਲਾਤਾਂ 'ਤੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ।

ਇਸ ਦੌਰਾਨ, ਅੰਤਰਰਾਸ਼ਟਰੀ ਮੀਡੀਆ ਰਿਪੋਰਟਾਂ ਨੇ ਇਸ ਮੁੱਦੇ ਨੂੰ ਹੋਰ ਵਧਾ ਦਿੱਤਾ ਹੈ। ਸੀ.ਐੱਨ.ਬੀ.ਸੀ. ਅਤੇ ਕੈਨੇਡਾ ਬ੍ਰੌਡਕਾਸਟ ਦਾ ਦਾਅਵਾ ਹੈ ਕਿ ਲਾਰੈਂਸ ਬਿਸ਼ਨੋਈ ਗੈਂਗ ਦਾ ਪ੍ਰਭਾਵ ਵਿਦੇਸ਼ਾਂ ਵਿਚ ਫੈਲਿਆ ਹੋਇਆ ਹੈ ਅਤੇ ਇਹ ਕ੍ਰਿਕਟ ਨਾਲ ਸਬੰਧਤ ਸੱਟੇਬਾਜ਼ੀ ਨੈੱਟਵਰਕ ਵਿਚ ਵੀ ਫਸਿਆ ਹੋਇਆ ਹੈ। ਰਿਪੋਰਟਾਂ ਵਿਚ ਕੈਨੇਡੀਅਨ ਕ੍ਰਿਕਟ ਟੀਮ ਨਾਲ ਜੁੜੇ ਵਿਅਕਤੀਆਂ ਦੀ ਜਾਂਚ ਅਤੇ ਸ਼ੱਕੀ ਲੈਣ-ਦੇਣ ਦਾ ਜ਼ਿਕਰ ਹੈ। ਜਦੋਂ ਕਿ ਇਨ੍ਹਾਂ ਦਾਅਵਿਆਂ ਦੀ ਅਜੇ ਤੱਕ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ, ਜਾਂਚ ਏਜੰਸੀਆਂ ਪਿਛਲੇ ਦੋ ਸਾਲਾਂ ਤੋਂ ਨਿਗਰਾਨੀ ਅਤੇ ਸੀ.ਸੀ.ਟੀ.ਵੀ. ਫੁਟੇਜ ਦੇ ਆਧਾਰ 'ਤੇ ਨੈੱਟਵਰਕ ਦੀ ਨਿਗਰਾਨੀ ਕਰ ਰਹੀਆਂ ਹਨ।

ਇਸ ਦੌਰਾਨ, ਇਸ ਪੂਰੇ ਵਿਕਾਸ ਦੇ ਵਿਚਕਾਰ, ਸਮੱਗਰੀ ਉਦਯੋਗ ਵਿਚ ਵੀ ਲਾਰੈਂਸ ਬਿਸ਼ਨੋਈ 'ਤੇ ਪ੍ਰੋਜੈਕਟਾਂ ਲਈ ਤੇਜ਼ੀ ਦੇਖਣ ਨੂੰ ਮਿਲ ਰਹੀ ਹੈ। ਅਕਤੂਬਰ 2024 ਵਿਚ, ਨਿਰਮਾਤਾ ਅਮਿਤ ਜਾਨੀ ਨੇ "ਲਾਰੈਂਸ – ਏ ਗੈਂਗਸਟਰ ਸਟੋਰੀ" ਸਿਰਲੇਖ ਵਾਲੀ ਇੱਕ ਵੈੱਬ ਸੀਰੀਜ਼ ਦੀ ਘੋਸ਼ਣਾ ਕੀਤੀ, ਜੋ ਸਪੱਸ਼ਟ ਤੌਰ 'ਤੇ ਇਸ ਵਿਸ਼ੇ 'ਤੇ ਚੱਲ ਰਹੇ ਕੰਮ ਨੂੰ ਦਰਸਾਉਂਦੀ ਹੈ। ਇਸ ਮੁੱਦੇ ਨੇ ਰਾਜਨੀਤਿਕ ਤੌਰ 'ਤੇ ਵੀ ਜ਼ੋਰ ਫੜਿਆ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਫਿਲਮ ਦਾ ਸਖ਼ਤ ਵਿਰੋਧ ਕਰਦੇ ਹੋਏ ਕਿਹਾ ਕਿ ਗੈਂਗਸਟਰਾਂ ਦੀ ਕਿਸੇ ਵੀ ਰੂਪ ਵਿਚ ਵਡਿਆਈ ਨਹੀਂ ਕੀਤੀ ਜਾਣੀ ਚਾਹੀਦੀ। ਉਨ੍ਹਾਂ ਕਿਹਾ ਕਿ ਅਜਿਹੀ ਸਮੱਗਰੀ ਨੌਜਵਾਨਾਂ 'ਤੇ ਨਕਾਰਾਤਮਕ ਪ੍ਰਭਾਵ ਪਾ ਸਕਦੀ ਹੈ ਅਤੇ ਸਮਾਜ ਨੂੰ ਇੱਕ ਖਤਰਨਾਕ ਸੁਨੇਹਾ ਭੇਜ ਸਕਦੀ ਹੈ। "ਲਾਰੈਂਸ ਆਫ਼ ਪੰਜਾਬ" ਦੀ ਰਿਲੀਜ਼ ਤੋਂ ਪਹਿਲਾਂ ਹੀ, ਇਹ ਮੁੱਦਾ ਮਨੋਰੰਜਨ ਤੋਂ ਪਰੇ ਰਾਜਨੀਤੀ, ਸਮਾਜ ਅਤੇ ਅੰਤਰਰਾਸ਼ਟਰੀ ਸਬੰਧਾਂ ਤੱਕ ਪਹੁੰਚ ਚੁੱਕਾ ਹੈ।

# ਯੂਕਰੇਨੀ ਰਾਸ਼ਟਰਪਤੀ ਜ਼ੇਲੇਂਸਕੀ ਵੱਕਾਰੀ ਅੰਤਰਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ

**ਮਿਡਲਬਰਗ, (ਪੰਜਾਬ ਮੇਲ)**- ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੂੰ ਵੀਰਵਾਰ ਨੂੰ ਇੱਕ ਸਮਾਰੋਹ 'ਚ ਵੱਕਾਰੀ **'International Four Freedoms Award'** ਨਾਲ ਸਨਮਾਨਿਤ ਕੀਤਾ ਗਿਆ। ਜ਼ੇਲੇਂਸਕੀ ਨੂੰ ਇਹ ਪੁਰਸਕਾਰ ਉਨ੍ਹਾਂ ਅਤੇ ਉਨ੍ਹਾਂ ਦੇ ਦੇਸ਼ ਦੀ ਰੂਸ ਦੁਆਰਾ ਚਾਰ ਸਾਲ ਤੋਂ ਵੱਧ ਸਮਾਂ ਪਹਿਲਾਂ ਸ਼ੁਰੂ ਕੀਤੇ ਗਏ ਯੁੱਧ ਦਾ ਜਵਾਬ ਦੇਣ ਵਿਚ ਹਿੰਮਤ ਅਤੇ ਦ੍ਰਿੜ੍ਹਤਾ ਲਈ ਦਿੱਤਾ ਗਿਆ। ਇਹ ਸਨਮਾਨ 1982 ਵਿਚ ਸਥਾਪਿਤ ਰੂਜ਼ਵੈਲਟ ਫਾਊਂਡੇਸ਼ਨ ਦੁਆਰਾ ਪ੍ਰਦਾਨ ਕੀਤਾ ਗਿਆ।



1941 ਦੇ ਇੱਕ ਭਾਸ਼ਣ ਵਿਚ, ਅਮਰੀਕੀ ਰਾਸ਼ਟਰਪਤੀ ਫ੍ਰੈਂਕਲਿਨ ਡੀ. ਰੂਜ਼ਵੈਲਟ ਨੇ ਚਾਰ ਤਰ੍ਹਾਂ ਦੀਆਂ ਆਜ਼ਾਦੀਆਂ ਦਾ ਜ਼ਿਕਰ ਕੀਤਾ ਸੀ, ਜਿਸ ਵਿਚ ਪ੍ਰਗਟਾਵੇ ਦੀ ਆਜ਼ਾਦੀ, ਪੂਜਾ ਦੀ ਆਜ਼ਾਦੀ, ਘਾਟ ਤੋਂ ਆਜ਼ਾਦੀ ਅਤੇ ਡਰ ਤੋਂ ਆਜ਼ਾਦੀ ਸ਼ਾਮਲ ਸਨ। ਫਾਊਂਡੇਸ਼ਨ ਦੇ ਪ੍ਰਧਾਨ ਹਿਊਗੋ ਡੀ ਜੋਂਗ ਨੇ ਵੀਰਵਾਰ ਨੂੰ ਕਿਹਾ, "ਅਸੀਂ ਯੂਕਰੇਨੀ ਲੋਕਾਂ ਦੀ ਅਟੱਲ ਹਿੰਮਤ ਅਤੇ ਦ੍ਰਿੜ੍ਹਤਾ ਅਤੇ ਉਨ੍ਹਾਂ ਦੇ ਰਾਸ਼ਟਰਪਤੀ ਜ਼ੇਲੇਂਸਕੀ ਦੀ ਦ੍ਰਿੜ੍ਹ ਅਤੇ ਸੰਕਲਪਿਤ ਅਗਵਾਈ ਨੂੰ ਸਰਵਉੱਚ ਸਨਮਾਨ ਦਿੰਦੇ ਹਾਂ।" ਨੀਦਰਲੈਂਡ ਦੇ ਪ੍ਰਧਾਨ ਮੰਤਰੀ ਰੌਬ ਜੇਟੇਨ ਨੇ ਇੱਕ ਸਮਾਰੋਹ ਵਿਚ ਜ਼ੇਲੇਂਸਕੀ ਨੂੰ ਸਨਮਾਨਿਤ ਕੀਤਾ। ਨੈਲਸਨ ਮੰਡੇਲਾ, ਦਲਾਈ ਲਾਮਾ, ਸਾਬਕਾ ਜਰਮਨ ਚਾਂਸਲਰ ਐਂਜੇਲਾ ਮਰਕੇਲ ਅਤੇ ਸੰਯੁਕਤ ਰਾਸ਼ਟਰ ਅਤੇ ਅੰਤਰਰਾਸ਼ਟਰੀ ਰੈੱਡ ਕਰਾਸ ਨੂੰ ਪਹਿਲਾਂ ਵੀ ਇਸ ਅੰਤਰਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ।

# ਪਾਕਿਸਤਾਨ 'ਚ ਸ਼ਾਹਬਾਜ਼, ਮੁਨੀਰ ਲਈ ਨੋਬਲ ਪੁਰਸਕਾਰ ਦੀ ਮੰਗ ਸਬੰਧੀ ਮਤਾ ਪੇਸ਼

**ਪਿਸ਼ਾਵਰ, (ਪੰਜਾਬ ਮੇਲ)**- ਖੈਬਰ ਪਖਤੂਨਖਵਾ ਅਸੈਂਬਲੀ ਵਿਚ ਮੰਗਲਵਾਰ ਨੂੰ ਇਕ ਮਤਾ ਪੇਸ਼ ਕੀਤਾ ਗਿਆ, ਜਿਸ ਵਿਚ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਅਤੇ ਚੀਫ਼ ਆਫ਼ ਡਿਫੈਂਸ ਸਟਾਫ ਫੀਲਡ ਮਾਰਸ਼ਲ ਅਸੀਮ ਮੁਨੀਰ ਨੂੰ ਕੂਟਨੀਤੀ ਰਾਹੀਂ ਖੇਤਰੀ ਤਣਾਅ ਘਟਾਉਣ ਵਿਚ ਉਨ੍ਹਾਂ ਦੀ ਭੂਮਿਕਾ ਲਈ ਨੋਬਲ ਸ਼ਾਂਤੀ ਪੁਰਸਕਾਰ ਦੇਣ ਦੀ ਸਿਫ਼ਾਰਸ਼ ਕੀਤੀ ਗਈ। ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ.ਐੱਮ.ਐੱਲ.-ਐੱਨ.) ਦੀ ਵਿਧਾਇਕ ਫਰਾਹ ਖਾਨ ਨੇ ਅਸੈਂਬਲੀ ਸਕੱਤਰੇਤ ਨੂੰ ਇਹ ਮਤਾ ਪੇਸ਼ ਕੀਤਾ। ਇਸ ਵਿਚ ਵਧੇ ਹੋਏ ਵਿਸ਼ਵਵਿਆਪੀ ਅਤੇ ਖੇਤਰੀ ਭੂ-ਰਾਜਨੀਤਿਕ ਤਣਾਅ ਦੇ ਸਮੇਂ ਪਾਕਿਸਤਾਨ ਦੀ "ਜ਼ਿੰਮੇਵਾਰ, ਸਮਝਦਾਰ ਅਤੇ ਸਰਗਰਮ ਕੂਟਨੀਤਕ ਸ਼ਮੂਲੀਅਤ" ਦੀ ਸ਼ਲਾਘਾ ਕੀਤੀ ਗਈ ਹੈ।

ਮਤੇ ਦੇ ਪ੍ਰਸਤਾਵ ਅਨੁਸਾਰ, ਖੇਤਰੀ ਅਤੇ ਅੰਤਰਰਾਸ਼ਟਰੀ ਦੋਵੇਂ ਪੱਧਰ 'ਤੇ ਸ਼ਾਂਤੀ ਨੂੰ ਉਤਸ਼ਾਹਿਤ ਕਰਨ ਅਤੇ ਉਸ ਨੂੰ ਬਣਾਈ ਰੱਖਣ ਵਿਚ ਪਾਕਿਸਤਾਨ ਦੇ ਯੋਗਦਾਨ ਨੂੰ ਸਵੀਕਾਰ ਕੀਤਾ ਗਿਆ ਹੈ। ਇਹ ਸ਼ਾਹਬਾਜ਼ ਸ਼ਰੀਫ ਅਤੇ ਅਸੀਮ ਮੁਨੀਰ ਦੀ ਅਗਵਾਈ ਦੀ ਸ਼ਲਾਘਾ ਕਰਦਾ ਹੈ, ਜਿਸ ਵਿਚ ਉਨ੍ਹਾਂ ਦੇ "ਦੂਰਦਰਸ਼ੀ ਲੀਡਰਸ਼ਿਪ, ਰਣਨੀਤਕ ਦੂਰਦਰਸ਼ਤਾ ਅਤੇ ਅਣਥੱਕ ਕੂਟਨੀਤਕ ਯਤਨਾਂ" ਨੂੰ ਉਜਾਗਰ ਕੀਤਾ ਗਿਆ ਹੈ। ਮਤੇ ਵਿਚ ਦਾਅਵਾ ਕੀਤਾ ਗਿਆ ਹੈ ਕਿ ਪਾਕਿਸਤਾਨ ਨੇ ਆਪਣੀ ਵਿਸ਼ਵਵਿਆਪੀ ਸਥਿਤੀ ਨੂੰ ਮਜ਼ਬੂਤ ਕੀਤਾ ਹੈ ਅਤੇ ਇਹ ਇੱਕ ਜ਼ਿੰਮੇਵਾਰ, ਸ਼ਾਂਤੀ-ਪ੍ਰੇਮੀ ਅਤੇ ਸੁਲ੍ਹਾ-ਸਫਾਈ ਨੂੰ ਉਤਸ਼ਾਹਿਤ ਕਰਨ ਵਾਲੇ ਰਾਸ਼ਟਰ ਵਜੋਂ ਉਭਰਿਆ ਹੈ। ਇਸ ਨੇ ਆਪਣੀ ਕੂਟਨੀਤਕ ਭੂਮਿਕਾ ਲਈ ਅੰਤਰਰਾਸ਼ਟਰੀ ਮਾਨਤਾ ਪ੍ਰਾਪਤ ਕੀਤੀ ਹੈ। ਇਸ ਵਿਚ ਕਿਹਾ ਗਿਆ ਹੈ ਕਿ ਦੇਸ਼ ਦੇ ਯਤਨਾਂ ਨੇ ਸੰਭਾਵੀ ਵਿਸ਼ਵ ਸੰਕਟ ਨੂੰ ਟਾਲਣ ਅਤੇ ਵਿਸ਼ਵ ਅਰਥਵਿਵਸਥਾ 'ਤੇ ਦਬਾਅ ਘਟਾਉਣ ਵਿਚ ਯੋਗਦਾਨ ਪਾਇਆ। ਇਹ ਮਤਾ ਸ਼ਾਹਬਾਜ਼ ਸ਼ਰੀਫ ਅਤੇ ਅਸੀਮ ਮੁਨੀਰ ਦੇ ਯੋਗਦਾਨ ਨੂੰ ਸਵੀਕਾਰ ਕਰਦੇ ਹੋਏ ਅਤੇ ਉਨ੍ਹਾਂ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕਰਨ ਦੀ ਸਿਫਾਰਸ਼ ਕਰਕੇ ਸਮਾਪਤ ਹੁੰਦਾ ਹੈ। ਇਸ ਦੌਰਾਨ, ਰਾਜਨੀਤਿਕ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਸ ਮਤੇ 'ਤੇ ਸਦਨ ਵਿਚ ਚਰਚਾ ਹੋਣ ਦੀ ਸੰਭਾਵਨਾ ਨਹੀਂ ਹੈ, ਕਿਉਂਕਿ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਕੋਲ ਬਹੁਮਤ ਹੈ ਅਤੇ ਉਹ ਇਸਦਾ ਵਿਰੋਧ ਕਰ ਸਕਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਮਤਾ ਪੇਸ਼ ਕੀਤਾ ਜਾਂਦਾ ਹੈ, ਤਾਂ ਵੀ ਇਸਦੇ ਪਾਸ ਹੋਣ ਦੀ ਸੰਭਾਵਨਾ ਘੱਟ ਹੈ।

# ਕੈਨੇਡਾ 'ਚ ਭਾਰਤੀ ਵਿਦਿਆਰਥੀ ਦੇ ਕਾਤਲ ਨੂੰ ਉਮਰ ਕੈਦ ਦੀ ਸਜ਼ਾ

**ਟੋਰਾਂਟੋ, (ਪੰਜਾਬ ਮੇਲ)**- ਟੋਰਾਂਟੋ ਦੀ ਇੱਕ ਅਦਾਲਤ ਨੇ ਭਾਰਤੀ ਵਿਦਿਆਰਥੀ ਕਾਰਤਿਕ ਵਾਸੂਦੇਵ ਦੇ ਕਤਲ ਦੇ ਮਾਮਲੇ ਵਿਚ ਇੱਕ ਵਿਅਕਤੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਕੋਰਟ ਨੇ ਦੋਸ਼ੀ ਦੀ ਮਾਨਸਿਕ ਵਿਗਾੜ ਕਾਰਨ ਅਪਰਾਧਿਕ ਤੌਰ 'ਤੇ ਜ਼ਿੰਮੇਵਾਰ ਨਾ ਹੋਣ ਦੀ ਦਲੀਲ ਨੂੰ ਰੱਦ ਕਰ ਦਿੱਤਾ। ਇਹ ਜਾਣਕਾਰੀ ਪੀੜਤ ਪਰਿਵਾਰ ਨੇ ਮੰਗਲਵਾਰ ਨੂੰ ਦਿੱਤੀ।



ਜਾਣਕਾਰੀ ਅਨੁਸਾਰ ਜਸਟਿਸ ਜੇਨ ਕੈਲੀ ਦੀ ਪ੍ਰਧਾਨਗੀ ਵਾਲੀ ਟੋਰਾਂਟੋ ਦੀ ਸੁਪੀਰੀਅਰ ਕੋਰਟ ਨੇ ਸੋਮਵਾਰ ਨੂੰ ਰਿਚਰਡ ਐਡਵਿਨ ਨੂੰ 7 ਅਪ੍ਰੈਲ ਅਤੇ 9 ਅਪ੍ਰੈਲ 2022 ਨੂੰ 2 ਅਣਪਛਾਤੇ ਵਿਅਕਤੀਆਂ ਦੇ ਕਤਲ ਦੇ ਮਾਮਲੇ ਵਿਚ 'ਫਸਟ-ਡਿਗਰੀ ਮਰਡਰ' ਦੇ ਦੋ ਦੋਸ਼ਾਂ ਵਿਚ ਦੋਸ਼ੀ ਪਾਇਆ।

ਹਾਲਾਂਕਿ ਐਡਵਿਨ ਨੇ ਸੇਨੇਕਾ ਕਾਲਜ ਦੇ ਵਿਦਿਆਰਥੀ ਅਤੇ ਗਾਜ਼ੀਆਬਾਦ ਦੇ ਰਹਿਣ ਵਾਲੇ 21 ਸਾਲਾ ਵਾਸੂਦੇਵ ਨੂੰ ਗੋਲੀ ਮਾਰਨ ਦੀ ਗੱਲ ਕਬੂਲ ਕੀਤੀ ਸੀ, ਪਰ ਉਸ ਦੇ ਬਚਾਅ ਪੱਖ ਨੇ ਦਲੀਲ ਦਿੱਤੀ ਸੀ ਕਿ ਉਸ ਨੂੰ ਅਪਰਾਧਿਕ ਤੌਰ 'ਤੇ ਜ਼ਿੰਮੇਵਾਰ (ਐੱਨ.ਸੀ.ਆਰ.) ਨਹੀਂ ਠਹਿਰਾਇਆ ਜਾਣਾ ਚਾਹੀਦਾ ਕਿਉਂਕਿ ਉਹ ਮਾਨਸਿਕ ਵਿਗਾੜ ਤੋਂ ਪੀੜਤ ਸੀ ਅਤੇ ਸਹੀ-ਗਲਤ ਵਿਚ ਫਰਕ ਨਹੀਂ ਕਰ ਸਕਦਾ ਸੀ।

ਅਦਾਲਤ ਨੇ ਸਵੀਕਾਰ ਕੀਤਾ ਕਿ ਘਟਨਾ ਦੇ ਸਮੇਂ ਐਡਵਿਨ ਸਕਿਜ਼ੋਫਰੀਨੀਆ ਤੋਂ ਪੀੜਤ ਸੀ, ਪਰ ਉਸ ਦੀ ਐੱਨ.ਸੀ.ਆਰ. ਪਟੀਸ਼ਨ ਨੂੰ ਰੱਦ ਕਰ ਦਿੱਤਾ ਅਤੇ ਉਸ ਨੂੰ ਬਿਨਾਂ ਪੈਰੋਲ ਦੀ ਸੰਭਾਵਨਾ 'ਤੇ ਉਮਰ ਕੈਦ ਦੀ ਸਜ਼ਾ ਸੁਣਾਈ।

ਅਦਾਲਤ ਦੇ ਫੈਸਲੇ ਅਤੇ ਪੀੜਤ ਦੇ ਪਿਤਾ ਵੱਲੋਂ ਦਿੱਤੇ ਘਟਨਾ ਦੇ ਵੇਰਵਿਆਂ ਅਨੁਸਾਰ ਜਦੋਂ ਵਾਸੂਦੇਵ ਸ਼ੇਰਬੋਰਨ ਸਟੇਸ਼ਨ ਤੋਂ ਬਲੂਰ ਸਟ੍ਰੀਟ ਈਸਟ ਦੀਆਂ ਪੌੜੀਆਂ ਵੱਲ ਜਾ ਰਿਹਾ ਸੀ, ਤਾਂ ਐਡਵਿਨ ਤੇਜ਼ੀ ਨਾਲ ਉਸਦੇ ਕੋਲੋਂ ਲੰਘਿਆ, ਫਿਰ ਪਿੱਛੇ ਮੁੜਿਆ ਅਤੇ ਵਾਸੂਦੇਵ ਦੀ ਪਿੱਠ 'ਤੇ ਕਈ ਗੋਲੀਆਂ ਚਲਾਈਆਂ।

ਪੀੜਤ ਦੇ ਪਿਤਾ ਜਿਤੇਸ਼ ਵਾਸੂਦੇਵ ਨੇ ਦੱਸਿਆ ਕਿ ਉਹ ਅਤੇ ਉਨ੍ਹਾਂ ਦੀ ਪਤਨੀ ਆਖਰੀ ਸੁਣਵਾਈ ਵਿਚ ਸ਼ਾਮਲ ਹੋਣ ਲਈ ਕੈਨੇਡਾ ਵਿਚ ਹੀ ਰੁਕੇ ਹੋਏ ਸਨ। ਉਨ੍ਹਾਂ ਕਿਹਾ, "ਚਾਰ ਸਾਲਾਂ ਦੀ ਕਾਨੂੰਨੀ ਲੜਾਈ ਤੋਂ ਬਾਅਦ, ਸਾਨੂੰ ਆਖਰਕਾਰ ਇਨਸਾਫ਼ ਮਿਲ ਗਿਆ ਹੈ।" ਵਾਸੂਦੇਵ ਜਨਵਰੀ 2022 ਵਿਚ ਮੈਨੇਜਮੈਂਟ ਦੀ ਪੜ੍ਹਾਈ ਕਰਨ ਲਈ ਟੋਰਾਂਟੋ ਗਿਆ ਸੀ, ਪਰ ਕੁਝ ਮਹੀਨਿਆਂ ਦੇ ਅੰਦਰ ਹੀ ਉਸ ਦਾ ਕਤਲ ਕਰ ਦਿੱਤਾ ਗਿਆ। ਉਸ ਦੀ ਮ੍ਰਿਤਕ ਦੇਹ ਬਾਅਦ ਵਿਚ ਗਾਜ਼ੀਆਬਾਦ ਲਿਆਂਦੀ ਗਈ ਸੀ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣ, also eBaba Entertainment App available for your ਸਮਾਰਟ phone on app store and Play store.



Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


## ਮਿਡਲ ਈਸਟ ਜੰਗ 'ਚ ਗਈਆਂ 3 ਹਜ਼ਾਰ ਤੋਂ ਵੱਧ ਜਾਨਾਂ! ਈਰਾਨ ਵੱਲੋਂ ਨਵੇਂ ਅੰਕੜੇ ਜਾਰੀ

**ਦੁਬਈ, (ਪੰਜਾਬ ਮੇਲ)**- ਈਰਾਨ 'ਤੇ ਅਮਰੀਕਾ-ਇਜ਼ਰਾਈਲ ਦੇ ਸਾਂਝੇ ਹਮਲਿਆਂ ਤੋਂ ਬਾਅਦ ਇਸ ਸਮੇਂ ਦੋ ਹਫ਼ਤਿਆਂ ਦੀ ਜੰਗਬੰਦੀ ਲਾਗੂ ਹੈ। ਇਸ ਦੌਰਾਨ ਈਰਾਨ ਨੇ ਸੋਮਵਾਰ ਨੂੰ ਇਜ਼ਰਾਈਲ ਅਤੇ ਅਮਰੀਕਾ ਨਾਲ ਜੰਗ ਵਿਚ ਮਰਨ ਵਾਲਿਆਂ ਦੀ ਨਵੀਂ ਗਿਣਤੀ ਦੱਸੀ ਹੈ। ਦੇਸ਼ ਦੇ ਫੋਰੈਂਸਿਕ ਮੁਖੀ ਨੇ ਦੱਸਿਆ ਹੈ ਕਿ ਮਰਨ ਵਾਲਿਆਂ ਦੀ ਗਿਣਤੀ ਹੁਣ 3,375 ਤੱਕ ਪਹੁੰਚ ਗਈ ਹੈ।

ਇਹ ਅੰਕੜਾ ਈਰਾਨ ਦੇ ਫੋਰੈਂਸਿਕ ਮੈਡੀਸਨ ਸੰਗਠਨ ਦੇ ਮੁਖੀ ਅੱਬਾਸ ਮਸਜੇਦੀ ਨੇ ਦੱਸਿਆ ਹੈ। ਸੋਮਵਾਰ ਨੂੰ ਨਿਆਂਪਾਲਿਕਾ ਦੀ ਮਿਜ਼ਾਨ ਨਿਊਜ਼ ਏਜੰਸੀ ਅਤੇ ਹੋਰ ਆਉਟਲੈਟਾਂ ਨੇ ਮਸਜੇਦੀ ਦੇ ਹਵਾਲੇ ਨਾਲ ਦੱਸਿਆ ਹੈ ਕਿ ਮ੍ਰਿਤਕਾਂ ਵਿਚੋਂ ਸਿਰਫ ਚਾਰ ਦੀ ਪਛਾਣ ਨਹੀਂ ਹੋ ਸਕੀ ਹੈ। ਉਨ੍ਹਾਂ ਨੇ ਟਿੱਪਣੀਆਂ ਵਿਚ ਨਾਗਰਿਕਾਂ ਅਤੇ ਸੁਰੱਖਿਆ ਬਲਾਂ ਦੀਆਂ ਮੌਤਾਂ ਦਾ ਵੱਖ-ਵੱਖ ਵੇਰਵਾ ਨਹੀਂ ਦਿੱਤਾ। ਇਸ ਦੀ ਬਜਾਏ ਉਨ੍ਹਾਂ ਨੇ ਸਿਰਫ ਇਹ ਦੱਸਿਆ ਕਿ ਮਰਨ ਵਾਲਿਆਂ ਵਿਚ 2,875 ਪੁਰਸ਼ ਅਤੇ 496 ਔਰਤਾਂ ਸਨ। ਮਸਜੇਦੀ ਨੇ ਕਿਹਾ ਕਿ ਮ੍ਰਿਤਕਾਂ ਵਿਚੋਂ 383 ਬੱਚੇ 18 ਸਾਲ ਅਤੇ ਇਸ ਤੋਂ ਘੱਟ ਉਮਰ ਦੇ ਸਨ। ਮਸਜੇਦੀ ਦੇ ਅੰਕੜਿਆਂ ਨੇ ਇਸ ਬਾਰੇ ਸਵਾਲ ਖੜ੍ਹੇ ਕੀਤੇ ਕਿ ਕੀ ਉਨ੍ਹਾਂ ਵਿਚ ਸੁਰੱਖਿਆ ਬਲ ਦੇ ਮੈਂਬਰ ਸ਼ਾਮਲ ਹਨ ਜਾਂ ਨਹੀਂ। ਇਹ ਸਵਾਲ ਇਸ ਲਈ ਵੀ ਖ਼ਾਸ ਹੈ ਕਿਉਂਕਿ ਦੇਸ਼ ਵਿਚ ਫੌਜੀ ਠਿਕਾਣਿਆਂ ਅਤੇ ਹਥਿਆਰਾਂ ਨੂੰ ਨਿਸ਼ਾਨਾ ਬਣਾ ਕੇ ਜ਼ਬਰਦਸਤ ਬੰਬਾਰੀ ਕੀਤੀ ਗਈ ਸੀ।

# ਪਾਕਿਸਤਾਨ ਵੱਲੋਂ ਭਾਰਤੀ ਹਵਾਈ ਕੰਪਨੀਆਂ 'ਤੇ ਪਾਬੰਦੀ 'ਚ 24 ਮਈ ਤੱਕ ਵਾਧਾ

**ਇਸਲਾਮਾਬਾਦ, (ਪੰਜਾਬ ਮੇਲ)**- ਪਾਕਿਸਤਾਨ ਨੇ ਆਪਣੇ ਹਵਾਈ ਖੇਤਰ ਵਿਚ ਭਾਰਤੀ ਜਹਾਜ਼ਾਂ ਦੇ ਦਾਖਲੇ 'ਤੇ ਲੱਗੀ ਪਾਬੰਦੀ ਨੂੰ ਮੰਗਲਵਾਰ ਨੂੰ 24 ਮਈ, 2026 ਤੱਕ ਵਧਾ ਦਿੱਤਾ ਹੈ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ, ਜਦੋਂ ਖੇਤਰ ਵਿਚ ਪਹਿਲਾਂ ਹੀ ਕਾਫੀ ਤਣਾਅ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਨੇ ਇੱਕ-ਦੂਜੇ ਲਈ ਆਪਣੇ ਹਵਾਈ ਰਸਤੇ ਬੰਦ ਕਰ ਦਿੱਤੇ ਸਨ। ਪਾਕਿਸਤਾਨ ਦਾ ਹਵਾਈ ਖੇਤਰ 24 ਅਪ੍ਰੈਲ, 2025 ਤੋਂ ਭਾਰਤੀ ਜਹਾਜ਼ਾਂ ਲਈ ਬੰਦ ਹੈ, ਜਦਕਿ ਭਾਰਤ ਨੇ ਵੀ ਪਾਕਿਸਤਾਨੀ ਜਹਾਜ਼ਾਂ ਨੂੰ ਆਪਣੇ ਇਲਾਕੇ ਵਿਚ ਆਉਣ ਤੋਂ ਰੋਕਿਆ ਹੋਇਆ ਹੈ। ਪਾਕਿਸਤਾਨ ਹਵਾਈ ਅੱਡਾ ਅਥਾਰਟੀ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਨੋਟਿਸ (ਨੋਟਮ) ਅਨੁਸਾਰ ਕਿਸੇ ਵੀ ਭਾਰਤੀ ਵਪਾਰਕ ਜਾਂ ਫੌਜੀ ਜਹਾਜ਼ ਨੂੰ 24 ਮਈ, 2026 ਦੀ ਸਵੇਰ ਤੱਕ ਪਾਕਿਸਤਾਨੀ ਹਵਾਈ ਖੇਤਰ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਕੌਮਾਂਤਰੀ ਪੱਧਰ 'ਤੇ ਡੋਨਲਡ ਟਰੰਪ ਵੱਲੋਂ ਅੱਤਵਾਦ ਵਿਰੁੱਧ ਦਿੱਤੀ ਗਈ ਸਖ਼ਤ ਚਿਤਾਵਨੀ ਅਤੇ ਭਾਰਤ ਸਰਕਾਰ ਵੱਲੋਂ ਚੁੱਕੇ ਗਏ ਸੁਰੱਖਿਆ ਕਦਮਾਂ ਕਾਰਨ ਦੋਵਾਂ ਦੇਸ਼ਾਂ ਦੇ ਸਬੰਧਾਂ ਵਿਚ ਖਟਾਸ ਬਣੀ ਹੋਈ ਹੈ। ਪਾਕਿਸਤਾਨ ਵੱਲੋਂ ਲਗਾਈ ਗਈ ਇਸ ਪਾਬੰਦੀ ਨੂੰ ਹੁਣ ਲਗਪਗ ਇੱਕ ਸਾਲ ਹੋ ਗਿਆ ਹੈ, ਜਿਸ ਕਾਰਨ ਭਾਰਤੀ ਜਹਾਜ਼ਾਂ ਨੂੰ ਦੂਜੇ ਦੇਸ਼ਾਂ ਨੂੰ ਜਾਣ ਲਈ ਲੰਬੇ ਅਤੇ ਮਹਿੰਗੇ ਰਸਤੇ ਅਪਣਾਉਣੇ ਪੈ ਰਹੇ ਹਨ।

# ਕੈਨੇਡੀਅਨ ਸੂਬੇ 'ਚ ਧਾਰਮਿਕ ਚਿੰਨ੍ਹ ਪਹਿਨਣ 'ਤੇ ਸਖਤੀ ਕਾਰਨ 150 ਮੁਲਾਜ਼ਮ ਬਰਖਾਸਤ

ਕਿਊਬਿਕ, (ਪੰਜਾਬ ਮੇਲ)- ਕੈਨੇਡਾ ਦੇ ਕਿਊਬਿਕ ਸੂਬੇ ਵਿਚ ਸਰਕਾਰੀ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਵੱਡੀ ਕਾਰਵਾਈ ਕੀਤੀ ਗਈ ਹੈ। ਕਿਊਬਿਕ ਵਿਚ ਧਾਰਮਿਕ ਚਿੰਨ੍ਹ ਪਹਿਨਣ 'ਤੇ ਲਗਾਈ ਗਈ ਪਾਬੰਦੀ ਕਾਰਨ ਵੱਡੀ ਗਿਣਤੀ ਵਿਚ ਸਰਕਾਰੀ ਮੁਲਾਜ਼ਮਾਂ ਨੂੰ ਆਪਣੀਆਂ ਨੌਕਰੀਆਂ ਤੋਂ ਹੱਥ ਧੋਣਾ ਪਿਆ ਹੈ। ਮਿਲੀ ਜਾਣਕਾਰੀ ਅਨੁਸਾਰ ਮਾਂਟਰੀਅਲ ਦੇ ਸਕੂਲ ਬੋਰਡ 'ਸੈਂਟਰ ਡੇ ਸਰਵਿਸਿਜ਼ ਡੇ ਮਾਂਟਰੀਅਲ' ਵੱਲੋਂ ਲਗਭਗ 150 ਮੁਲਾਜ਼ਮਾਂ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ ਕਿਉਂਕਿ ਉਨ੍ਹਾਂ ਨੇ ਡਿਊਟੀ ਦੌਰਾਨ ਆਪਣੇ ਧਾਰਮਿਕ ਚਿੰਨ੍ਹ ਉਤਾਰਨ ਦੀ ਸ਼ਰਤ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ।

ਇਸ ਕਾਨੂੰਨ ਦੀ ਮਾਰ ਸਿੱਖ

**ਸਿੱਖ ਭਾਈਚਾਰਾ ਵੀ ਪ੍ਰਭਾਵਿਤ**

ਭਾਈਚਾਰੇ 'ਤੇ ਵੀ ਪੈ ਰਹੀ ਹੈ। ਪਾਬੰਦੀਸ਼ੁਦਾ ਚਿੰਨ੍ਹਾਂ ਵਿਚ ਸਿੱਖਾਂ ਦੀ ਦਸਤਾਰ ਅਤੇ ਬਸਤਰਾਂ ਤੋਂ ਬਾਹਰੀ ਕਕਾਰ ਜਿਵੇਂ ਕਿ ਕਿਰਪਾਨ ਅਤੇ ਕੜਾ ਵੀ ਸ਼ਾਮਲ ਕੀਤੇ ਗਏ ਹਨ। ਇਸ ਤੋਂ ਇਲਾਵਾ ਮੁਸਲਮਾਨਾਂ ਦਾ ਹਿਜਾਬ ਤੇ ਬੁਰਕਾ, ਇਸਾਈ ਮੱਤ ਦਾ ਕਰਾਸ ਅਤੇ ਯਹੂਦੀਆਂ ਦੀ ਕਿੱਪਾ ਪਹਿਨਣ 'ਤੇ ਵੀ ਰੋਕ ਹੈ। ਇਹ ਕਾਨੂੰਨ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ, ਅਧਿਆਪਕਾਂ ਅਤੇ ਸਹਾਇਕ ਸਟਾਫ਼ ਮੈਂਬਰਾਂ 'ਤੇ ਇਕਸਾਰ ਲਾਗੂ ਹੈ।

ਕਿਊਬਿਕ ਸਰਕਾਰ ਨੇ 2019 ਵਿਚ ਵਿਵਾਦਤ ਬਿੱਲ 21 ਅਤੇ 94 ਪਾਸ ਕਰਕੇ ਇਹ ਕਾਨੂੰਨ ਬਣਾਇਆ ਸੀ। ਸਰਕਾਰ ਦਾ ਮਕਸਦ ਧਰਮ ਨੂੰ ਹਰੇਕ ਵਿਅਕਤੀ ਦਾ ਨਿੱਜੀ ਮਾਮਲਾ ਰੱਖਣਾ ਅਤੇ ਸਰਕਾਰੀ ਅਦਾਰਿਆਂ ਵਿਚ ਇਸ ਦਾ ਪ੍ਰਭਾਵ ਖਤਮ ਕਰਨਾ ਹੈ। ਸਿੱਖਿਆ ਮੰਤਰਾਲੇ ਦੇ ਬੁਲਾਰੇ ਅਨੁਸਾਰ ਜੇਕਰ ਮੁਲਾਜ਼ਮ ਕਾਨੂੰਨ ਦਾ ਸਤਿਕਾਰ ਨਹੀਂ ਕਰਦੇ, ਤਾਂ ਇਹ ਉਨ੍ਹਾਂ ਦਾ ਨਿੱਜੀ ਫੈਸਲਾ ਹੈ ਅਤੇ ਉਨ੍ਹਾਂ ਨੂੰ ਇਸ ਦੇ ਸਿੱਟੇ ਭੁਗਤਣੇ ਪੈਣਗੇ। ਧਾਰਮਿਕ ਆਜ਼ਾਦੀ 'ਤੇ ਲੱਗੀ ਇਸ ਸੱਟ ਕਾਰਨ ਕਈ ਮੁਲਾਜ਼ਮ ਹਾਲਾਤ ਨਾਲ ਸਮਝੌਤਾ ਕਰਨ ਲਈ ਮਜਬੂਰ ਹਨ, ਜਦਕਿ ਵੱਡੀ ਗਿਣਤੀ ਵਿਚ ਲੋਕ ਆਪਣੇ ਪਰਿਵਾਰਾਂ ਸਮੇਤ ਕਿਊਬਿਕ ਛੱਡ ਕੇ ਕੈਨੇਡਾ ਦੇ ਦੂਜੇ ਪ੍ਰਾਂਤਾਂ ਵਿਚ ਜਾ ਰਹੇ ਹਨ। ਦੱਸਣਯੋਗ ਹੈ ਕਿ ਅਜਿਹਾ ਕਾਨੂੰਨ ਕੈਨੇਡਾ ਦੇ ਕਿਸੇ ਹੋਰ ਸੂਬੇ ਵਿਚ ਲਾਗੂ ਨਹੀਂ ਹੈ।

# ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਦੂਜੇ ਕਾਰਜਕਾਲ ਦੌਰਾਨ 63 ਫੀਸਦੀ ਲੋਕ ਨਾਖੁਸ਼

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਲਈ ਨਵੇਂ ਸਰਵੇ ਵਿਚ ਚਿੰਤਾਜਨਕ ਨਤੀਜੇ ਸਾਹਮਣੇ ਆਏ ਹਨ। ਤਾਜ਼ਾ ਪੋਲ ਮੁਤਾਬਕ ਟਰੰਪ ਦੀ ਦੂਜੇ ਕਾਰਜਕਾਲ ਦੌਰਾਨ ਡਿਸਅਪਰੂਵਲ ਰੇਟ 63 ਫੀਸਦੀ ਤੱਕ ਪਹੁੰਚ ਗਈ ਹੈ, ਜੋ ਉਨ੍ਹਾਂ ਦੇ ਦੂਜੇ ਕਾਰਜਕਾਲ ਦਾ ਸਭ ਤੋਂ ਨੀਵਾਂ ਅੰਕੜਾ ਮੰਨਿਆ ਜਾ ਰਿਹਾ ਹੈ।



ਸਰਵੇ ਅਨੁਸਾਰ ਵੱਡੀ ਗਿਣਤੀ ਵਿਚ ਅਮਰੀਕੀ ਵੋਟਰ ਮਹਿੰਗਾਈ, ਰੋਜ਼ਾਨਾ ਖਰਚਿਆਂ ਵਿਚ ਵਾਧਾ, ਘਰਾਂ ਦੀਆਂ ਕੀਮਤਾਂ, ਬਿਆਜ ਦਰਾਂ ਅਤੇ ਵੈਸਟ ਏਸ਼ੀਆ ਵਿਚ ਵਧਦੇ ਤਣਾਅ ਕਾਰਨ ਨਾਰਾਜ਼ ਹਨ। ਖ਼ਾਸ ਤੌਰ 'ਤੇ ਇਰਾਨ ਨਾਲ ਵਧ ਰਹੀ ਤਣਾਅਪੂਰਨ ਸਥਿਤੀ ਨੇ ਲੋਕਾਂ ਵਿਚ ਚਿੰਤਾ ਵਧਾ ਦਿੱਤੀ ਹੈ।

**ਦੂਜੇ ਕਾਰਜਕਾਲ ਦਾ ਸਭ ਤੋਂ ਨੀਵਾਂ ਅੰਕੜਾ**

ਵੋਟਰਾਂ ਦਾ ਕਹਿਣਾ ਹੈ ਕਿ ਗੈਸ, ਰਾਸ਼ਨ, ਬੀਮਾ ਅਤੇ ਸਿਹਤ ਖਰਚੇ ਪਹਿਲਾਂ ਨਾਲੋਂ ਵੱਧ ਗਏ ਹਨ। ਮੱਧ ਵਰਗ ਅਤੇ ਮਜ਼ਦੂਰ ਵਰਗ ਦੇ ਲੋਕਾਂ 'ਤੇ ਇਸਦਾ ਸਿੱਧਾ ਅਸਰ ਪੈ ਰਿਹਾ ਹੈ। ਕਈ ਲੋਕ ਮੰਨਦੇ ਹਨ ਕਿ ਸਰਕਾਰ ਨੂੰ ਪਹਿਲਾਂ ਘਰੇਲੂ ਆਰਥਿਕ ਮਸਲਿਆਂ 'ਤੇ ਧਿਆਨ ਦੇਣਾ ਚਾਹੀਦਾ ਹੈ।

ਇਰਾਨ ਨਾਲ ਜੰਗੀ ਤਣਾਅ ਜਾਂ ਸੰਭਾਵਿਤ ਟਕਰਾਅ ਦੀਆਂ ਖ਼ਬਰਾਂ ਨੇ ਵੀ ਵੋਟਰਾਂ ਨੂੰ ਚਿੰਤਤ ਕੀਤਾ ਹੈ। ਅਮਰੀਕੀ ਲੋਕ ਡਰ ਰਹੇ ਹਨ ਕਿ ਜੇ ਹਾਲਾਤ ਖਰਾਬ ਹੋਏ ਤਾਂ ਫਿਊਲ ਦੀਆਂ ਕੀਮਤਾਂ ਹੋਰ ਵੱਧ ਸਕਦੀਆਂ ਹਨ ਅਤੇ ਦੇਸ਼ ਨੂੰ ਇੱਕ ਹੋਰ ਵਿਦੇਸ਼ੀ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਰਾਜਨੀਤਿਕ ਮਾਹਿਰਾਂ ਦੇ ਅਨੁਸਾਰ ਜੇ ਇਹ ਰੁਝਾਨ ਜਾਰੀ ਰਹਿੰਦਾ ਹੈ, ਤਾਂ ਆਉਣ ਵਾਲੀਆਂ ਮਿਡਟਰਮ ਚੋਣਾਂ ਵਿਚ ਰਿਪਬਲਿਕਨ ਪਾਰਟੀ ਲਈ ਮੁਸ਼ਕਲਾਂ ਖੜ੍ਹੀਆਂ ਹੋ ਸਕਦੀਆਂ ਹਨ। ਵਿਰੋਧੀ ਡੈਮੋਕ੍ਰੇਟਿਕ ਪਾਰਟੀ ਇਸ ਮਾਮਲੇ ਨੂੰ ਵੱਡਾ ਚੋਣ ਮੁੱਦਾ ਬਣਾ ਸਕਦੀ ਹੈ।

ਪੰਜਾਬੀ ਅਤੇ ਭਾਰਤੀ ਭਾਈਚਾਰੇ ਵਿਚ ਵੀ ਇਹ ਚਰਚਾ ਚੱਲ ਰਹੀ ਹੈ ਕਿ ਅਮਰੀਕਾ ਦੀ ਆਰਥਿਕ ਨੀਤੀ, ਇਮੀਗ੍ਰੇਸ਼ਨ ਮਸਲੇ ਅਤੇ ਵਿਦੇਸ਼ ਨੀਤੀ ਆਉਣ ਵਾਲੇ ਸਮੇਂ ਵਿਚ ਕਿਵੇਂ ਬਦਲ ਸਕਦੀ ਹੈ।

ਜੇ ਮਹਿੰਗਾਈ ਅਤੇ ਜੰਗੀ ਹਾਲਾਤ ਕੰਟਰੋਲ ਨਾ ਹੋਏ, ਤਾਂ ਟਰੰਪ ਸਰਕਾਰ ਲਈ ਆਉਣ ਵਾਲੇ ਮਹੀਨੇ ਕਾਫ਼ੀ ਚੁਣੌਤੀਪੂਰਨ ਹੋ ਸਕਦੇ ਹਨ।

# ਵੈਸਟ ਏਸ਼ੀਆ ਟਕਰਾਅ ਦੌਰਾਨ 11 ਲੱਖ ਤੋਂ ਵੱਧ ਯਾਤਰੀ ਭਾਰਤ ਵਾਪਸ ਪੁੱਜੇ

ਨਵੀਂ ਦਿੱਲੀ, (ਪੰਜਾਬ ਮੇਲ)- ਵੈਸਟ ਏਸ਼ੀਆ ਵਿਚ ਚੱਲ ਰਹੇ ਤਣਾਅ ਅਤੇ ਜੰਗੀ ਹਾਲਾਤਾਂ ਦੇ ਦੌਰਾਨ 11 ਲੱਖ ਤੋਂ ਵੱਧ ਯਾਤਰੀ ਸੁਰੱਖਿਅਤ ਤਰੀਕੇ ਨਾਲ ਭਾਰਤ ਵਾਪਸ ਆਏ ਹਨ। ਇਹ ਅੰਕੜਾ ਉਸ ਸਮੇਂ ਸਾਹਮਣੇ ਆਇਆ ਹੈ, ਜਦੋਂ ਮੱਧ-ਪੂਰਬ ਦੇ ਕਈ ਦੇਸ਼ਾਂ ਵਿਚ ਹਵਾਈ ਸੇਵਾਵਾਂ ਪ੍ਰਭਾਵਿਤ ਹੋਈਆਂ, ਹਵਾਈ ਅੱਡਿਆਂ 'ਤੇ ਚੌਕਸੀ ਵਧਾਈ ਗਈ ਅਤੇ ਹਜ਼ਾਰਾਂ ਵਿਦੇਸ਼ੀ ਨਾਗਰਿਕ ਆਪਣੇ ਦੇਸ਼ ਵਾਪਸੀ ਲਈ ਕੋਸ਼ਿਸ਼ਾਂ ਕਰ ਰਹੇ ਸਨ। ਭਾਰਤ ਸਰਕਾਰ, ਵਿਦੇਸ਼ ਮੰਤਰਾਲੇ ਅਤੇ ਏਅਰਲਾਈਨ ਕੰਪਨੀਆਂ ਨੇ ਮਿਲ ਕੇ ਵੱਡੇ ਪੱਧਰ 'ਤੇ ਰਾਹਤ ਅਤੇ ਵਾਪਸੀ ਪ੍ਰਬੰਧ ਕੀਤੇ। ਖ਼ਾਸ ਕਰਕੇ ਯੂਨਾਈਟਿਡ ਅਰਬ ਅਮੀਰਾਤ, ਸਾਊਦੀ ਅਰਬ, ਕਤਰ, ਕੁਵੈਤ, ਓਮਾਨ ਅਤੇ ਹੋਰ ਖਾੜੀ ਦੇਸ਼ਾਂ ਵਿਚ ਰਹਿੰਦੇ ਭਾਰਤੀ ਨਾਗਰਿਕਾਂ ਨੇ ਵੱਡੀ ਗਿਣਤੀ ਵਿਚ ਵਾਪਸੀ ਕੀਤੀ। ਇਨ੍ਹਾਂ ਯਾਤਰੀਆਂ ਵਿਚ ਕਈ ਪੰਜਾਬੀ, ਦੱਖਣੀ ਭਾਰਤੀ ਮਜ਼ਦੂਰ, ਨੌਕਰੀਪੇਸ਼ਾ ਲੋਕ, ਵਿਦਿਆਰਥੀ ਅਤੇ ਪਰਿਵਾਰ ਸ਼ਾਮਲ ਹਨ, ਜੋ ਜੰਗੀ ਮਾਹੌਲ, ਰਾਕੇਟ ਹਮਲਿਆਂ ਦੇ ਖਤਰੇ, ਉਡਾਣਾਂ ਵਿਚ ਦੇਰੀ ਅਤੇ ਅਣਨਿਸ਼ਚਿਤ ਹਾਲਾਤਾਂ ਕਾਰਨ ਘਬਰਾਏ ਹੋਏ ਸਨ। ਕਈ ਲੋਕਾਂ ਨੇ ਪਹਿਲਾਂ ਤੋਂ ਬੁੱਕ ਟਿਕਟਾਂ ਬਦਲੀਆਂ, ਜਦਕਿ ਕਈਆਂ ਨੂੰ ਐਮਰਜੈਂਸੀ ਉਡਾਣਾਂ ਰਾਹੀਂ ਵਾਪਸ ਲਿਆਂਦਾ ਗਿਆ। ਏਅਰ ਇੰਡੀਆ, ਇੰਡੀਗੋ ਅਤੇ ਹੋਰ ਕਈ ਏਅਰਲਾਈਨਾਂ ਨੇ ਵਾਧੂ ਫਲਾਈਟਾਂ ਚਲਾਈਆਂ। ਕਈ ਰੂਟਾਂ 'ਤੇ ਕਿਰਾਏ ਵੀ ਵਧੇ, ਜਿਸ ਕਾਰਨ ਯਾਤਰੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਫਿਰ ਵੀ ਹਜ਼ਾਰਾਂ ਲੋਕਾਂ ਨੇ ਸੁਰੱਖਿਆ ਨੂੰ ਪਹਿਲ ਦਿੱਤੀ ਅਤੇ ਜਲਦੀ ਤੋਂ ਜਲਦੀ ਦੇਸ਼ ਵਾਪਸੀ ਕੀਤੀ।

ਮਾਹਿਰਾਂ ਦਾ ਕਹਿਣਾ ਹੈ ਕਿ ਵੈਸਟ ਏਸ਼ੀਆ ਵਿਚ ਰਹਿੰਦੇ ਲੱਖਾਂ ਭਾਰਤੀਆਂ ਲਈ ਇਹ ਹਾਲਾਤ ਚਿੰਤਾ ਵਾਲੇ ਹਨ, ਕਿਉਂਕਿ ਉੱਥੇ ਵੱਡੀ ਗਿਣਤੀ ਵਿਚ ਭਾਰਤੀ ਕੰਮ ਕਰਦੇ ਹਨ। ਜੇ ਟਕਰਾਅ ਲੰਮਾ ਚੱਲਦਾ ਹੈ, ਤਾਂ ਹੋਰ ਲੋਕ ਵੀ ਵਾਪਸੀ ਦਾ ਫੈਸਲਾ ਕਰ ਸਕਦੇ ਹਨ।

# ਬਰਤਾਨੀਆ 'ਚ ਸਿੱਖ ਮਹਿਲਾ ਨਾਲ ਜਬਰ-ਜਨਾਹ ਮਾਮਲੇ 'ਚ ਦੋਸ਼ੀ ਨੇ ਗੁਨਾਹ ਕਬੂਲਿਆ

ਬਰਮਿੰਘਮ, (ਪੰਜਾਬ ਮੇਲ)- ਬਰਮਿੰਘਮ ਕਰਾਊਨ ਕੋਰਟ ਵਿਚ 32 ਸਾਲਾ ਬਰਤਾਨਵੀ ਨਾਗਰਿਕ ਜੌਨ ਐਸ਼ਬੀ ਨੇ ਇੱਕ ਸਿੱਖ ਮਹਿਲਾ ਨਾਲ ਧਾਰਮਿਕ ਨਫ਼ਰਤ ਤਹਿਤ ਜਬਰ-ਜਨਾਹ ਕਰਨ ਦਾ ਗੁਨਾਹ ਕਬੂਲ ਲਿਆ ਹੈ। ਇਹ ਘਟਨਾ ਪਿਛਲੇ ਸਾਲ ਅਕਤੂਬਰ ਵਿਚ ਵਾਲਸਾਲ ਇਲਾਕੇ ਵਿਚ ਵਾਪਰੀ ਸੀ, ਜਿਸ ਤੋਂ ਬਾਅਦ ਪੂਰੇ ਵੈਸਟ ਮਿਡਲੈਂਡਜ਼ ਭਾਈਚਾਰੇ ਵਿਚ ਡਰ ਅਤੇ ਗੁੱਸੇ ਦੀ ਲਹਿਰ ਫੈਲ ਗਈ ਸੀ। ਮੁਲਜ਼ਮ ਨੇ ਪਹਿਲਾਂ ਜਿਨਸੀ ਸ਼ੋਸ਼ਣ, ਗਲਾ ਘੁੱਟਣ ਅਤੇ ਲੁੱਟ-ਖੋਹ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਸੀ ਪਰ ਮੁਕੱਦਮਾ ਸ਼ੁਰੂ ਹੁੰਦੇ ਹੀ ਉਸ ਨੇ ਆਪਣਾ ਜੁਰਮ ਮੰਨ ਲਿਆ।

**ਧਾਰਮਿਕ ਨਫ਼ਰਤ ਤਹਿਤ ਕੀਤਾ ਸੀ ਹਮਲਾ; ਲੁੱਟ-ਖੋਹ ਕਰਨ ਤੋਂ ਬਾਅਦ ਫਰਾਰ ਹੋਇਆ ਸੀ ਬਰਤਾਨਵੀ ਮੂਲ ਦਾ ਨਾਗਰਿਕ**

ਅਦਾਲਤ ਵਿਚ ਦੱਸਿਆ ਗਿਆ ਕਿ 25 ਅਕਤੂਬਰ ਦੀ ਸ਼ਾਮ ਨੂੰ ਮੁਲਜ਼ਮ ਨੇ ਪੀੜਤ ਮਹਿਲਾ ਦਾ ਬੱਸ ਸਟਾਪ ਤੋਂ ਪਿੱਛਾ ਕੀਤਾ ਅਤੇ ਉਸ ਦੇ ਘਰ ਵਿਚ ਦਾਖਲ ਹੋ ਕੇ ਹਮਲਾ ਕਰ ਦਿੱਤਾ। ਹਮਲੇ ਦੌਰਾਨ ਐਸ਼ਬੀ ਨੇ ਮਹਿਲਾ ਵਿਰੁੱਧ ਇਸਲਾਮ-ਵਿਰੋਧੀ ਭੱਦੀ ਸ਼ਬਦਾਵਲੀ ਵਰਤੀ ਕਿਉਂਕਿ ਉਸ ਨੂੰ ਗਲਤਫਹਿਮੀ ਸੀ ਕਿ ਮਹਿਲਾ ਮੁਸਲਿਮ ਧਰਮ ਨਾਲ ਸਬੰਧਤ ਹੈ। ਸੀ.ਸੀ.ਟੀ.ਵੀ. ਫੁਟੇਜ ਵਿਚ ਦੇਖਿਆ ਗਿਆ ਕਿ ਉਹ ਉਸੇ ਬੱਸ ਵਿਚ ਸਵਾਰ ਸੀ, ਜਿਸ ਵਿਚ ਮਹਿਲਾ ਸਫਰ ਕਰ ਰਹੀ ਸੀ। ਇਸ ਤੋਂ ਬਾਅਦ ਜਦੋਂ ਬਾਹਰੋਂ ਕਿਸੇ ਨੇ ਆਵਾਜ਼ ਮਾਰੀ, ਤਾਂ ਐਸ਼ਬੀ ਘਬਰਾ ਗਿਆ ਅਤੇ ਮਹਿਲਾ ਦੇ ਗਹਿਣੇ ਤੇ ਮੋਬਾਈਲ ਫੋਨ ਲੈ ਕੇ ਫ਼ਰਾਰ ਹੋ ਗਿਆ।

ਵਾਲਸਾਲ ਪੁਲਿਸ ਦੇ ਚੀਫ਼ ਸੁਪਰਡੈਂਟ ਫਿਲ ਡਾਲਬੀ ਨੇ ਕਿਹਾ ਕਿ ਅਧਿਕਾਰੀਆਂ ਨੇ ਇਲਾਕੇ ਦੇ ਧਾਰਮਿਕ ਅਸਥਾਨਾਂ ਦਾ ਦੌਰਾ ਕਰਕੇ ਮਹਿਲਾਵਾਂ ਦੀ ਸੁਰੱਖਿਆ ਬਾਰੇ ਸਥਾਨਕ ਆਗੂਆਂ ਨਾਲ ਗੱਲਬਾਤ ਕੀਤੀ ਹੈ। ਜਸਟਿਸ ਪੇਪਰਲ ਨੇ ਇਸ ਮਾਮਲੇ ਨੂੰ ਬਹੁਤ ਗੰਭੀਰ ਦੱਸਦਿਆਂ ਕਿਹਾ ਕਿ ਅਜਿਹੇ ਅਪਰਾਧ ਕਰਨ ਵਾਲਾ ਵਿਅਕਤੀ ਸਮਾਜ ਲਈ ਬਹੁਤ ਖ਼ਤਰਨਾਕ ਹੈ ਅਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਹੋਣੀ ਚਾਹੀਦੀ ਹੈ। ਮਾਮਲੇ ਦੀ ਅਗਲੀ ਸੁਣਵਾਈ ਸ਼ੁੱਕਰਵਾਰ ਨੂੰ ਹੋਵੇਗੀ, ਜਦੋਂ ਮੁਲਜ਼ਮ ਨੂੰ ਸਜ਼ਾ ਸੁਣਾਈ ਜਾਵੇਗੀ।

ਸਫਾ 1 ਦਾ ਬਾਕੀ

## ਜ਼ਬਰਦਸਤੀ ਵਸੂਲੀ ਤੇ ਗੋਲੀਬਾਰੀ ਮਾਮਲਾ: ਭਾਰਤੀ ਮੂਲ…

ਕੈਲਗਰੀ ਪੁਲਿਸ (ਸੀ.ਪੀ.ਐੱਸ.) ਨੇ ਐਡਮੰਟਨ ਪੁਲਿਸ (ਈ.ਪੀ.ਐੱਸ.) ਅਤੇ ਆਰ.ਸੀ.ਐੱਮ.ਪੀ. ਨਾਲ ਮਿਲ ਕੇ ਕੰਮ ਕੀਤਾ ਅਤੇ ਦੂਜੇ ਦੋਸ਼ੀ ਨੂੰ ਐਡਮੰਟਨ ਤੋਂ ਗ੍ਰਿਫ਼ਤਾਰ ਕੀਤਾ।

ਜੈਫ ਬੈਲ (ਕਾਰਜਕਾਰੀ ਡਿਪਟੀ ਚੀਫ, ਕੈਲਗਰੀ ਪੁਲਿਸ) ਨੇ ਕਿਹਾ ਕਿ ਇਹ ਕਾਰਵਾਈ ਰਾਸ਼ਟਰੀ ਪੱਧਰ 'ਤੇ ਪੁਲਿਸ ਸਹਿਯੋਗ ਦੀ ਮਜ਼ਬੂਤੀ ਨੂੰ ਦਰਸਾਉਂਦੀ ਹੈ। ਉਨ੍ਹਾਂ ਸਪੱਸ਼ਟ ਸੰਦੇਸ਼ ਦਿੱਤਾ ਕਿ ਕੈਨੇਡਾ ਵਿਚ ਹਿੰਸਕ ਅਪਰਾਧਿਕ ਗਤੀਵਿਧੀਆਂ ਲਈ ਕੋਈ ਥਾਂ ਨਹੀਂ ਹੈ। ਨਿਕੋਲ ਚੈਪਡਲੇਨ (ਡਿਪਟੀ ਚੀਫ, ਐਡਮੰਟਨ ਪੁਲਿਸ) ਨੇ ਕਿਹਾ ਕਿ ਅਪਰਾਧਿਕ ਗਿਰੋਹ ਕਿਸੇ ਇੱਕ ਖੇਤਰ ਤੱਕ ਸੀਮਤ ਨਹੀਂ ਹਨ, ਇਸ ਲਈ ਪੁਲਿਸ ਵੀ ਦੇਸ਼ ਭਰ ਵਿਚ ਜਾਣਕਾਰੀ ਸਾਂਝੀ ਕਰ ਰਹੀ ਹੈ, ਤਾਂ ਜੋ ਇਨ੍ਹਾਂ ਗਿਰੋਹਾਂ ਨੂੰ ਨੱਥ ਪਾਈ ਜਾ ਸਕੇ। ਪੁਲਿਸ ਅਨੁਸਾਰ, ਇਹ ਮਾਮਲਾ ਇੱਕ ਵਿਆਪਕ ਸਾਜ਼ਿਸ਼ ਦਾ ਹਿੱਸਾ ਹੈ, ਜਿਸ ਵਿਚ ਦੱਖਣੀ ਏਸ਼ੀਆਈ ਭਾਈਚਾਰੇ ਦੇ ਲੋਕਾਂ ਤੋਂ ਵੱਡੀ ਰਕਮ ਦੀ ਮੰਗ ਕੀਤੀ ਜਾਂਦੀ ਹੈ ਅਤੇ ਡਰਾਉਣ-ਧਮਕਾਉਣ ਲਈ ਹਿੰਸਾ ਦਾ ਸਹਾਰਾ ਲਿਆ ਜਾਂਦਾ ਹੈ। ਕੈਨੇਡਾ ਭਰ ਦੀਆਂ ਪੁਲਿਸ ਏਜੰਸੀਆਂ ਅਜਿਹੇ ਗੁੰਡਾਗਰਦੀ ਦੇ ਨੈੱਟਵਰਕਾਂ ਨੂੰ ਤੋੜਨ ਲਈ ਹੁਣ ਵਧੇਰੇ ਸਰਗਰਮ ਹਨ।

ਸਫਾ 1 ਦਾ ਬਾਕੀ

## ਅਮਰੀਕੀ ਸੁਪਰੀਮ ਕੋਰਟ ਗ੍ਰੀਨ ਕਾਰਡ ਹੋਲਡਰ ਨਾਲ …

ਇਸ ਤੋਂ ਬਾਅਦ ਸਰਕਾਰ ਨੇ ਉਨ੍ਹਾਂ ਨੂੰ ਦੇਸ਼ ਨਿਕਾਲੇ ਦੀ ਕਾਰਵਾਈ ਵਿਚ ਲਿਆ।

ਲਾਊ ਦਾ ਕਹਿਣਾ ਹੈ ਕਿ ਨਕਲੀ ਸਮਾਨ ਦਾ ਕੇਸ ਕੋਈ ਐਸਾ ਜੁਰਮ ਨਹੀਂ ਸੀ, ਜਿਸ ਕਾਰਨ ਉਨ੍ਹਾਂ ਨੂੰ ਡਿਪੋਰਟ ਕੀਤਾ ਜਾਵੇ। ਉਹ ਇਹ ਵੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਗਲਤ ਤਰੀਕੇ ਨਾਲ ਨਵਾਂ ਦਾਖ਼ਲਾ ਲੈਣ ਵਾਲਾ ਮੰਨਿਆ ਗਿਆ। ਹੁਣ ਸੁਪਰੀਮ ਕੋਰਟ ਇਹ ਫੈਸਲਾ ਕਰੇਗੀ ਕਿ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਜੁਰਮ ਦਾ ਸਬੂਤ ਉਸ ਵੇਲੇ ਦੇਣਾ ਚਾਹੀਦਾ ਸੀ, ਜਦੋਂ ਲਾਊ ਵਾਪਸ ਆਏ ਸਨ ਜਾਂ ਬਾਅਦ ਵਿਚ ਰਿਮੂਵਲ ਕਾਰਵਾਈ ਦੌਰਾਨ ਵੀ ਇਹ ਵਰਤਿਆ ਜਾ ਸਕਦਾ ਹੈ। ਜੇ ਇਹ ਫੈਸਲਾ ਸਰਕਾਰ ਦੇ ਹੱਕ ਵਿਚ ਗਿਆ, ਤਾਂ ਭਵਿੱਖ ਵਿਚ

ਸਫਾ 1 ਦਾ ਬਾਕੀ

## ਪੁਰਾਣੇ ਗ੍ਰੀਨ ਕਾਰਡ ਕੇਸਾਂ ਦੀ ਮੁੜ ਹੋ ਸਕਦੀ ਹੈ ਜਾਂਚ!…

ਪਰ ਜੇ ਕਿਸੇ ਨੇ ਝੂਠੀ ਵਿਆਹ ਜਾਣਕਾਰੀ, ਨਕਲੀ ਨੌਕਰੀ ਰਿਕਾਰਡ, ਜਾਲਸਾਜ਼ੀ ਵਾਲੇ ਸਪਾਂਸਰ ਪੇਪਰ ਜਾਂ ਗਲਤ ਪਛਾਣ ਵਰਤੀ ਹੈ, ਤਾਂ ਕੇਸ ਮੁੜ ਖੁੱਲ੍ਹ ਸਕਦਾ ਹੈ।

ਨਵੀਂ ਅਪਡੇਟ ਮੁਤਾਬਕ ਇਮੀਗ੍ਰੇਸ਼ਨ ਏਜੰਸੀ ਹੁਣ ਆਰਟੀਫੀਸ਼ੀਅਲ ਇੰਟੈਲੀਜੈਂਸ, ਬਾਇਓਮੈਟ੍ਰਿਕ ਵੈਰੀਫਿਕੇਸ਼ਨ ਅਤੇ ਕਰਾਸ ਏਜੰਸੀ ਡਾਟਾਬੇਸ ਚੈੱਕ ਦੀ ਵਰਤੋਂ ਵਧਾ ਰਹੀਆਂ ਹਨ, ਜਿਸ ਨਾਲ ਪੁਰਾਣੇ ਰਿਕਾਰਡਾਂ ਵਿਚ ਵੀ ਗਲਤੀਆਂ ਜਾਂ ਫਰਾਡ ਲੱਭਣਾ ਆਸਾਨ ਹੋਵੇਗਾ।


ਇਸ ਕਰਕੇ ਅਮਰੀਕਾ ਵਿਚ ਰਹਿ ਰਹੇ ਪ੍ਰਵਾਸੀਆਂ ਲਈ ਇਹ ਜ਼ਰੂਰੀ ਹੈ ਕਿ ਆਪਣੇ ਸਾਰੇ ਇਮੀਗ੍ਰੇਸ਼ਨ ਰਿਕਾਰਡਜ਼, ਟੈਕਸ ਰਿਟਰਨਜ਼, ਅਡਰੈੱਸ ਹਿਸਟਰੀ ਅਤੇ ਪੁਰਾਣੇ ਡਾਕੂਮੈਂਟਸ ਸਹੀ ਤਰੀਕੇ ਨਾਲ ਸੰਭਾਲ ਕੇ ਰੱਖਣ। ਇਮੀਗ੍ਰੇਸ਼ਨ ਪ੍ਰਣਾਲੀ ਹੁਣ ਪਹਿਲਾਂ ਨਾਲੋਂ ਕਿਤੇ ਵੱਧ ਸਖ਼ਤ, ਤਕਨੀਕੀ ਅਤੇ ਜਾਂਚ-ਕੇਂਦਰਿਤ ਬਣਦੀ ਜਾ ਰਹੀ ਹੈ।

ਸਫਾ 1 ਦਾ ਬਾਕੀ

## ਟਰੰਪ ਪ੍ਰਸ਼ਾਸਨ ਅਮਰੀਕੀ ਇਮੀਗ੍ਰੇਸ਼ਨ ਕਾਨੂੰਨਾਂ 'ਚ ਵੱਡੇ …

ਪੰਜਾਬ, ਭਾਰਤ ਅਤੇ ਅਮਰੀਕਾ ਵਿਚ ਰਹਿੰਦੇ ਹਜ਼ਾਰਾਂ ਪਰਿਵਾਰ ਇਸ ਮਾਮਲੇ 'ਤੇ ਨਜ਼ਰ ਰੱਖੇ ਹੋਏ ਹਨ, ਕਿਉਂਕਿ ਹਰ ਸਾਲ ਵੱਡੀ ਗਿਣਤੀ ਵਿਚ ਲੋਕ ਅਮਰੀਕਾ ਜਾਣ ਲਈ ਵੀਜ਼ਾ ਜਾਂ ਇਮੀਗ੍ਰੇਸ਼ਨ ਪ੍ਰਕਿਰਿਆ ਵਿਚ ਹੁੰਦੇ ਹਨ।

ਜੇ ਇਹ ਬਦਲਾਅ ਲਾਗੂ ਹੁੰਦੇ ਹਨ, ਤਾਂ ਅਗਲੇ ਕੁਝ ਮਹੀਨਿਆਂ ਵਿਚ ਅਮਰੀਕਾ ਦੇ ਇਮੀਗ੍ਰੇਸ਼ਨ ਸਿਸਟਮ ਵਿਚ ਵੱਡੀ ਤਬਦੀਲੀ ਦੇਖਣ ਨੂੰ ਮਿਲ ਸਕਦੀ ਹੈ।



# ਅਮਰੀਕਾ ਵੱਲੋਂ ਗ੍ਰੀਨ ਕਾਰਡ ਮਾਮਲੇ 'ਚ ਨਵਾਂ ਸੰਦੇਸ਼, ਪੁਰਾਣੀਆਂ ਫਾਈਲਾਂ ਦੀ ਵੀ ਹੋ ਸਕਦੀ ਹੈ ਜਾਂਚ

## ਫਾਈਨਲ ਐਕਸ਼ਨ ਡੇਟਸ ਲਾਗੂ, ਉਡੀਕ ਕਰ ਰਹੇ ਹਜ਼ਾਰਾਂ ਪਰਿਵਾਰਾਂ 'ਚ ਚਿੰਤਾ




ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA


ਅਮਰੀਕੀ ਇਮੀਗ੍ਰੇਸ਼ਨ ਪ੍ਰਸ਼ਾਸਨ ਵੱਲੋਂ ਗ੍ਰੀਨ ਕਾਰਡ ਸੰਬੰਧੀ ਇੱਕ ਨਵਾਂ ਤੇ ਮਹੱਤਵਪੂਰਨ ਸੰਦੇਸ਼ ਸਾਹਮਣੇ ਆਇਆ ਹੈ, ਜਿਸ ਨਾਲ ਲੱਖਾਂ ਲੋਕਾਂ, ਖਾਸ ਕਰਕੇ ਭਾਰਤੀ, ਪੰਜਾਬੀ ਅਤੇ ਹੋਰ ਏਸ਼ੀਆਈ ਭਾਈਚਾਰਿਆਂ ਵਿਚ ਚਰਚਾ ਤੇ ਚਿੰਤਾ ਦਾ ਮਾਹੌਲ ਬਣ ਗਿਆ ਹੈ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ (USCIS) ਵੱਲੋਂ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਹੁਣ ਰੁਜ਼ਗਾਰ ਆਧਾਰਿਤ ਗ੍ਰੀਨ ਕਾਰਡ ਅਰਜ਼ੀਆਂ ਲਈ Dates for Filling ਦੀ ਥਾਂ ਫਾਈਨਲ ਐਕਸ਼ਨ ਡੇਟਸ ਚਾਰਟ ਨੂੰ ਹੀ ਮੰਨਿਆ ਜਾਵੇਗਾ, ਜਿਸ ਨਾਲ ਕਈ ਅਰਜ਼ੀਕਾਰ ਹੁਣ ਤੁਰੰਤ ਫਾਈਲ ਨਹੀਂ ਕਰ ਸਕਣਗੇ।

ਇਸ ਨਵੇਂ ਫੈਸਲੇ ਦਾ ਸਿੱਧਾ ਅਸਰ ਉਨ੍ਹਾਂ ਲੋਕਾਂ 'ਤੇ ਪਵੇਗਾ, ਜੋ ਕਈ ਸਾਲਾਂ ਤੋਂ ਅਮਰੀਕਾ ਵਿਚ ਕੰਮ ਕਰ ਰਹੇ ਹਨ, ਟੈਕਸ ਦੇ ਰਹੇ ਹਨ ਅਤੇ ਗ੍ਰੀਨ ਕਾਰਡ ਦੀ ਉਡੀਕ ਕਰ ਰਹੇ ਹਨ। ਪਹਿਲਾਂ ਕਈ ਮਹੀਨਿਆਂ ਤੋਂ **USCIS** ਕੁਝ ਸ਼੍ਰੇਣੀਆਂ ਵਿਚ ਲੋਕਾਂ ਨੂੰ "Dates for Filling" ਦੇ ਆਧਾਰ 'ਤੇ ਪਹਿਲਾਂ ਅਰਜ਼ੀ ਦੇਣ ਦੀ ਆਗਿਆ ਦੇ ਰਹੀ ਸੀ, ਜਿਸ ਨਾਲ ਉਨ੍ਹਾਂ ਨੂੰ ਵਰਕ ਪਰਮਿਟ, ਟਰੈਵਲ ਡਾਕੂਮੈਂਟ ਅਤੇ ਹੋਰ ਫਾਇਦੇ ਮਿਲ ਜਾਂਦੇ ਸਨ। ਹੁਣ ਇਹ ਰਾਹ ਕਾਫ਼ੀ ਹੱਦ ਤੱਕ ਬੰਦ ਹੋ ਗਿਆ ਹੈ।

ਇਸਦੇ ਨਾਲ ਹੀ, ਪ੍ਰਸ਼ਾਸਨ ਵੱਲੋਂ ਇਹ ਵੀ ਸੰਕੇਤ ਮਿਲੇ ਹਨ ਕਿ ਪੁਰਾਣੀਆਂ ਗ੍ਰੀਨ ਕਾਰਡ ਫਾਈਲਾਂ ਦੀ ਮੁੜ ਜਾਂਚ ਕੀਤੀ ਜਾ ਸਕਦੀ ਹੈ, ਖ਼ਾਸ ਕਰਕੇ ਜਿੱਥੇ ਧੋਖਾਧੜੀ, ਗਲਤ ਜਾਣਕਾਰੀ ਜਾਂ ਅਧੂਰੇ ਰਿਕਾਰਡ ਦੀ ਸੰਭਾਵਨਾ ਹੋਵੇ। ਰਿਪੋਰਟਾਂ ਮੁਤਾਬਕ **USCIS** ਨੇ ਕਿਹਾ ਹੈ ਕਿ ਜੇ ਕਿਸੇ ਨੇ ਗਲਤ ਤਰੀਕੇ ਨਾਲ ਲਾਭ ਹਾਸਲ ਕੀਤਾ ਹੈ, ਤਾਂ ਪੁਰਾਣੇ ਕੇਸ ਵੀ ਖੋਲ੍ਹੇ ਜਾ ਸਕਦੇ ਹਨ।

ਇਹ ਸੰਦੇਸ਼ ਉਨ੍ਹਾਂ ਲੋਕਾਂ ਲਈ ਖਾਸ ਅਹਿਮ ਹੈ, ਜਿਨ੍ਹਾਂ ਨੇ ਕਈ ਸਾਲ ਪਹਿਲਾਂ ਵਿਆਹ, ਅਸਾਇਲਮ, ਰੁਜ਼ਗਾਰ ਜਾਂ ਹੋਰ ਰਾਹੀਂ ਗ੍ਰੀਨ ਕਾਰਡ ਹਾਸਲ ਕੀਤਾ ਸੀ। ਇਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਜੇ ਕਿਸੇ ਦੀ ਫਾਈਲ ਸਾਫ਼ ਹੈ, ਦਸਤਾਵੇਜ਼ ਸਹੀ ਹਨ ਅਤੇ ਕੋਈ ਗਲਤ ਬਿਆਨ ਨਹੀਂ ਦਿੱਤਾ ਗਿਆ, ਤਾਂ ਉਹ ਘਬਰਾਉਣ ਦੀ ਲੋੜ ਨਹੀਂ। ਪਰ ਜਿਨ੍ਹਾਂ ਕੇਸਾਂ ਵਿਚ ਏਜੰਟਾਂ ਨੇ ਝੂਠੀ ਜਾਣਕਾਰੀ ਭਰੀ ਸੀ ਜਾਂ ਕਾਗਜ਼ੀ ਕਾਰਵਾਈ ਵਿਚ ਗੜਬੜ ਸੀ, ਉਨ੍ਹਾਂ ਨੂੰ ਸਾਵਧਾਨ




ਰਹਿਣਾ ਚਾਹੀਦਾ ਹੈ।

ਭਾਰਤੀ ਭਾਈਚਾਰੇ ਲਈ ਇਹ ਖ਼ਬਰ ਹੋਰ ਵੀ ਮਹੱਤਵਪੂਰਨ ਹੈ ਕਿਉਂਕਿ ਭਾਰਤ ਦੇ ਹਜ਼ਾਰਾਂ ਨਹੀਂ, ਲੱਖਾਂ ਲੋਕ ਰੁਜ਼ਗਾਰ-ਆਧਾਰਿਤ ਕੈਟਾਗਰੀਆਂ ਵਿਚ ਉਡੀਕ ਕਰ ਰਹੇ ਹਨ। ਮਈ 2026 ਵੀਜ਼ਾ ਬੁਲੇਟਿਨ ਵਿਚ ਭਾਰਤ ਲਈ ਈਬੀ-2 ਅਤੇ ਈਬੀ-3 ਕੈਟਾਗਰੀਆਂ ਵਿਚ ਵੱਡੀ ਤਰੱਕੀ ਨਹੀਂ ਹੋਈ। ਕਈ ਕਟ-ਆਫ਼ ਡੇਟਸ 2014 ਅਤੇ 2013 ਦੇ ਆਸ-ਪਾਸ ਹੀ ਅਟਕੀਆਂ ਹੋਈਆਂ ਹਨ।

ਇਸਦਾ ਮਤਲਬ ਇਹ ਹੈ ਕਿ ਜੋ ਲੋਕ ਸੋਚ ਰਹੇ ਸਨ ਕਿ ਹੁਣ ਉਹ ਆਈ-485 ਐਡਜਸਟਮੈਂਟ ਆਫ ਸਟੇਟਸ ਫਾਈਲ ਕਰ ਸਕਣਗੇ, ਉਨ੍ਹਾਂ ਨੂੰ ਹੂਣ ਹੋਰ ਇੰਤਜ਼ਾਰ ਕਰਨਾ ਪੈ ਸਕਦਾ ਹੈ। ਕਈ ਕੰਪਨੀਆਂ ਨੇ ਆਪਣੇ ਕਰਮਚਾਰੀਆਂ ਲਈ ਕਾਗਜ਼ ਤਿਆਰ ਕਰ ਲਏ ਸਨ, ਪਰ ਹੁਣ ਉਹ ਕੇਸ ਰੁਕ ਸਕਦੇ ਹਨ।

ਕਈ ਇਮੀਗ੍ਰੇਸ਼ਨ ਵਿਗਿਆਨੀ ਮੰਨਦੇ ਹਨ ਕਿ ਇਹ ਕਦਮ ਪ੍ਰਸ਼ਾਸਨ ਦੀ ਸਖ਼ਤ ਨੀਤੀ ਦਾ ਹਿੱਸਾ ਹੈ, ਜਿਸਦਾ ਮਕਸਦ ਇਮੀਗ੍ਰੇਸ਼ਨ ਸਿਸਟਮ ਨੂੰ "ਕੜੀ ਜਾਂਚ" ਦੇ ਹੇਠ ਲਿਆਉਣਾ ਹੈ। ਸਰਕਾਰ ਕਹਿ ਰਹੀ ਹੈ ਕਿ ਸਿਰਫ਼ ਉਹੀ ਲੋਕ ਅੱਗੇ ਵਧਣ ਜੋ ਪੂਰੀ ਤਰ੍ਹਾਂ ਯੋਗ ਹਨ ਅਤੇ ਜਿਨ੍ਹਾਂ ਦੇ ਰਿਕਾਰਡ ਸਾਫ਼ ਹਨ।


ਇਸ ਨਵੇਂ ਫੈਸਲੇ ਦਾ ਸਿੱਧਾ ਅਸਰ ਉਨ੍ਹਾਂ ਲੋਕਾਂ 'ਤੇ ਪਵੇਗਾ, ਜੋ ਕਈ ਸਾਲਾਂ ਤੋਂ ਅਮਰੀਕਾ ਵਿਚ ਕੰਮ ਕਰ ਰਹੇ ਹਨ, ਟੈਕਸ ਦੇ ਰਹੇ ਹਨ ਅਤੇ ਗ੍ਰੀਨ ਕਾਰਡ ਦੀ ਉਡੀਕ ਕਰ ਰਹੇ ਹਨ। ਪਹਿਲਾਂ ਕਈ ਮਹੀਨਿਆਂ ਤੋਂ USCIS ਕੁਝ ਸ਼੍ਰੇਣੀਆਂ ਵਿਚ ਲੋਕਾਂ ਨੂੰ "Dates for Filling" ਦੇ ਆਧਾਰ 'ਤੇ ਪਹਿਲਾਂ ਅਰਜ਼ੀ ਦੇਣ ਦੀ ਆਗਿਆ ਦੇ ਰਹੀ ਸੀ, ਜਿਸ ਨਾਲ ਉਨ੍ਹਾਂ ਨੂੰ ਵਰਕ ਪਰਮਿਟ, ਟਰੈਵਲ ਡਾਕੂਮੈਂਟ ਅਤੇ ਹੋਰ ਫਾਇਦੇ ਮਿਲ ਜਾਂਦੇ ਸਨ। ਹੁਣ ਇਹ ਰਾਹ ਕਾਫ਼ੀ ਹੱਦ ਤੱਕ ਬੰਦ ਹੋ ਗਿਆ ਹੈ।




ਪੰਜਾਬੀ ਭਾਈਚਾਰੇ ਵਿਚ ਇਸ ਖ਼ਬਰ ਨਾਲ ਕਈ ਪ੍ਰਸ਼ਨ ਉੱਠ ਰਹੇ ਹਨ — ਕੀ ਪੁਰਾਣੇ ਗ੍ਰੀਨ ਕਾਰਡ ਵੀ ਰੱਦ ਹੋ ਸਕਦੇ ਹਨ? ਕੀ ਨਾਗਰਿਕਤਾ 'ਤੇ ਅਸਰ ਪਵੇਗਾ? ਕੀ ਟਰੈਵਲ ਕਰਨਾ ਠੀਕ ਰਹੇਗਾ? ਇਮੀਗ੍ਰੇਸ਼ਨ ਮਾਹਿਰਾਂ ਅਨੁਸਾਰ, ਆਮ ਅਤੇ ਕਾਨੂੰਨੀ ਤਰੀਕੇ ਨਾਲ ਗ੍ਰੀਨ ਕਾਰਡ ਲੈਣ ਵਾਲਿਆਂ ਲਈ ਤੁਰੰਤ ਕੋਈ ਵੱਡਾ ਖ਼ਤਰਾ ਨਹੀਂ, ਪਰ ਹਰ ਵਿਅਕਤੀ ਨੂੰ ਆਪਣੇ ਦਸਤਾਵੇਜ਼ ਅਪਡੇਟ ਰੱਖਣੇ ਚਾਹੀਦੇ ਹਨ।

ਜੇ ਕਿਸੇ ਨੇ ਪੁਰਾਣੇ ਸਮੇਂ ਵਿਚ ਨਾਮ, ਜਨਮ ਮਿਤੀ, ਵਿਆਹ ਸਥਿਤੀ, ਨੌਕਰੀ ਜਾਂ ਪਤੇ ਬਾਰੇ ਗਲਤ ਜਾਣਕਾਰੀ ਦਿੱਤੀ ਸੀ, ਤਾਂ ਅੱਗੇ ਚੱਲ ਕੇ ਮੁਸ਼ਕਲ ਆ ਸਕਦੀ ਹੈ। ਇਸ ਲਈ ਹੁਣ ਸਮਾਂ ਹੈ ਕਿ ਹਰ ਪਰਿਵਾਰ ਆਪਣੇ ਰਿਕਾਰਡ ਦੀ ਸਮੀਖਿਆ ਕਰੇ ਅਤੇ ਜ਼ਰੂਰਤ ਪੈਣ 'ਤੇ ਕਿਸੇ ਮਾਣਯੋਗ ਇਮੀਗ੍ਰੇਸ਼ਨ ਵਕੀਲ ਨਾਲ ਸਲਾਹ ਕਰੇ।

ਇਸ ਵੇਲੇ ਅਮਰੀਕਾ ਵਿਚ ਇਮੀਗ੍ਰੇਸ਼ਨ ਮਸਲੇ 2026 ਦੀ ਰਾਜਨੀਤੀ ਦਾ ਵੀ ਵੱਡਾ ਹਿੱਸਾ ਬਣੇ ਹੋਏ ਹਨ। ਗ੍ਰੀਨ ਕਾਰਡ, ਵੀਜ਼ਾ, ਸਰਹੱਦੀ ਸੁਰੱਖਿਆ ਅਤੇ ਨਾਗਰਿਕਤਾ ਦੇ ਮਸਲੇ ਚੋਣੀ ਮੰਚਾਂ 'ਤੇ ਮੁੱਖ ਵਿਸ਼ੇ ਹਨ। ਇਸ ਕਰਕੇ ਅਗਲੇ ਕੁਝ ਮਹੀਨਿਆਂ ਵਿਚ ਹੋਰ ਨਵੇਂ ਫੈਸਲੇ ਵੀ ਆ ਸਕਦੇ ਹਨ।

ਸੰਖੇਪ ਵਿਚ ਕਿਹਾ ਜਾਵੇ ਤਾਂ ਅੱਜ ਆਇਆ ਇਹ ਨਵਾਂ ਸੰਦੇਸ਼ ਦੱਸਦਾ ਹੈ ਕਿ ਅਮਰੀਕਾ ਹੁਣ ਗ੍ਰੀਨ ਕਾਰਡ ਪ੍ਰਕਿਰਿਆ ਨੂੰ ਹੋਰ ਸਖ਼ਤ, ਹੌਲੀ ਅਤੇ ਜਾਂਚ-ਆਧਾਰਿਤ ਰੂਪ ਵਿਚ ਲੈ ਕੇ ਜਾ ਰਿਹਾ ਹੈ। ਜਿਨ੍ਹਾਂ ਲੋਕਾਂ ਦੇ ਕੇਸ ਚੱਲ ਰਹੇ ਹਨ, ਉਹ ਸਬਰ ਨਾਲ ਅਤੇ ਸਹੀ ਕਾਨੂੰਨੀ ਮਦਦ ਨਾਲ ਅੱਗੇ ਵਧਣ। ਜਿਨ੍ਹਾਂ ਕੋਲ ਪਹਿਲਾਂ ਹੀ ਗ੍ਰੀਨ ਕਾਰਡ ਹੈ, ਉਹ ਆਪਣੇ ਰਿਕਾਰਡ ਠੀਕ ਰੱਖਣ ਅਤੇ ਬੇਵਜ੍ਹਾ ਡਰਨ ਦੀ ਲੋੜ ਨਹੀਂ।

# ਬੇਸਿੱਟਾ ਵਾਰਤਾ ਮਗਰੋਂ ਅਮਰੀਕਾ ਵੱਲੋਂ ਇਰਾਨ ਦੀ ਨਾਕੇਬੰਦੀ



-ਡਾ. ਸੁਰਿੰਦਰ ਮੰਡ
ਸੰਪਰਕ : 94173-24543
ਪੰਜਾਬ ਮੇਲ USA



**ਮੇਰੀ ਜਾਚੇ ਪ੍ਰਮਾਣੂੰ ਬੰਬ ਦਾ ਮੁੱਦਾ ਇਰਾਨ ਉੱਤੇ ਹਮਲਾ ਕਰਨ ਦਾ ਮਹਿਜ਼ ਬਹਾਨਾ ਹੈ। ਇਰਾਕ, ਲਿਬੀਆ, ਸੀਰੀਆ, ਵੀਅਤਨਾਮ, ਅਫ਼ਗਾਨਿਸਤਾਨ ਕੋਲ ਤਾਂ ਐਟਮ ਬੰਬ ਨਹੀਂ ਸੀ, ਫਿਰ ਕਿਉਂ ਅਮਰੀਕਾ ਨੇ ਬਰਬਾਦ ਕੀਤੇ? ਕਿਊਬਾ, ਗਰੀਨਲੈਂਡ, ਕੈਨੇਡਾ, ਮੈਕਸੀਕੋ, ਕੋਲੰਬੀਆ ਕੋਲ ਕਿਹੜਾ ਐਟਮ ਬੰਬ, ਜਿਨ੍ਹਾਂ ਉੱਤੇ ਅਮਰੀਕਾ ਕਬਜਾ ਕਰਨ ਨੂੰ ਫਿਰਦਾ? ਕੀ ਫ਼ਲਸਤੀਨ ਕੋਲ ਐਟਮ ਬੰਬ ਸੀ? ਵੈਸੇ ਵੀ ਜੇ ਢਾਈ ਸੌ ਸਾਲ ਪਹਿਲਾਂ ਹੋਂਦ ਵਿਚ ਆਏ ਅਮਰੀਕਾ ਇਜ਼ਰਾਇਲ ਵਰਗੇ ਪ੍ਰਮਾਣੂ ਸੰਪੰਨ ਦੁਸ਼ਮਣ ਦੇਸ਼, ਹਜ਼ਾਰਾਂ ਸਾਲ ਪੁਰਾਣੀ ਸੱਭਿਅਤਾ ਵਾਲੇ ਇਰਾਨ ਦੁਆਲੇ 17 ਫੌਜੀ ਅੱਡੇ ਬਣਾ ਕੇ ਘੇਰਾ ਪਾਉਣ, ਤਾਂ ਅੱਗੋਂ ਬਰਾਬਰ ਦੇ ਹਥਿਆਰ ਨਾਲ ਬਚਾਅ ਕਰਨ ਤੋਂ ਸਿਵਾ ਉਸ ਕੋਲ ਚਾਰਾ ਵੀ ਕੀ ਹੈ?**

ਗੋਲੀਬੰਦੀ ਤੋਂ ਬਾਅਦ ਇਸਲਾਮਾਬਾਦ ਵਿਚ ਅਮਰੀਕਾ ਅਤੇ ਇਰਾਨ ਦਰਮਿਆਨ ਜੋ ਪਹਿਲੀ ਸਿੱਧੀ ਸਮਝੌਤਾ ਵਾਰਤਾ ਦਸ ਅਪ੍ਰੈਲ ਨੂੰ 21 ਘੰਟੇ ਚੱਲੀ, ਇੰਜ ਦੇ ਕਾਰਨਾਂ ਕਰਕੇ ਬੇਨਤੀਜਾ ਰਹੀ ਅਤੇ ਬਖੇੜਾ ਵਧ ਗਿਆ ਹੈ।

ਅਮਰੀਕਾ ਵੱਲੋਂ ਵਾਈਸ ਪ੍ਰੈਜ਼ੀਡੈਂਟ ਜੇ.ਡੀ. ਵੈਂਸ, ਟਰੰਪ ਦਾ ਜਵਾਈ ਜੈਰਾਲਡ ਕੁਸ਼ਨਰ ਅਤੇ ਟਰੰਪ ਦੇ ਵਿਸ਼ੇਸ਼ ਦੂਤ ਵਿਟਕੌਫ਼ ਨੇ ਅਗਵਾਈ ਕੀਤੀ। ਦੂਜੇ ਪਾਸੇ ਇਰਾਨ ਵੱਲੋਂ ਵਿਦੇਸ਼ ਮੰਤਰੀ ਅਰਾਗ਼ਚੀ, ਸੰਸਦ ਦੇ ਸਪੀਕਰ ਕਾਲੀਬਾਫ਼ ਸਮੇਤ 60 ਮੈਂਬਰੀ ਡੈਲੀਗੇਸ਼ਨ ਸੀ। ਅਮਰੀਕੀ ਡੈਲੀਗੇਸ਼ਨ ਪਲ-ਪਲ ਦੀ ਜਾਣਕਾਰੀ ਟਰੰਪ ਨਾਲ ਸਾਂਝੀ ਕਰ ਰਿਹਾ ਸੀ, ਜਦਕਿ ਇਰਾਨੀ ਡੈਲੀਗੇਸ਼ਨ ਨੂੰ ਸਮਝੌਤਾ ਕਰਨ ਜਾਂ ਨਾ ਕਰਨ ਦੇ ਪੂਰੇ ਅਧਿਕਾਰ ਦੇ ਕੇ ਭੇਜਿਆ ਗਿਆ, ਤਾਂ ਕਿ ਵਾਰ-ਵਾਰ ਫੋਨ ਤੋਂ ਲੋਕੇਸ਼ਨ ਲੱਭ ਕੇ ਅਮਰੀਕਾ ਇਜ਼ਰਾਇਲ ਮੁਜ਼ਤਬਾ ਖੁਮੇਨਾਈ ਉੱਤੇ ਹਮਲਾ ਨਾ ਕਰ ਦੇਣ। ਇਰਾਨ ਦਾ ਸਪੀਕਰ ਆਪਣੇ ਜਹਾਜ਼ ਦੀਆਂ 168 ਸੀਟਾਂ ਉੱਤੇ ਉਨ੍ਹਾਂ ਛੋਟੀਆਂ ਬੱਚੀਆਂ ਦੀਆਂ ਤਸਵੀਰਾਂ ਅਤੇ ਖ਼ੂਨ ਨਾਲ ਲਥਪਥ ਸਕੂਲ ਬੈਗ ਰੱਖ ਕੇ ਲਿਆਇਆ, ਜਿਨ੍ਹਾਂ ਨੂੰ ਹਮਲੇ ਦੇ ਪਹਿਲੇ ਦਿਨ ਹੀ ਮਾਰ ਦਿੱਤਾ ਗਿਆ ਸੀ। ਇਰਾਨੀ ਡੈਲੀਗੇਸ਼ਨ ਨੇ ਆਪਣਾ ਨਾਮ ਉਨ੍ਹਾਂ ਬੱਚੀਆਂ ਦੇ ਸਕੂਲ 'ਮੀਨਾਬ' ਦੇ ਨਾਮ ਉੱਤੇ 'ਮੀਨਾਬ 168' ਰੱਖਿਆ।

ਗੱਲਬਾਤ ਇਰਾਨ ਵੱਲੋਂ ਰੱਖੀਆਂ ਦਸ ਸ਼ਰਤਾਂ ਉੱਤੇ ਹੋ ਰਹੀ ਸੀ। ਬਹੁਤੇ ਮੁੱਦਿਆਂ ਉੱਤੇ ਸਹਿਮਤੀ ਦੀਆਂ ਕਨਸੋਆਂ ਸਨ। ਪਰ ਅਖੀਰੀ ਗੱਲਬਾਤ ਅਸਫ਼ਲ ਰਹੀ।

ਵਾਪਸੀ ਉੱਤੇ ਵੈਂਸ ਨੇ ਆਖਿਆ ਕਿ ਇਰਾਨ ਨੇ ਸਾਡੀਆਂ ਸ਼ਰਤਾਂ ਨਹੀਂ ਮੰਨੀਆਂ। ਬੁਰਾ ਹੋਇਆ, ਲੇਕਿੰਨ ਇਹ ਇਰਾਨ ਲਈ ਜ਼ਿਆਦਾ ਬੁਰਾ ਹੋਵੇਗਾ। ਇਹ ਧਮਕੀ ਸੀ। ਇਰਾਨੀ ਵਿਦੇਸ਼ ਮੰਤਰੀ ਅਰਾਗ਼ਚੀ ਨੇ ਆਖਿਆ ਕਿ ਅਮਰੀਕਾ ਜੋ ਸਾਡੇ ਕੋਲੋਂ ਹਮਲਾ ਕਰਕੇ ਨਹੀਂ ਖੋਹ ਸਕਿਆ, ਉਹ ਗੱਲਬਾਤ ਨਾਲ ਖੋਹਣਾ ਚਾਹੁੰਦਾ ਸੀ। ਇਸ ਪਹਿਲੀ ਮੀਟਿੰਗ 'ਚ ਦੋਵਾਂ ਨੇ ਇਕ ਦੂਜੇ ਨੂੰ ਟੋਹਿਆ ਹੈ। ਵਿਗੜੀ ਗੱਲਬਾਤ ਤੋਂ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਪੂਰਾ ਖ਼ੁਸ਼ ਹੈ।

ਜਿਨ੍ਹਾਂ ਮੁੱਦਿਆਂ ਉੱਤੇ ਗੱਲਬਾਤ ਟੁੱਟੀ, ਪਹਿਲਾ ਸੀ 'ਹਾਰਮੂਜ਼ ਸਮੁੰਦਰੀ ਲਾਂਘਾ'। ਅਮਰੀਕਾ ਤੁਰੰਤ ਪੂਰੀ ਤਰ੍ਹਾਂ ਲਾਂਘਾ ਖੁਲ੍ਹਵਾਉਣਾ ਚਾਹੁੰਦਾ ਸੀ, ਆਪਣੇ ਜੰਗੀ ਬੇੜਿਆਂ ਸਮੇਤ। ਪਰ ਇਰਾਨ ਏਨੇ ਕੋਲ ਆਪਣੀ ਸੁਰੱਖਿਆ ਦਾ ਹਵਾਲਾ ਦੇ ਕੇ ਉਥੇ ਆਪਣਾ ਮੁਕੰਮਲ ਕੰਟਰੋਲ ਚਾਹੁੰਦਾ ਅਤੇ ਓਮਾਨ ਨਾਲ ਮਿਲ ਕੇ ਟੌਲ ਵਸੂਲੀ ਸਮੇਤ ਆਪਣੀਆਂ ਸ਼ਰਤਾਂ ਉੱਤੇ ਲਾਂਘਾ ਖੋਲ੍ਹਣ ਨੂੰ ਆਪਣਾ ਹੱਕ ਸਮਝਦਾ। ਵੈਸੇ ਵੀ ਲਾਂਘਾ ਤਾਂ ਖੁੱਲ੍ਹਾ ਸੀ, ਇਰਾਨ ਨੇ ਅਮਰੀਕੀ ਹਮਲੇ ਤੋਂ ਬਾਅਦ ਬੰਦ ਕੀਤਾ। ਇਰਾਨ ਦਾ ਕਹਿਣਾ ਹੈ ਕਿ ਫਿਲਹਾਲ ਦੁਸ਼ਮਣ ਦੇਸ਼ਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਛੱਡ ਕੇ ਹੋਰ ਸਭਨਾਂ ਦੇ ਵਪਾਰ ਲਈ ਹਾਰਮੂਜ਼ ਖੁੱਲ੍ਹਾ ਹੈ। ਲੇਕਿੰਨ ਇਸ ਜੰਗੀ ਮਾਹੌਲ ਵਿਚ ਕਿਸੇ ਅਮਰੀਕੀ ਯੁੱਧਪੋਤ ਨੂੰ ਹਾਰਮੂਜ਼ (ਜੋ ਇਰਾਨੀ ਹੱਦ ਹੈ) ਦੇ ਨੇੜੇ ਆਉਣ ਦੀ ਇਜਾਜ਼ਤ ਨਹੀਂ ਦੇਵੇਗਾ।

ਇਰਾਨ ਪ੍ਰਮਾਣੂ ਬੰਬ ਨਾ ਬਣਾਵੇ, ਇਸ ਮੁੱਦੇ ਉੱਤੇ ਸਮਝੌਤਾ ਤਾਂ ਪਿਛਲੀ ਜੂਨ ਵਾਲੀ ਗੱਲਬਾਤ ਵਿਚ ਵੀ ਸੰਭਵ ਸੀ। ਇਕ ਤਾਂ ਇਰਾਨ ਨੇ 'ਪ੍ਰਮਾਣੂੰ ਅਪਸਾਰ ਸੰਧੀ' ਉੱਤੇ ਪਹਿਲਾਂ ਤੋਂ ਹੀ ਦਸਤਖ਼ਤ ਕੀਤੇ ਹੋਏ ਹਨ। ਦੂਜਾ ਇਸ ਬਾਰੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਦੇ ਕਹਿਣ ਮੁਤਾਬਕ ਉਹ ਪਿਛਲੀ ਗੱਲਬਾਤ 'ਚ ਵੀ ਸਹਿਮਤ ਸੀ। ਪਰ ਸ਼ਾਂਤਮਈ ਮਕਸਦ ਲਈ ਪ੍ਰਮਾਣੂੰ ਖੋਜ ਵਿਕਾਸ ਦਾ ਤਾਂ ਹਰ ਆਜ਼ਾਦ ਮੁਲਕ ਨੂੰ ਅਧਿਕਾਰ ਹੈ। ਆਪਣੇ ਪ੍ਰਮਾਣੂੰ ਸੰਸਥਾਨਾਂ 'ਤੇ 'ਇੰਟਰਨੈਸ਼ਨਲ ਅਟੌਮਿਕ ਐਨਰਜ਼ੀ ਏਜੰਸੀ' ਦੀ ਨਿਗਰਾਨੀ ਰੱਖਣ ਨੂੰ ਵੀ ਇਰਾਨ ਤਿਆਰ ਸੀ। ਐਪਰ ਅਮਰੀਕਾ ਨੇ ਇਸਲਾਮਾਬਾਦ ਵਿਚ ਸ਼ਰਤ ਰੱਖੀ ਕਿ ਸਾਰਾ ਸੋਧਿਆ ਪ੍ਰਮਾਣੂੰ ਯੂਰੇਨੀਅਮ ਇਰਾਨ ਅਮਰੀਕਾ ਨੂੰ ਸੌਂਪ ਦੇਵੇ, ਅਤੇ ਪ੍ਰਮਾਣੂੰ ਵਿਕਾਸ ਪ੍ਰੋਗਰਾਮ ਪੂਰੀ ਤਰ੍ਹਾਂ ਬੰਦ ਕਰੇ, ਜਿਸ ਨੂੰ ਇਰਾਨ ਨੇ ਨਹੀਂ ਮੰਨਿਆ।

ਮੇਰੀ ਜਾਚੇ ਪ੍ਰਮਾਣੂੰ ਬੰਬ ਦਾ ਮੁੱਦਾ ਇਰਾਨ ਉੱਤੇ ਹਮਲਾ ਕਰਨ ਦਾ ਮਹਿਜ਼ ਬਹਾਨਾ ਹੈ। ਇਰਾਕ, ਲਿਬੀਆ, ਸੀਰੀਆ, ਵੀਅਤਨਾਮ, ਅਫ਼ਗਾਨਿਸਤਾਨ ਕੋਲ ਤਾਂ ਐਟਮ ਬੰਬ ਨਹੀਂ ਸੀ, ਫਿਰ ਕਿਉਂ ਅਮਰੀਕਾ ਨੇ ਬਰਬਾਦ ਕੀਤੇ? ਕਿਊਬਾ, ਗਰੀਨਲੈਂਡ, ਕੈਨੇਡਾ, ਮੈਕਸੀਕੋ, ਕੋਲੰਬੀਆ ਕੋਲ ਕਿਹੜਾ ਐਟਮ ਬੰਬ, ਜਿਨ੍ਹਾਂ ਉੱਤੇ ਅਮਰੀਕਾ ਕਬਜਾ ਕਰਨ ਨੂੰ ਫਿਰਦਾ? ਕੀ ਫ਼ਲਸਤੀਨ ਕੋਲ ਐਟਮ ਬੰਬ ਸੀ? ਵੈਸੇ ਵੀ ਜੇ ਢਾਈ ਸੌ ਸਾਲ ਪਹਿਲਾਂ ਹੋਂਦ ਵਿਚ ਆਏ ਅਮਰੀਕਾ ਇਜ਼ਰਾਇਲ ਵਰਗੇ ਪ੍ਰਮਾਣੂ ਸੰਪੰਨ ਦੁਸ਼ਮਣ ਦੇਸ਼, ਹਜ਼ਾਰਾਂ ਸਾਲ ਪੁਰਾਣੀ ਸੱਭਿਅਤਾ ਵਾਲੇ ਇਰਾਨ ਦੁਆਲੇ 17 ਫੌਜੀ ਅੱਡੇ ਬਣਾ ਕੇ ਘੇਰਾ ਪਾਉਣ, ਤਾਂ ਅੱਗੋਂ ਬਰਾਬਰ ਦੇ ਹਥਿਆਰ ਨਾਲ ਬਚਾਅ ਕਰਨ ਤੋਂ ਸਿਵਾ ਉਸ ਕੋਲ ਚਾਰਾ ਵੀ ਕੀ ਹੈ? ਅਸਲ ਕਹਾਣੀ ਸਾਮਰਾਜੀ ਧੌਂਸ, ਵਿਸਥਾਰ ਅਤੇ ਦੂਜਿਆਂ ਦੀ ਦੌਲਤ ਉੱਤੇ ਕਬਜ਼ਾ ਕਰਨ ਦੀ ਹੈ।

ਗੱਲਬਾਤ ਦੌਰਾਨ ਲੈਬਨਾਨ ਉੱਤੇ ਇਜ਼ਰਾਇਲੀ ਹਮਲਾ ਬੰਦ ਕਰਨ ਨੂੰ ਅਮਰੀਕਾ ਨੇ ਇਹ ਆਖ ਕੇ ਖਾਰਜ ਕੀਤਾ ਕਿ ਗੋਲੀਬੰਦੀ ਵਿਚ ਲੈਬਨਾਨ ਦਾ ਜ਼ਿਕਰ ਨਹੀਂ ਹੈ। ਅਸਲ ਵਿਚ ਇਸ ਜੰਗ ਦੀ ਆੜ ਵਿਚ ਇਜ਼ਰਾਈਲ ਦਾ 'ਗਰੇਟਰ ਇਜ਼ਰਾਇਲ' ਯੋਜਨਾ ਤਹਿਤ ਲੈਬਨਾਨ ਦੇ ਲਿਤਾਨੀ ਦਰਿਆ ਤੱਕ ਕਬਜ਼ਾ ਕਰਨ ਦਾ ਮਨਸੂਬਾ ਹੈ। ਇਸੇ ਲਈ ਟਰੰਪ ਦੇ ਯਹੂਦੀ ਜਵਾਈ ਕੁਸ਼ਨਰ ਨੇ ਗੱਲਬਾਤ ਦੌਰਾਨ ਨੇਤਨਯਾਹੂ ਨਾਲ ਸਲਾਹ ਕਰਕੇ ਜ਼ਿੱਦ ਫੜੀ ਰੱਖੀ ਕਿ ਲੈਬਨਾਨ ਉੱਤੇ ਹਮਲਾ ਤਾਂ ਜਾਰੀ ਰਹੇਗਾ। ਇਹ ਵੀ ਖ਼ਬਰਾਂ ਹਨ ਕਿ ਜਿੱਦਣ ਜੰਗ ਰੁਕੀ, ਓਸੇ ਦਿਨ ਨੇਤਨਯਾਹੂ ਉੱਤੇ ਕੁਰੱਪਸ਼ਨ ਵਾਲਾ ਮੁਕੱਦਮਾ ਸ਼ੁਰੂ ਹੋ ਜਾਣਾ। ਜਦਕਿ ਇਰਾਨ ਇਕੱਲੀ ਆਪਣੀ ਨਹੀਂ, ਖਿੱਤੇ ਵਿਚ ਸੰਪੂਰਨ ਜੰਗਬੰਦੀ, ਸ਼ਾਂਤੀ ਲਈ ਅੜਿਆ ਸੀ। ਗੱਲਬਾਤ ਟੁੱਟਣ ਦੀ ਇਹ ਵੀ ਵੱਡੀ ਵਜਾਹ ਰਹੀ। ਲੈਬਨਾਨੀ ਹਿਜ਼ਬੁੱਲਾ ਨੂੰ ਥੱਲੇ ਲਾਉਣ ਲਈ ਅਮਰੀਕਾ ਇਜ਼ਰਾਇਲ ਲੈਬਨਾਨ ਸਰਕਾਰ ਦਰਮਿਆਨ ਵਸ਼ਿੰਗਟਨ ਵਿਚ ਅਲੱਗ ਵਾਰਤਾ 13 ਅਪ੍ਰੈਲ ਨੂੰ ਸ਼ੁਰੂ ਵੀ ਹੋ ਗਈ ਹੈ।

ਵਾਰਤਾ ਦੌਰਾਨ ਇਰਾਨ ਦੇ ਫਰੀਜ਼ ਕੀਤੇ ਕਈ ਲੱਖ ਕਰੋੜ ਡਾਲਰਾਂ ਦੇ ਅਸਾਸੇ ਮੋੜਨ ਨੂੰ ਅਮਰੀਕਾ ਨੇ ਪੂਰਨ ਸਮਝੌਤਾ ਹੋ ਜਾਣ ਨਾਲ ਜੋੜਿਆ। ਇਰਾਨ ਨੇ ਨਿਹੱਥਾ ਹੋਣ (ਲੰਮੀ ਦੂਰੀ ਤੱਕ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਨਾ ਬਣਾਉਣ) ਵਰਗੀ ਕੋਈ ਗ਼ੈਰ ਕਾਨੂੰਨੀ ਸ਼ਰਤ ਨਹੀਂ ਸੀ ਮੰਨਣੀ।

ਇਸਲਾਮਾਬਾਦ ਤੋਂ ਵਾਪਿਸ ਪਹੁੰਚ ਕੇ ਇਰਾਨ ਨੇ ਆਖਿਆ ਹੈ ਕਿ ਸਮਝੌਤਾ ਹੋਣ ਹੀ ਵਾਲਾ ਸੀ, ਅਮਰੀਕਾ ਨੇ ਜਾਣਬੁੱਝ ਕੇ ਨਵੀਆਂ ਸ਼ਰਤਾਂ ਲਾ ਕੇ ਸਾਬੋਤਾਜ ਕੀਤਾ। ਅਮਰੀਕੀ ਧਿਰ ਉੱਤੇ ਇਜ਼ਰਾਇਲ ਦਾ ਦਬਾਅ ਵੀ ਸੀ, ਜੋ ਅਮਰੀਕਾ ਨੂੰ ਹਰ ਹਾਲਤ ਵਿਚ ਇਰਾਨ ਨਾਲ ਲੜਾਈ ਰੱਖਣਾ ਚਾਹੁੰਦਾ।

ਇੰਜ ਟਰੰਪ ਨੇ 13 ਅਪ੍ਰੈਲ ਸ਼ਾਮ ਤੋਂ ਇਰਾਨ ਦੀ ਮੁਕੰਮਲ ਸਮੁੰਦਰੀ ਨਾਕਾਬੰਦੀ ਕਰ ਦਿੱਤੀ ਹੈ। ਕਿਹਾ ਕਿ ਇਰਾਨੀ ਬੰਦਰਗਾਹਾਂ ਤੋਂ ਜਾਂ ਟੋਲ ਦੇ ਕੇ ਆਉਣ ਜਾਣ ਵਾਲੇ ਕਿਸੇ ਜਹਾਜ਼ ਨੂੰ ਫਾਰਸ, ਉਮਾਨ ਜਾਂ ਅਰਬ ਸਾਗਰ ਤੋਂ ਨਹੀਂ ਲੰਘਣ ਦਿੱਤਾ ਜਾਵੇਗਾ। ਟਰੰਪ ਦਾ ਫ਼ੁਰਮਾਨ ਹੈ ਕਿ ਨਾਕਾਬੰਦੀ ਦਾ ਉਲ਼ੰਘਣ ਕਰਨ ਵਾਲੇ ਜਹਾਜ਼ ਉੱਤੇ ਅਮਰੀਕਾ ਹਮਲਾ ਕਰੇਗਾ। ਇਸ ਨਾਲ ਜੰਗ ਦਾ ਦਾਇਰਾ ਵਧਣ ਦੀ ਸੰਭਾਵਨਾ ਬਣ ਗਈ ਹੈ। ਇਉਂ ਚੀਨ ਨਾਲ ਵੀ ਉਲਝਣ ਦੇ ਅਸਾਰ ਹਨ। ਰੂਸ ਨੇ ਤੀਜੀ ਸੰਸਾਰ ਜੰਗ ਲੱਗ ਜਾਣ ਦਾ ਖ਼ਦਸ਼ਾ ਪ੍ਰਗਟ ਕੀਤਾ ਹੈ। ਅਮਰੀਕਾ ਦੀਆਂ ਬੇਨਤੀਆਂ ਦੇ ਬਾਵਜੂਦ ਇਜ਼ਰਾਇਲ ਤੋਂ ਸਿਵਾ ਕਿਸੇ ਮੁਲਕ ਨੇ ਨਾਕਾਬੰਦੀ ਦੀ ਹਮਾਇਤ ਨਹੀਂ ਕੀਤੀ।

ਇਰਾਨ ਅਤੇ ਯਮਨ ਦੇ ਹੂਤੀ ਨੇ ਇਸ ਨਾਕੇਬੰਦੀ ਵਿਰੁੱਧ ਜਵਾਬੀ ਕਾਰਵਾਈ ਕਰਨ ਦਾ ਐਲਾਨ ਕੀਤਾ ਹੈ। ਹੋ ਸਕਦਾ ਇਸ ਵਧੇ ਬਖੇੜੇ ਵਿਚ ਯਮਨ ਦੇ ਕੋਲ 'ਬਾਬ ਅਲ ਮੰਦੇਬ' ਸਮੁੰਦਰੀ ਲਾਂਘਾ ਵੀ ਬੰਦ ਹੋ ਜਾਵੇ। 10 ਫੀਸਦੀ ਤੇਲ ਦਾ ਇਹ ਲਾਂਘਾ ਸੁਏਜ਼ ਨਹਿਰ ਰਾਹੀਂ ਲਾਲ ਸਾਗਰ ਨੂੰ ਅਰਬ ਸਾਗਰ ਨਾਲ ਜੋੜਦਾ।

ਦੁਨੀਆਂ ਭਰ ਤੋਂ ਜੰਗ ਰੋਕਣ ਦੀਆਂ ਆਵਾਜ਼ਾਂ ਉੱਠ ਰਹੀਆਂ ਹਨ। ਇਸ ਵਿਚ ਪੋਪ ਦੀ ਆਵਾਜ਼ ਵੀ ਸ਼ਾਮਲ ਹੈ, ਜੋ ਟਰੰਪ ਹੋਰਾਂ ਦੇ ਹੰਕਾਰ ਨੂੰ ਦੋਸ਼ੀ ਠਹਿਰਾ ਰਿਹਾ।

ਨੇਤਨਯਾਹੂ ਨੇ ਤਾਂ ਇਰਾਨ, ਇਰਾਕ, ਯਮਨ, ਲਿਬਨਾਨ, ਸੀਰੀਆ ਨੂੰ ਆਪਣੇ ਦੁਸ਼ਮਣ ਦੇਸ਼ ਐਲਾਨਦਿਆਂ ਇਨ੍ਹਾਂ ਪ੍ਰਤੀ ਹੋਰ ਹਮਲਾਵਰ ਹੋਣ ਦਾ ਅਹਿਦ ਦੁਹਰਾਇਆ ਹੈ। ਟਕਰਾਅ ਸਿਖ਼ਰ 'ਤੇ ਹੈ। ਇਕ ਪਾਸੇ ਦੋ ਫੌਜੀ ਮਹਾਂਸ਼ਕਤੀਆਂ ਹਨ ਤੇ ਦੂਜੇ ਪਾਸੇ ਇਰਾਨ। ਟਰੰਪ ਇਰਾਨ ਨੂੰ ਛੇਤੀ ਢਾਹੁਣ ਲਈ ਨਾਟੋ ਦੇਸ਼ਾਂ, ਯੂਰਪੀ ਮੁਲਕਾਂ, ਗਵਾਂਢੀ ਅਰਬ ਦੇਸ਼ਾਂ, ਜਪਾਨ, ਕੋਰੀਆ, ਆਸਟ੍ਰੇਲੀਆ ਵਰਗੇ ਤੇਲ ਖਰੀਦਾਰਾਂ ਸਭ ਨੂੰ ਮਦਦ ਲਈ ਆਵਾਜ਼ਾਂ ਮਾਰ ਰਿਹਾ। ਟਰੰਪ ਨੇ ਨਾਟੋ ਦੇਸ਼ਾਂ ਨੂੰ ਨਾਲ ਘੜੀਸਣ ਵਾਲੀ ਆਸ ਹਾਲੇ ਛੱਡੀ ਨਹੀਂ।

ਪਰ ਇਸ ਅਸਾਵੀਂ ਜੰਗ ਵਿਚ ਇਰਾਨ ਇਕੱਲਾ ਡਟਿਆ ਹੌਂਸਲੇ ਨਾਲ। ਬਾਕੀ ਸੰਸਾਰ ਦੇ ਲੋਕ ਇਰਾਨ ਨੂੰ ਫੱਟੜ ਹੋ ਕੇ ਡਿੱਗ ਪੈਣ ਦੀ ਸੰਭਾਵਨਾ ਵਾਲੇ ਸੂਰਮੇ ਵਜੋਂ ਹਮਦਰਦੀ ਨਾਲ ਵੇਖ ਰਹੇ ਹਨ। ਸੰਕਟ ਵਿਚ ਇਰਾਨ ਨੂੰ ਰੂਸ ਚੀਨ ਉੱਤਰੀ ਕੋਰੀਆ ਦਾ ਸਹਾਰਾ ਹੈ।

ਮੱਧ ਪੂਰਬੀ ਖਾੜੀ ਦੇ ਅਰਬ ਦੇਸ਼ ਸਾਨ੍ਹਾਂ ਦੇ ਭੇੜ 'ਚ ਵਿਚਕਾਰ ਫਸ ਗਏ ਹਨ। ਉਨ੍ਹਾਂ ਦੀ ਆਰਥਿਕਤਾ ਅਤੇ ਵਕਾਰ ਦੋਵਾਂ ਨੂੰ ਭਾਰੀ ਸੱਟ ਵੱਜੀ ਹੈ। ਉਨ੍ਹਾਂ ਦੀ ਧਰਤੀ ਉੱਤੇ ਬਣੇ ਅਮਰੀਕੀ ਫੌਜੀ ਅੱਡੇ ਹੀ ਉਨ੍ਹਾਂ ਨੂੰ ਲੈ ਬੈਠੇ ਹਨ।

ਇਸ ਗੋਲੀਬੰਦੀ ਅਤੇ ਸਮਝੌਤਾ ਵਾਰਤਾ ਨਾਲ ਬਾਕੀ ਸਾਰੀ ਦੁਨੀਆਂ ਨੇ ਸੁਖ ਦਾ ਸਾਹ ਲਿਆ ਸੀ, ਪਰ ਹੁਣ ਅਮਰੀਕੀ ਨਾਕਾਬੰਦੀ ਅਤੇ ਜੰਗ ਦੇ ਮੁੜ ਭੜਕਣ ਦੀ ਸੰਭਾਵਨਾ ਨਾਲ ਸੰਸਾਰ ਭਰ ਵਿਚ ਤੇਲ, ਗੈਸ ਅਤੇ ਮਹਿੰਗਾਈ ਦਾ ਵੱਡਾ ਸੰਕਟ ਆਉਣਾ ਤੈਅ ਹੈ। ਹਾਲਾਤ ਵਿਸਫੋਟਕ ਹਨ। ਕਿਉਂਕਿ ਇਰਾਨ ਨੇ ਵੀ ਅੱਗੋਂ ਢੁਕਵਾਂ ਜਵਾਬ ਦੇਣ ਦਾ ਐਲਾਨ ਕਰ ਦਿੱਤਾ ਹੈ। ਭਾਵੇਂ ਕਿ ਸਮਝੌਤਾ ਵਾਰਤਾ ਦੁਬਾਰਾ ਸ਼ੁਰੂ ਕਰਵਾਉਣ ਵਾਲੇ ਵੀ ਫਿਰ ਸਰਗਰਮ ਹੋ ਗਏ ਹਨ।

ਭਾਵੇਂ ਇਰਾਨ ਨੇ ਮਾਰੂ ਹਮਲੇ ਦਾ ਜ਼ੁਰੱਅਤ ਨਾਲ ਮੁਕਾਬਲਾ ਕੀਤਾ ਤੇ ਭਾਵੇਂ ਸਮਝੌਤਾ ਵਾਰਤਾ ਦੀ ਗੱਲਬਾਤ ਦੌਰਾਨ ਨਿੱਡਰ ਨਿਆਈਂ ਪੈਂਤੜਾ ਲੈ ਕੇ ਯਰਕਣ ਤੋਂ ਇਨਕਾਰ ਕੀਤਾ, ਪਰ ਦੁਨੀਆਂ ਨੂੰ ਇਹ ਤਾਂ ਫਿਰ ਸਾਬਤ ਕਰ ਕੇ ਦੱਸ ਦਿੱਤਾ ਹੈ ਕਿ ਇਤਿਹਾਸ ਵਿਚ ਇਰਾਨ ਕਿਉਂ ਕਦੀ ਵੀ ਕਿਸੇ ਦਾ ਗ਼ੁਲਾਮ ਨਹੀਂ ਸੀ ਹੋਇਆ। ਤੇ ਅੱਜ ਵੀ ਬਾਕੀ ਦੁਨੀਆਂ ਨੂੰ ਵੀ ਸਿਰ ਉੱਚਾ ਕਰਕੇ ਜਿਉਣ ਦਾ ਰਸਤਾ ਵਖਾ ਰਿਹਾ ਹੈ। ਬਿਨਾ ਸ਼ੱਕ ਲੜਾਈ ਅਸਾਵੀਂ ਹੈ। ਇਰਾਨੀ ਆਗੂਆਂ ਦਾ ਕਹਿਣਾ ਹੈ ਕਿ ਅਣਖ਼ ਨਾਲ ਜੀਣ ਖਾਤਰ ਉਹ ਸ਼ਹਾਦਤ ਲਈ ਵੀ ਤਿਆਰ ਹਨ। ਕਾਸ਼! ਇਨਸਾਨੀਅਤ ਬਚੀ ਰਵ੍ਹੇ।

# ਮੱਧ ਪੂਰਬ ਦੀ ਜੰਗ ਤੇ ਭਾਰਤ ਦੀ ਊਰਜਾ ਰਣਨੀਤੀ

-ਮਨਜੀਤ ਮਾਨ
ਪਿੰਡ ਸਾਹਨੇਵਾਲੀ (ਮਾਨਸਾ)
ਮੋਬਾਈਲ : 70098-98044
ਪੰਜਾਬ ਮੇਲ USA

ਮੱਧ ਪੂਰਬ, ਜਿਸ ਨੂੰ ਅਸੀਂ ਖਾੜੀ ਦੇਸ਼ਾਂ ਦੇ ਨਾਮ ਨਾਲ ਵੀ ਜਾਣਦੇ ਹਾਂ, ਦੁਨੀਆਂ ਦੇ ਕੱਚੇ ਤੇਲ ਅਤੇ ਕੁਦਰਤੀ ਗੈਸ ਦੇ ਭੰਡਾਰਾਂ ਦਾ ਗੜ੍ਹ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਇੱਥੇ ਜੰਗ ਦੇ ਬੱਦਲ ਛਾਏ ਹਨ, ਪੂਰੀ ਦੁਨੀਆਂ ਦੀ ਆਰਥਿਕਤਾ ਡਾਵਾਂਡੋਲ ਹੋਈ ਹੈ। ਪਿਛਲੇ ਕੁਝ ਸਮੇਂ ਤੋਂ ਇਜ਼ਰਾਈਲ-ਹਮਾਸ ਸੰਘਰਸ਼, ਲੇਬਨਾਨ ਵਿਚ ਵਧ ਰਹੀ ਅਸ਼ਾਂਤੀ ਅਤੇ ਈਰਾਨ-ਇਜ਼ਰਾਈਲ ਵਿਚਾਲੇ ਸਿੱਧੇ ਟਕਰਾਅ ਦੀਆਂ ਸਥਿਤੀਆਂ ਨੇ ਭਾਰਤ ਦੀ ਊਰਜਾ ਸੁਰੱਖਿਆ 'ਤੇ ਸਵਾਲੀਆ ਚਿੰਨ੍ਹ ਲਗਾ ਦਿੱਤੇ ਹਨ। ਭਾਰਤ ਆਪਣੀ ਲੋੜ ਦਾ 80 ਫੀਸਦੀ ਤੋਂ ਵੱਧ ਤੇਲ ਦਰਾਮਦ ਕਰਦਾ ਹੈ, ਜਿਸ ਕਾਰਨ ਮੱਧ ਪੂਰਬ ਵਿਚ ਹੋਣ ਵਾਲੀ ਮਾਮੂਲੀ ਹਲਚਲ ਵੀ ਭਾਰਤ ਲਈ 'ਊਰਜਾ ਸੰਕਟ' ਪੈਦਾ ਕਰ ਸਕਦੀ ਹੈ। ਮੱਧ ਪੂਰਬ ਦੀ ਜੰਗ ਬਾਰੇ ਗੱਲ ਕਰਨ ਤੋਂ ਪਹਿਲਾਂ ਆਪਾਂ ਇੱਥੇ ਭਾਰਤ ਦੀ ਮੱਧ ਪੂਰਬ 'ਤੇ ਨਿਰਭਰਤਾ ਦਾ ਸਰੂਪ ਦੇਖਦੇ ਹਾਂ।

ਭਾਰਤ ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਤੇਲ ਦਰਾਮਦਕਾਰ ਅਤੇ ਉਪਭੋਗਤਾ ਹੈ। ਸਾਡੀ ਆਰਥਿਕਤਾ ਦੀ ਰਫ਼ਤਾਰ ਕੱਚੇ ਤੇਲ ਦੀ ਨਿਰੰਤਰ ਸਪਲਾਈ 'ਤੇ ਟਿਕੀ ਹੋਈ ਹੈ। ਭਾਰਤ ਦੇ ਪ੍ਰਮੁੱਖ ਤੇਲ ਸਪਲਾਇਰ ਦੇਸ਼ਾਂ ਵਿਚ ਇਰਾਕ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਸ਼ਾਮਲ ਹਨ। ਸਿਰਫ਼ ਕੱਚਾ ਤੇਲ ਹੀ ਨਹੀਂ, ਸਗੋਂ ਖਾਣਾ ਪਕਾਉਣ ਵਾਲੀ ਗੈਸ (ਐੱਲ.ਪੀ.ਜੀ.) ਅਤੇ ਕੁਦਰਤੀ ਗੈਸ (ਐੱਲ.ਐੱਨ.ਜੀ.) ਲਈ ਵੀ ਅਸੀਂ ਕਤਰ ਵਰਗੇ ਦੇਸ਼ਾਂ 'ਤੇ ਨਿਰਭਰ ਹਾਂ। ਜਦੋਂ ਜੰਗ ਵਰਗੀ ਸਥਿਤੀ ਬਣਦੀ ਹੈ, ਤਾਂ ਇਹ ਸਪਲਾਈ ਚੇਨ ਕਈ ਤਰੀਕਿਆਂ ਨਾਲ ਪ੍ਰਭਾਵਿਤ ਹੁੰਦੀ ਹੈ, ਜਿਸ ਦਾ ਸਿੱਧਾ ਅਸਰ ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ ਅਤੇ ਘਰੇਲੂ ਕੀਮਤਾਂ 'ਤੇ ਪੈਂਦਾ ਹੈ। ਜੇਕਰ ਜੰਗ ਕਾਰਨ ਪੈਦਾ ਹੋਣ ਵਾਲੇ ਊਰਜਾ ਸੰਕਟ ਦੇ ਮੁੱਖ ਕਾਰਨਾਂ ਨੂੰ ਵੇਖੀਏ, ਤਾਂ ਇਸ ਵਿਚ ਸਭ ਤੋਂ ਪਹਿਲਾਂ ਸਮੁੰਦਰੀ ਰਸਤਿਆਂ ਦੀ ਅਸੁਰੱਖਿਆ ਆਉਂਦੀ ਹੈ। ਮੱਧ ਪੂਰਬ ਤੋਂ ਤੇਲ ਦੀ ਸਪਲਾਈ ਮੁੱਖ ਤੌਰ 'ਤੇ ਸਮੁੰਦਰੀ ਰਸਤਿਆਂ ਰਾਹੀਂ ਹੁੰਦੀ ਹੈ। 'ਹਾਰਮੁਜ਼ ਜਲਡਮਰੂ' (Strait of Hormuz) ਇੱਕ ਅਜਿਹਾ ਤੰਗ ਰਸਤਾ ਹੈ, ਜਿੱਥੋਂ ਦੁਨੀਆਂ ਦਾ ਲਗਭਗ 20-30% ਤੇਲ ਗੁਜ਼ਰਦਾ ਹੈ। ਜੇਕਰ ਈਰਾਨ ਅਤੇ ਇਜ਼ਰਾਈਲ ਵਿਚਕਾਰ ਜੰਗ ਵਧਦੀ ਹੈ ਅਤੇ ਇਹ ਰਸਤਾ ਬੰਦ ਹੁੰਦਾ ਹੈ, ਤਾਂ ਭਾਰਤ ਸਮੇਤ ਕਈ ਦੇਸ਼ਾਂ ਨੂੰ ਤੇਲ ਦੀ ਭਾਰੀ ਕਿੱਲਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸੇ ਤਰ੍ਹਾਂ ਲਾਲ ਸਾਗਰ (Red Sea) ਵਿਚ ਹੂਤੀ ਵਿਦਰੋਹੀਆਂ ਦੇ ਹਮਲਿਆਂ ਨੇ ਪਹਿਲਾਂ ਹੀ ਜਹਾਜ਼ਾਂ ਦੇ ਰਸਤੇ ਲੰਬੇ ਅਤੇ ਮਹਿੰਗੇ ਕਰ ਦਿੱਤੇ ਹਨ। ਇਸ ਤਰ੍ਹਾਂ ਜਦੋਂ ਵੀ ਤੇਲ ਦੀ ਕਿੱਲਤ ਆਉਂਦੀ ਹੈ, ਤਾਂ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਕੀਮਤਾਂ ਭੂ-ਰਾਜਨੀਤਿਕ ਸਥਿਤੀਆਂ ਪ੍ਰਤੀ ਬਹੁਤ ਸੰਵੇਦਨਸ਼ੀਲ ਹੁੰਦੀਆਂ ਹਨ। ਜੰਗ ਦੇ ਡਰ ਨਾਲ ਨਿਵੇਸ਼ਕਾਂ ਵਿਚ ਘਬਰਾਹਟ ਪੈਦਾ ਹੁੰਦੀ ਹੈ, ਜਿਸ ਨਾਲ ਤੇਲ ਦੀਆਂ ਕੀਮਤਾਂ 80 ਡਾਲਰ ਤੋਂ ਵਧ ਕੇ 100 ਡਾਲਰ ਪ੍ਰਤੀ ਬੈਰਲ ਤੱਕ ਵੀ ਪਹੁੰਚ ਸਕਦੀਆਂ ਹਨ। ਭਾਰਤ ਲਈ ਹਰ ਇੱਕ ਡਾਲਰ ਦਾ ਵਾਧਾ ਹਜ਼ਾਰਾਂ ਕਰੋੜ ਰੁਪਏ ਦੇ ਵਾਧੂ ਬੋਝ ਦੇ ਬਰਾਬਰ ਹੁੰਦਾ ਹੈ। ਇਸ ਦੇ ਨਾਲ ਹੀ ਬੀਮਾ ਅਤੇ ਫਰੇਟ ਖਰਚਿਆਂ ਵਿਚ ਵੀ ਵਾਧਾ ਹੋ ਜਾਂਦਾ ਹੈ। ਜੰਗੀ ਖੇਤਰਾਂ ਵਿਚੋਂ ਗੁਜ਼ਰਨ ਵਾਲੇ ਜਹਾਜ਼ਾਂ ਦਾ ਬੀਮਾ ਕਈ ਗੁਣਾ ਵੱਧ ਜਾਂਦਾ ਹੈ। ਇਸ ਤੋਂ ਇਲਾਵਾ, ਜਹਾਜ਼ਾਂ ਨੂੰ ਸੁਰੱਖਿਅਤ ਰਸਤਿਆਂ ਰਾਹੀਂ ਘੁੰਮ ਕੇ ਆਉਣਾ ਪੈਂਦਾ ਹੈ, ਜਿਸ ਨਾਲ ਤੇਲ ਦੀ ਢੋਆ-ਢੁਆਈ ਦਾ ਖਰਚਾ ਵਧ ਜਾਂਦਾ ਹੈ। ਇਹ ਵਾਧੂ ਖਰਚਾ ਅੰਤ ਵਿਚ ਆਮ ਜਨਤਾ ਦੀ ਜੇਬ ਵਿਚੋਂ ਨਿਕਲਦਾ ਹੈ।





> ਸਿਰਫ਼ ਕੱਚਾ ਤੇਲ ਹੀ ਨਹੀਂ, ਸਗੋਂ ਖਾਣਾ ਪਕਾਉਣ ਵਾਲੀ ਗੈਸ (ਐੱਲ.ਪੀ.ਜੀ.) ਅਤੇ ਕੁਦਰਤੀ ਗੈਸ (ਐੱਲ.ਐੱਨ.ਜੀ.) ਲਈ ਵੀ ਅਸੀਂ ਕਤਰ ਵਰਗੇ ਦੇਸ਼ਾਂ 'ਤੇ ਨਿਰਭਰ ਹਾਂ। ਜਦੋਂ ਜੰਗ ਵਰਗੀ ਸਥਿਤੀ ਬਣਦੀ ਹੈ, ਤਾਂ ਇਹ ਸਪਲਾਈ ਚੇਨ ਕਈ ਤਰੀਕਿਆਂ ਨਾਲ ਪ੍ਰਭਾਵਿਤ ਹੁੰਦੀ ਹੈ, ਜਿਸ ਦਾ ਸਿੱਧਾ ਅਸਰ ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ ਅਤੇ ਘਰੇਲੂ ਕੀਮਤਾਂ 'ਤੇ ਪੈਂਦਾ ਹੈ।

ਜਦੋਂ ਮੱਧ ਪੂਰਬ ਦੀ ਜੰਗ ਕਾਰਨ ਊਰਜਾ ਸੰਕਟ ਪੈਦਾ ਹੁੰਦਾ ਹੈ, ਤਾਂ ਇਸ ਦਾ ਅਸਰ ਬਹੁ-ਪੱਧਰੀ ਹੁੰਦਾ ਹੈ। ਭਾਰਤ ਵਿਚ ਟ੍ਰਾਂਸਪੋਰਟੇਸ਼ਨ ਡੀਜ਼ਲ 'ਤੇ ਨਿਰਭਰ ਹੈ। ਜੇ ਡੀਜ਼ਲ ਮਹਿੰਗਾ ਹੁੰਦਾ ਹੈ, ਤਾਂ ਖੇਤਾਂ ਤੋਂ ਸ਼ਹਿਰਾਂ ਤੱਕ ਸਬਜ਼ੀਆਂ ਅਤੇ ਅਨਾਜ ਪਹੁੰਚਾਉਣ ਦਾ ਖਰਚਾ ਵਧ ਜਾਂਦਾ ਹੈ। ਇਸ ਨਾਲ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਵਿਚ ਵਾਧਾ ਹੁੰਦਾ ਹੈ, ਜੋ ਗਰੀਬ ਅਤੇ ਮੱਧ ਵਰਗ ਦੇ ਲੋਕਾਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦਾ ਹੈ। ਤੇਲ ਖਰੀਦਣ ਲਈ ਭਾਰਤ ਨੂੰ ਡਾਲਰਾਂ ਦੀ ਲੋੜ ਹੁੰਦੀ ਹੈ। ਜਦੋਂ ਤੇਲ ਮਹਿੰਗਾ ਹੁੰਦਾ ਹੈ, ਤਾਂ ਡਾਲਰ ਦੀ ਮੰਗ ਵਧ ਜਾਂਦੀ ਹੈ, ਜਿਸ ਕਾਰਨ ਭਾਰਤੀ ਰੁਪਿਆ ਕਮਜ਼ੋਰ ਹੋ ਜਾਂਦਾ ਹੈ। ਰੁਪਿਆ ਕਮਜ਼ੋਰ ਹੋਣ ਨਾਲ ਹੋਰ ਦਰਾਮਦ ਕੀਤੀਆਂ ਚੀਜ਼ਾਂ ਜਿਵੇਂ ਇਲੈਕਟ੍ਰੋਨਿਕਸ ਅਤੇ ਮਸ਼ੀਨਰੀ ਵੀ ਮਹਿੰਗੀਆਂ ਹੋ ਜਾਂਦੀਆਂ ਹਨ। ਅਜਿਹੀ ਸਥਿਤੀ ਵਿਚ ਸਰਕਾਰ ਨੂੰ ਤੇਲ ਦੀਆਂ ਵਧਦੀਆਂ ਕੀਮਤਾਂ ਕਾਰਨ ਸਬਸਿਡੀਆਂ ਦੇਣੀਆਂ ਪੈ ਸਕਦੀਆਂ ਹਨ ਜਾਂ ਆਪਣੇ ਵਿਕਾਸ ਕਾਰਜਾਂ ਦੇ ਬਜਟ ਵਿਚ ਕਟੌਤੀ ਕਰਨੀ ਪੈ ਸਕਦੀ ਹੈ। ਇਸ ਨਾਲ ਦੇਸ਼ ਦੇ ਬੁਨਿਆਦੀ ਢਾਂਚੇ ਸੜਕਾਂ, ਸਕੂਲ, ਹਸਪਤਾਲ 'ਤੇ ਖਰਚ ਹੋਣ ਵਾਲਾ ਪੈਸਾ ਤੇਲ ਦੇ ਬਿੱਲਾਂ ਵਿਚ ਚਲਾ ਜਾਂਦਾ ਹੈ। ਪਰ ਇਸ ਸਭ ਦੇ ਵਿਚ ਭਾਰਤ ਨੇ ਰਣਨੀਤਿਕ ਕਦਮ ਵੀ ਚੁੱਕੇ ਹਨ। ਜਿਸ ਦੇ ਤਹਿਤ ਉਸਨੇ ਪਿਛਲੇ ਕੁਝ ਸਾਲਾਂ ਵਿਚ ਆਪਣੀ ਊਰਜਾ ਨੀਤੀ ਵਿਚ ਬਹੁਤ ਵੱਡੇ ਬਦਲਾਅ ਕੀਤੇ ਹਨ, ਤਾਂ ਜੋ ਮੱਧ ਪੂਰਬ 'ਤੇ ਨਿਰਭਰਤਾ ਨੂੰ ਘੱਟ ਕੀਤਾ ਜਾ ਸਕੇ। ਭਾਰਤ ਨੇ ਸਪਲਾਈ ਵਿਚ ਵਿਭਿੰਨਤਾ ਨੀਤੀ 'ਤੇ ਚੱਲਦਿਆਂ ਹੁਣ ਆਪਣੇ ਆਂਡੇ ਇੱਕੋ ਟੋਕਰੀ ਵਿਚ ਰੱਖਣੇ ਬੰਦ ਕਰ ਦਿੱਤੇ ਹਨ। ਰੂਸ-ਯੂਕਰੇਨ ਜੰਗ ਦੌਰਾਨ, ਭਾਰਤ ਨੇ ਰੂਸ ਤੋਂ ਵੱਡੀ ਮਾਤਰਾ ਵਿਚ ਰਿਆਇਤੀ ਦਰਾਂ 'ਤੇ ਤੇਲ ਖਰੀਦਿਆ। ਅੱਜ ਰੂਸ ਭਾਰਤ ਦੇ ਸਭ ਤੋਂ ਵੱਡੇ ਤੇਲ ਸਪਲਾਇਰਾਂ ਵਿਚੋਂ ਇੱਕ ਹੈ। ਇਸ ਤੋਂ ਇਲਾਵਾ ਭਾਰਤ ਅਮਰੀਕਾ, ਬ੍ਰਾਜ਼ੀਲ ਅਤੇ ਅਫਰੀਕੀ ਦੇਸ਼ਾਂ ਤੋਂ ਵੀ ਤੇਲ ਦੀ ਖਰੀਦ ਵਧਾ ਰਿਹਾ ਹੈ। ਇਸ ਦੇ ਨਾਲ ਹੀ ਭਾਰਤ ਨੇ ਵਿਸ਼ਾਖਾਪਟਨਮ, ਮੰਗਲੌਰ ਵਿਚ ਰਣਨੀਤਿਕ ਤੇਲ ਭੰਡਾਰ ਵਿਸ਼ਾਲ ਭੂਮੀਗਤ ਚੱਟਾਨਾਂ ਵਿਚ ਵਿਕਸਤ ਕੀਤੇ ਹਨ। ਇਨ੍ਹਾਂ ਭੰਡਾਰਾਂ ਵਿਚ ਇੰਨਾ ਤੇਲ ਰੱਖਿਆ ਜਾ ਸਕਦਾ ਹੈ ਕਿ ਕਿਸੇ ਵੱਡੀ ਜੰਗ ਜਾਂ ਸਪਲਾਈ ਰੁਕਣ ਦੀ ਸਥਿਤੀ ਵਿਚ ਦੇਸ਼ ਦਾ ਕੰਮ ਤੇ ਆਵਾਜਾਈ ਨਾ ਰੁਕੇ। ਸਰਕਾਰ ਨੇ ਪੈਟਰੋਲ ਵਿਚ ਈਥਾਨੌਲ (ਜੋ ਗੰਨੇ ਤੋਂ ਬਣਦਾ ਹੈ) ਮਿਲਾਉਣ ਦਾ ਟੀਚਾ ਰੱਖਿਆ ਹੈ। ਇਸ ਨਾਲ ਜਿੱਥੇ ਤੇਲ ਦੀ ਦਰਾਮਦ ਵਿਚ ਕਮੀ ਆਵੇਗੀ, ਉੱਥੇ ਹੀ ਕਿਸਾਨਾਂ ਨੂੰ ਵੀ ਫਾਇਦਾ ਹੋਵੇਗਾ।

ਮੱਧ ਪੂਰਬ ਦੇ ਸੰਕਟ ਨੇ ਭਾਰਤ ਨੂੰ ਇਹ ਸਮਝਾ ਦਿੱਤਾ ਹੈ ਕਿ ਅਸਲੀ ਸੁਰੱਖਿਆ 'ਆਤਮ-ਨਿਰਭਰਤਾ' ਵਿਚ ਹੀ ਹੈ। ਇਸ ਲਈ ਭਾਰਤ ਲੰਬੇ ਸਮੇਂ ਦੇ ਹੱਲ ਲਈ ਨਵਿਆਉਣਯੋਗ ਊਰਜਾ ਦੇ ਸਰੋਤਾਂ ਨੂੰ ਅਪਣਾ ਰਿਹਾ ਹੈ। ਭਾਰਤ ਦੁਨੀਆਂ ਵਿਚ ਸੂਰਜੀ ਊਰਜਾ ਦੇ ਖੇਤਰ ਵਿਚ ਇੱਕ ਮੋਹਰੀ ਦੇਸ਼ ਬਣ ਕੇ ਉੱਭਰ ਰਿਹਾ ਹੈ। ਜਿੰਨੀ ਜ਼ਿਆਦਾ ਬਿਜਲੀ ਸੂਰਜ ਤੋਂ ਬਣੇਗੀ, ਓਨੀ ਹੀ ਗੈਸ ਅਤੇ ਕੋਲੇ ਦੀ ਲੋੜ ਘੱਟ ਜਾਵੇਗੀ। ਜੇਕਰ ਭਾਰਤ ਦੀਆਂ ਸੜਕਾਂ 'ਤੇ ਚੱਲਣ ਵਾਲੀਆਂ ਗੱਡੀਆਂ ਤੇਲ ਦੀ ਥਾਂ ਬਿਜਲੀ ਨਾਲ ਚੱਲਣ ਲੱਗ ਜਾਣ, ਤਾਂ ਮੱਧ ਪੂਰਬ ਦੀ ਕਿਸੇ ਵੀ ਹਲਚਲ ਦਾ ਅਸਰ ਸਾਡੀ ਆਵਾਜਾਈ 'ਤੇ ਵੀ ਘੱਟ ਪਵੇਗਾ। ਇਸ ਤੋਂ ਇਲਾਵਾ ਭਵਿੱਖ ਵਿਚ ਭਾਰੀ ਉਦਯੋਗਾਂ ਨੂੰ ਚਲਾਉਣ ਲਈ ਗ੍ਰੀਨ ਹਾਈਡ੍ਰੋਜਨ ਵੀ ਇੱਕ ਮਹੱਤਵਪੂਰਨ ਵਿਕਲਪ ਸਾਬਤ ਹੋ ਸਕਦੀ ਹੈ।

ਮੱਧ ਪੂਰਬ ਵਿਚ ਜੰਗ ਸਿਰਫ਼ ਇੱਕ ਫੌਜੀ ਟਕਰਾਅ ਨਹੀਂ ਹੈ, ਸਗੋਂ ਇਹ ਵਿਸ਼ਵ ਊਰਜਾ ਸਪਲਾਈ 'ਤੇ ਇੱਕ ਹਮਲਾ ਹੈ। ਭਾਰਤ ਵਰਗੇ ਦੇਸ਼ ਲਈ, ਜੋ ਵਿਸ਼ਵ ਗੁਰੂ ਅਤੇ ਵੱਡੀ ਆਰਥਿਕ ਸ਼ਕਤੀ ਬਣਨ ਦਾ ਸੁਪਨਾ ਵੇਖ ਰਿਹਾ ਹੈ, ਊਰਜਾ ਸੰਕਟ ਇੱਕ ਵੱਡੀ ਰੁਕਾਵਟ ਹੈ। ਹਾਲਾਂਕਿ ਭਾਰਤ ਨੇ ਰੂਸ ਤੋਂ ਤੇਲ ਖਰੀਦ ਕੇ ਅਤੇ ਰਣਨੀਤਿਕ ਭੰਡਾਰ ਬਣਾ ਕੇ ਕੁਝ ਹੱਦ ਤੱਕ ਸਥਿਤੀ ਨੂੰ ਸੰਭਾਲਿਆ ਹੈ, ਪਰ ਇਹ ਸਥਾਈ ਹੱਲ ਨਹੀਂ ਹੈ। ਸਥਾਈ ਹੱਲ ਸਿਰਫ਼ ਆਪਣੀ ਊਰਜਾ ਲੋੜਾਂ ਲਈ ਸਵਦੇਸ਼ੀ ਅਤੇ ਗ੍ਰੀਨ ਐਨਰਜੀ ਸਰੋਤਾਂ ਨੂੰ ਅਪਣਾਉਣ ਵਿਚ ਹੀ ਹੈ। ਭਾਰਤ ਜਿੰਨੀ ਜਲਦੀ ਕੱਚੇ ਤੇਲ 'ਤੇ ਆਪਣੀ ਨਿਰਭਰਤਾ ਘਟਾਏਗਾ, ਓਨੀ ਹੀ ਸਾਡੀ ਆਰਥਿਕਤਾ ਬਾਹਰੀ ਝਟਕਿਆਂ ਤੋਂ ਸੁਰੱਖਿਅਤ ਹੋਵੇਗੀ। ਮੱਧ ਪੂਰਬ ਦੀ ਅਸ਼ਾਂਤੀ ਸਾਨੂੰ ਯਾਦ ਦਿਵਾਉਂਦੀ ਰਹੇਗੀ ਕਿ 'ਊਰਜਾ ਸੁਤੰਤਰਤਾ' ਹੀ ਅਸਲੀ ਆਜ਼ਾਦੀ ਹੈ।

# ਲੋਕ ਸਭਾ: ਵਿਧਾਨ ਸਭਾ ਸੀਟਾਂ ਵਿਚ ਰਾਖਵਾਂਕਰਨ ਬਨਾਮ ਰਾਜਨੀਤਿਕ ਸੰਗਠਨਾਂ ਵਿਚ ਰਾਖਵਾਂਕਰਨ

## ■ ਔਰਤਾਂ ਦੇ ਰਾਖਵੇਂਕਰਨ ਦਾ ਸਵਾਲ ਹੁਣ ਸਿਰਫ਼ ਸੀਟਾਂ ਦੀ ਵੰਡ ਬਾਰੇ ਨਹੀਂ ਹੈ, ਸਗੋਂ ਸ਼ਕਤੀ ਦੇ ਸੰਗਠਨਾਤਮਕ ਢਾਂਚੇ ਬਾਰੇ ਹੈ

## ■ ਭਾਰਤੀ ਲੋਕਤੰਤਰ ਦੇ ਇੱਕ ਨਵੇਂ ਪੜਾਅ ਵਿਚ ਇੱਕ ਫੈਸਲਾਕੁੰਨ ਬਹਿਸ - ਇੱਕ ਵਿਆਪਕ ਵਿਸ਼ਵਵਿਆਪੀ ਵਿਸ਼ਲੇਸ਼ਣ

ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ
ਗੋਂਡੀਆ, ਮਹਾਰਾਸ਼ਟਰ
92841-41425



ਪੰਜਾਬ ਮੇਲ USA

ਵਿਸ਼ਵ ਪੱਧਰ 'ਤੇ, ਭਾਰਤ ਦੇ ਲੋਕਤੰਤਰੀ ਇਤਿਹਾਸ ਵਿਚ, ਅਪ੍ਰੈਲ 2026 ਦੀਆਂ ਸੰਸਦੀ ਘਟਨਾਵਾਂ ਨੇ ਇੱਕ ਅਜਿਹੀ ਬਹਿਸ ਛੇੜ ਦਿੱਤੀ ਹੈ, ਜੋ ਹੁਣ ਵਿਧਾਨ ਸਭਾ ਤੱਕ ਸੀਮਤ ਨਹੀਂ ਹੈ, ਸਗੋਂ ਰਾਜਨੀਤਿਕ ਪਾਰਟੀਆਂ ਦੇ ਅੰਦਰੂਨੀ ਢਾਂਚੇ, ਸ਼ਕਤੀ ਦੀ ਵੰਡ ਅਤੇ ਲੋਕਤੰਤਰ ਦੇ ਸਾਰ ਤੱਕ ਪਹੁੰਚ ਗਈ ਹੈ। 16 ਅਤੇ 17 ਅਪ੍ਰੈਲ, 2026 ਦੇ ਵਿਚਕਾਰ ਲੋਕ ਸਭਾ ਵਿਚ ਜੋ ਕੁਝ ਹੋਇਆ, ਉਸ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਔਰਤਾਂ ਦੇ ਰਾਖਵੇਂਕਰਨ ਦਾ ਸਵਾਲ ਹੁਣ ਸਿਰਫ਼ ਸੀਟਾਂ ਦੀ ਵੰਡ ਬਾਰੇ ਨਹੀਂ ਹੈ, ਸਗੋਂ ਸ਼ਕਤੀ ਦੇ ਢਾਂਚੇ ਬਾਰੇ ਹੈ। ਇਸ ਸੰਦਰਭ ਵਿਚ, 19 ਅਪ੍ਰੈਲ ਨੂੰ ਸ਼ਿਵ ਸੈਨਾ ਦੇ ਇੱਕ ਨੇਤਾ ਦੁਆਰਾ ਉਠਾਇਆ ਗਿਆ ਸਵਾਲ, ਕਿ ਜਦੋਂ ਸਾਰੀਆਂ ਪਾਰਟੀਆਂ ਨੇ 33.33 ਪ੍ਰਤੀਸ਼ਤ ਔਰਤਾਂ ਦੇ ਰਾਖਵੇਂਕਰਨ ਦਾ ਸਮਰਥਨ ਕੀਤਾ ਸੀ, ਤਾਂ ਇੱਕ ਵੱਖਰਾ ਬਿੱਲ ਸਰਬਸੰਮਤੀ ਨਾਲ ਕਿਉਂ ਪਾਸ ਨਹੀਂ ਕੀਤਾ ਗਿਆ, ਹੁਣ ਵਿਆਪਕ ਜਨਤਕ ਚਰਚਾ ਦਾ ਵਿਸ਼ਾ ਬਣ ਗਿਆ ਹੈ। ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਇਹ ਬਹਿਸ ਸਿਰਫ਼ ਪ੍ਰਕਿਰਿਆਤਮਕ ਜਾਂ ਵਿਧਾਨਕ ਨਹੀਂ ਹੈ, ਸਗੋਂ ਲੋਕਤੰਤਰ ਦੇ ਬੁਨਿਆਦੀ ਸਿਧਾਂਤ ਨੂੰ ਚੁਣੌਤੀ ਦਿੰਦੀ ਹੈ, ਜੋ ਪ੍ਰਤੀਨਿਧਤਾ ਅਤੇ ਸਸ਼ਕਤੀਕਰਨ ਵਿਚ ਸਪੱਸ਼ਟ ਤੌਰ 'ਤੇ ਫਰਕ ਕਰਦਾ ਹੈ। ਸੰਸਦ ਵਿਚ ਔਰਤਾਂ ਦੇ ਰਾਖਵੇਂਕਰਨ ਨੂੰ ਹੱਦਬੰਦੀ ਵਰਗੇ ਗੁੰਝਲਦਾਰ ਮੁੱਦਿਆਂ ਨਾਲ ਜੋੜਨਾ, ਬਹੁਤ ਸਾਰੇ ਵਿਸ਼ਲੇਸ਼ਕਾਂ ਦੇ ਅਨੁਸਾਰ, ਇੱਕ ਰਾਜਨੀਤਿਕ ਰਣਨੀਤੀ ਦਾ ਹਿੱਸਾ ਹੋ ਸਕਦਾ ਹੈ, ਪਰ ਇਹ ਇੱਕ ਮਹੱਤਵਪੂਰਨ ਸਵਾਲ ਉਠਾਉਂਦਾ ਹੈ: ਕੀ ਔਰਤਾਂ ਨੂੰ ਅਸਲ ਰਾਜਨੀਤਿਕ ਸ਼ਕਤੀ ਦੇਣ ਦੀ ਇੱਛਾ ਪ੍ਰਤੀਕਾਤਮਕ ਪ੍ਰਤੀਨਿਧਤਾ ਪ੍ਰਦਾਨ ਕਰਨ ਦੀ ਇੱਛਾ ਜਿੰਨੀ ਮਜ਼ਬੂਤ ਹੈ? ਦਰਅਸਲ, ਭਾਰਤ ਵਿਚ ਔਰਤਾਂ ਦੇ ਰਾਖਵੇਂਕਰਨ 'ਤੇ ਬਹਿਸ ਨਵੀਂ ਨਹੀਂ ਹੈ। 2023 ਵਿਚ ਪਾਸ ਹੋਏ ਨਾਰੀ ਸ਼ਕਤੀ ਵੰਦਨ ਐਕਟ ਨੇ ਇਸ ਦਿਸ਼ਾ ਵਿਚ ਇੱਕ ਇਤਿਹਾਸਕ ਕਦਮ ਜ਼ਰੂਰ ਚੁੱਕਿਆ, ਪਰ ਇਸਦਾ ਲਾਗੂਕਰਨ ਹੱਦਬੰਦੀ ਅਤੇ ਜਨਗਣਨਾ ਵਰਗੀਆਂ ਸ਼ਰਤਾਂ ਦੇ ਅਧੀਨ ਹੈ। ਇਸੇ ਕਰਕੇ, ਜਦੋਂ ਅਪ੍ਰੈਲ 2026 ਵਿਚ ਇਹ ਮੁੱਦਾ ਸੰਸਦ ਵਿਚ ਦੁਬਾਰਾ ਉੱਠਿਆ ਅਤੇ ਹੋਰ ਬਿੱਲਾਂ ਨਾਲ ਇਕਜੁੱਟ ਹੋਣ ਤੋਂ ਬਾਅਦ 54 ਵੋਟਾਂ ਨਾਲ ਹਾਰ ਗਿਆ, ਤਾਂ ਇਸ ਨੇ ਜਨਤਕ ਸ਼ੱਕ ਪੈਦਾ ਕੀਤੇ। ਕੀ ਇਹ ਸੱਚਮੁੱਚ ਔਰਤਾਂ ਨੂੰ ਸਸ਼ਕਤ ਬਣਾਉਣ ਦੀ ਕੋਸ਼ਿਸ਼ ਸੀ, ਜਾਂ ਰਾਜਨੀਤਿਕ ਸਮੀਕਰਨਾਂ ਦੀ ਇੱਕ ਗੁੰਝਲਦਾਰ ਖੇਡ? ਇਸ ਸੰਦਰਭ ਵਿਚ, ਸੰਸਦ ਵਿਚ ਵਿਰੋਧੀ ਧਿਰ ਦੇ ਨੇਤਾ ਸਮੇਤ ਕਈ ਵਿਰੋਧੀ ਆਗੂਆਂ ਨੇ ਦਲੀਲ ਦਿੱਤੀ ਕਿ ਔਰਤਾਂ ਦਾ ਰਾਖਵਾਂਕਰਨ ਵੱਖਰੇ ਤੌਰ 'ਤੇ ਪਾਸ ਕੀਤਾ ਜਾ ਸਕਦਾ ਸੀ। ਸੱਤਾਧਾਰੀ ਪਾਰਟੀ ਨੇ ਇਸਨੂੰ ਇੱਕ ਵਿਆਪਕ ਸੁਧਾਰ ਪੈਕੇਜ ਦੇ ਹਿੱਸੇ ਵਜੋਂ ਪੇਸ਼ ਕੀਤਾ। ਪਰ ਇਸ ਪੂਰੇ ਵਿਕਾਸ ਨੇ ਇੱਕ ਨਵੀਂ ਬਹਿਸ ਨੂੰ ਜਨਮ ਦਿੱਤਾ ਹੈ: ਜੇਕਰ ਔਰਤਾਂ ਨੂੰ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਵਿਚ ਰਾਖਵਾਂਕਰਨ ਮਿਲ ਸਕਦਾ ਹੈ, ਤਾਂ ਰਾਜਨੀਤਿਕ ਪਾਰਟੀਆਂ ਦੇ ਅੰਦਰ ਕਿਉਂ ਨਹੀਂ?

ਦੋਸਤੋ, ਜੇਕਰ ਅਸੀਂ ਇਹ ਵਿਚਾਰ ਕਰਦੇ ਹਾਂ ਕਿ ਭਾਰਤੀ ਲੋਕਤੰਤਰ ਅਜਿਹੇ ਇਤਿਹਾਸਕ ਮੋੜ 'ਤੇ ਖੜ੍ਹਾ ਹੈ, ਤਾਂ ਇੱਥੇ ਔਰਤਾਂ ਦੀ ਪ੍ਰਤੀਨਿਧਤਾ ਦਾ ਸਵਾਲ ਹੁਣ ਸੀਟ ਰਾਖਵੇਂਕਰਨ ਤੱਕ ਸੀਮਤ ਨਹੀਂ ਹੈ, ਸਗੋਂ ਸ਼ਕਤੀ ਦੇ ਅਸਲ ਢਾਂਚੇ, ਫੈਸਲਾ ਲੈਣ ਦੀ ਪ੍ਰਕਿਰਿਆ ਅਤੇ ਰਾਜਨੀਤਿਕ ਸੱਭਿਆਚਾਰ ਦੇ ਪੁਨਰਗਠਨ ਨਾਲ ਜੁੜ ਗਿਆ ਹੈ। ਨਾਰੀ ਸ਼ਕਤੀ ਵੰਦਨ ਐਕਟ, ਜਿਸਨੂੰ ਸੰਸਦ ਵਿਚ 54 ਵੋਟਾਂ ਨਾਲ ਹਰਾਇਆ ਗਿਆ, ਨੇ ਲੋਕ ਸਭਾ ਅਤੇ ਵਿਧਾਨ ਸਭਾ ਸੀਟਾਂ ਵਿਚ 33 ਪ੍ਰਤੀਸ਼ਤ ਰਾਖਵੇਂਕਰਨ ਦਾ ਰਸਤਾ ਰੋਕ ਦਿੱਤਾ, ਪਰ ਇਸਨੇ ਇਸ ਬਹਿਸ ਨੂੰ ਵੀ ਤੇਜ਼ ਕਰ ਦਿੱਤਾ ਕਿ ਕੀ ਸਿਰਫ਼ ਵਿਧਾਨ ਸਭਾ ਸੀਟਾਂ ਦਾ ਰਾਖਵਾਂਕਰਨ ਹੀ ਔਰਤਾਂ ਨੂੰ ਸੱਚਮੁੱਚ ਸਸ਼ਕਤ ਬਣਾ ਸਕਦਾ ਹੈ, ਜਾਂ ਕੀ ਰਾਜਨੀਤਿਕ ਪਾਰਟੀਆਂ ਅਤੇ ਸੰਗਠਨਾਂ ਦੇ ਅੰਦਰ ਬਰਾਬਰ ਮੌਕੇ ਅਤੇ ਭਾਗੀਦਾਰੀ ਨੂੰ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਇਹੀ ਕਾਰਨ ਹੈ ਕਿ ਇਹ ਮੁੱਦਾ ਸੀਟਾਂ ਦੀ ਵੰਡ ਤੋਂ ਪਰੇ ਸ਼ਕਤੀ ਵੰਡ ਅਤੇ ਰਾਜਨੀਤਿਕ ਸ਼ਕਤੀ ਦੇ ਪੁਨਰ-ਸੰਤੁਲਨ ਦੇ ਸਵਾਲ ਤੱਕ ਪਹੁੰਚ ਗਿਆ ਹੈ। ਲੋਕ ਸਭਾ ਅਤੇ ਵਿਧਾਨ ਸਭਾ ਵਿਚ ਰਾਖਵੇਂਕਰਨ ਦਾ ਮੂਲ ਉਦੇਸ਼ ਔਰਤਾਂ ਦੀ ਸੰਖਿਆਤਮਕ ਮੌਜੂਦਗੀ ਨੂੰ ਵਧਾਉਣਾ ਹੈ, ਜਿਸ ਨਾਲ ਉਨ੍ਹਾਂ ਨੂੰ ਕਾਨੂੰਨ ਬਣਾਉਣ ਵਿਚ ਆਵਾਜ਼ ਮਿਲ ਸਕੇ। ਇਹ ਪਹੁੰਚ ਲੋਕਤੰਤਰੀ ਪ੍ਰਤੀਨਿਧਤਾ ਦੇ ਸਿਧਾਂਤ ਦੇ ਅਨੁਕੂਲ ਹੈ, ਜਿੱਥੇ ਸਮਾਜ ਦੇ ਸਾਰੇ ਵਰਗਾਂ ਨੂੰ ਬਰਾਬਰ ਮੌਕੇ ਮਿਲਣੇ ਚਾਹੀਦੇ ਹਨ। ਹਾਲਾਂਕਿ, ਅੰਤਰਰਾਸ਼ਟਰੀ ਤਜ਼ਰਬਾ ਦਰਸਾਉਂਦਾ ਹੈ ਕਿ ਸਿਰਫ਼ ਸੀਟਾਂ ਦਾ ਰਾਖਵਾਂਕਰਨ ਕਾਫ਼ੀ ਨਹੀਂ ਹੈ। ਬਹੁਤ ਸਾਰੇ ਦੇਸ਼ਾਂ ਵਿਚ, ਇਹ ਦੇਖਿਆ ਗਿਆ ਹੈ ਕਿ ਔਰਤਾਂ ਚੁਣੀਆਂ ਜਾਂਦੀਆਂ ਹਨ, ਪਰ ਅਸਲ ਸ਼ਕਤੀ ਪਾਰਟੀ ਲੀਡਰਸ਼ਿਪ, ਨੀਤੀ-ਨਿਰਮਾਣ ਕਮੇਟੀਆਂ ਅਤੇ ਸੰਗਠਨਾਤਮਕ ਢਾਂਚਿਆਂ ਵਿਚ ਕੇਂਦ੍ਰਿਤ ਰਹਿੰਦੀ ਹੈ, ਜਿੱਥੇ ਉਨ੍ਹਾਂ ਦੀ ਭਾਗੀਦਾਰੀ ਸੀਮਤ ਹੈ। ਇਸ ਸੰਦਰਭ ਵਿਚ, ਰਵਾਂਡਾ ਦੀ ਉਦਾਹਰਣ ਮਹੱਤਵਪੂਰਨ ਹੈ, ਜਿੱਥੇ ਸੰਸਦ ਵਿਚ ਔਰਤਾਂ ਦੀ ਭਾਗੀਦਾਰੀ 60 ਪ੍ਰਤੀਸ਼ਤ ਤੋਂ ਵੱਧ ਹੈ, ਪਰ ਇਹ ਸਫਲਤਾ ਨਾ ਸਿਰਫ਼ ਸੰਵਿਧਾਨਕ ਰਾਖਵੇਂਕਰਨ ਕਾਰਨ ਸੰਭਵ ਹੋਈ, ਸਗੋਂ ਰਾਜਨੀਤਿਕ ਪਾਰਟੀਆਂ ਦੇ ਅੰਦਰੂਨੀ ਢਾਂਚੇ ਵਿਚ ਔਰਤਾਂ ਦੀ ਸਰਗਰਮ ਭਾਗੀਦਾਰੀ ਕਾਰਨ ਵੀ ਸੰਭਵ ਹੋਈ।








ਦੋਸਤੋ, ਜੇਕਰ ਅਸੀਂ ਭਾਰਤ ਵਿਚ ਵੀ ਉੱਭਰ ਰਹੀ ਇਸ ਚੁਣੌਤੀ 'ਤੇ ਵਿਚਾਰ ਕਰੀਏ, ਜੇਕਰ ਟਿਕਟ ਵੰਡ, ਸੰਗਠਨਾਤਮਕ ਅਹੁਦਿਆਂ ਅਤੇ ਰਾਜਨੀਤਿਕ ਪਾਰਟੀਆਂ ਦੇ ਅੰਦਰ ਫੈਸਲਾ ਲੈਣ ਵਾਲੀਆਂ ਕਮੇਟੀਆਂ ਵਿਚ ਔਰਤਾਂ ਦੀ ਭਾਗੀਦਾਰੀ ਨੂੰ ਯਕੀਨੀ ਨਹੀਂ ਬਣਾਇਆ ਜਾਂਦਾ ਹੈ, ਤਾਂ ਰਾਖਵੀਆਂ ਸੀਟਾਂ 'ਤੇ ਚੁਣੀਆਂ ਗਈਆਂ ਔਰਤਾਂ ਅਕਸਰ ਪ੍ਰੌਕਸੀ ਪ੍ਰਤੀਨਿਧੀ ਬਣ ਜਾਂਦੀਆਂ ਹਨ, ਜਿੱਥੇ ਅਸਲ ਨਿਯੰਤਰਣ ਉਨ੍ਹਾਂ ਦੇ ਪਰਿਵਾਰਾਂ ਜਾਂ ਪੁਰਸ਼ ਸਹਿਯੋਗੀਆਂ ਕੋਲ ਹੁੰਦਾ ਹੈ। ਇਹ ਸਥਿਤੀ ਲੋਕਤੰਤਰ ਦੀ ਭਾਵਨਾ ਦੇ ਉਲਟ ਹੈ, ਕਿਉਂਕਿ ਇਹ ਵੋਟਰਾਂ ਦੀ ਅਸਲ ਇੱਛਾ ਅਤੇ ਪ੍ਰਤੀਨਿਧਤਾ ਦੀ ਧਾਰਨਾ ਨੂੰ ਕਮਜ਼ੋਰ ਕਰਦੀ ਹੈ। ਇਸ ਲਈ, ਹੁਣ ਇਹ ਮੰਗ ਕੀਤੀ ਜਾ ਰਹੀ ਹੈ ਕਿ ਰਾਜਨੀਤਿਕ ਪਾਰਟੀਆਂ ਨੂੰ ਲੀਡਰਸ਼ਿਪ ਦੇ ਹਰ ਪੱਧਰ 'ਤੇ ਔਰਤਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਅੰਦਰੂਨੀ ਔਰਤਾਂ ਦੇ ਰਾਖਵੇਂਕਰਨ ਨੂੰ ਵੀ ਲਾਗੂ ਕਰਨਾ ਚਾਹੀਦਾ ਹੈ। ਵਿਸ਼ਵ ਪੱਧਰ 'ਤੇ, ਵੱਖ-ਵੱਖ ਦੇਸ਼ਾਂ ਨੇ ਇਸ ਮੁੱਦੇ ਨੂੰ ਵੱਖ-ਵੱਖ ਤਰੀਕਿਆਂ ਨਾਲ ਹੱਲ ਕੀਤਾ ਹੈ। ਨਾਰਵੇ ਅਤੇ ਸਵੀਡਨ ਵਰਗੇ ਨੋਰਡਿਕ ਦੇਸ਼ਾਂ ਵਿਚ, ਕਾਨੂੰਨੀ ਰਾਖਵੇਂਕਰਨ ਦੀ ਬਜਾਏ, ਪਾਰਟੀ ਕੋਟਾ ਪ੍ਰਣਾਲੀਆਂ ਨੂੰ ਅਪਣਾਇਆ ਗਿਆ ਹੈ, ਜਿੱਥੇ ਰਾਜਨੀਤਿਕ ਪਾਰਟੀਆਂ ਖੁਦ ਆਪਣੇ ਉਮੀਦਵਾਰਾਂ ਵਿਚ 40-50 ਪ੍ਰਤੀਸ਼ਤ ਔਰਤਾਂ ਨੂੰ ਸ਼ਾਮਲ ਕਰਦੀਆਂ ਹਨ। ਇਸ ਨਾਲ ਨਾ ਸਿਰਫ਼ ਔਰਤਾਂ ਦੀ ਗਿਣਤੀ ਵਧੀ ਹੈ, ਸਗੋਂ ਉਨ੍ਹਾਂ ਦੀ ਗੁਣਵੱਤਾ, ਲੀਡਰਸ਼ਿਪ ਸਮਰੱਥਾ ਅਤੇ ਆਜ਼ਾਦੀ ਨੂੰ ਵੀ ਯਕੀਨੀ ਬਣਾਇਆ ਗਿਆ ਹੈ। ਇਸ ਦੌਰਾਨ, ਫਰਾਂਸ ਨੇ "ਸਮਾਨਤਾ ਕਾਨੂੰਨ" ਲਾਗੂ ਕੀਤਾ, ਜਿਸ ਨਾਲ ਰਾਜਨੀਤਿਕ ਪਾਰਟੀਆਂ ਨੂੰ ਮਰਦ ਅਤੇ ਔਰਤ ਉਮੀਦਵਾਰਾਂ ਦੀ ਬਰਾਬਰ ਗਿਣਤੀ ਵਿਚ ਚੋਣ ਲੜਨ ਲਈ ਮਜਬੂਰ ਕੀਤਾ ਗਿਆ, ਜਿਸ ਵਿਚ ਅਸਫਲ ਰਹਿਣ 'ਤੇ ਵਿੱਤੀ ਜੁਰਮਾਨੇ ਲਗਾਏ ਗਏ। ਇਹ ਉਦਾਹਰਣਾਂ ਨਾ ਸਿਰਫ਼ ਸੰਵਿਧਾਨਕ ਪ੍ਰਬੰਧਾਂ, ਸਗੋਂ ਰਾਜਨੀਤਿਕ ਸੱਭਿਆਚਾਰ ਅਤੇ ਸੰਸਥਾਗਤ ਸੁਧਾਰਾਂ ਦੀ ਜ਼ਰੂਰਤ ਨੂੰ ਦਰਸਾਉਂਦੀਆਂ ਹਨ।

ਦੋਸਤੋ, ਜੇਕਰ ਅਸੀਂ ਭਾਰਤ ਵਿਚ ਰਾਜਨੀਤਿਕ ਪਾਰਟੀਆਂ 'ਤੇ ਵਿਚਾਰ ਕਰੀਏ, ਜਿਨ੍ਹਾਂ ਨੂੰ ਲੋਕਤੰਤਰ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ, ਤਾਂ ਇਨ੍ਹਾਂ ਪਾਰਟੀਆਂ ਦਾ ਅੰਦਰੂਨੀ ਢਾਂਚਾ ਅਕਸਰ ਲੋਕਤੰਤਰੀ ਨਹੀਂ ਹੁੰਦਾ। ਜ਼ਿਆਦਾਤਰ ਪਾਰਟੀਆਂ ਵਿਚ, ਫੈਸਲਾ ਲੈਣ ਦੀ ਸ਼ਕਤੀ ਕੁਝ ਚੋਣਵੇਂ ਨੇਤਾਵਾਂ ਦੇ ਹੱਥਾਂ ਵਿਚ ਕੇਂਦਰਿਤ ਹੁੰਦੀ ਹੈ ਅਤੇ ਔਰਤਾਂ ਦੀ ਭਾਗੀਦਾਰੀ ਸੀਮਤ ਰਹਿੰਦੀ ਹੈ। ਇਸ ਲਈ, ਇਹ ਮੰਗ ਕਰਨਾ ਸੁਭਾਵਿਕ ਹੈ ਕਿ ਜੇਕਰ ਵਿਧਾਨ ਸਭਾ ਵਿਚ 33% ਰਾਖਵਾਂਕਰਨ ਯਕੀਨੀ ਬਣਾਇਆ ਜਾ ਰਿਹਾ ਹੈ, ਤਾਂ ਪਾਰਟੀ ਕਾਰਜਕਾਰੀਆਂ, ਰਾਜ ਇਕਾਈਆਂ, ਜ਼ਿਲ੍ਹਾ ਕਮੇਟੀਆਂ ਅਤੇ ਟਿਕਟ ਵੰਡ ਵਿਚ ਵੀ ਬਰਾਬਰ ਭਾਗੀਦਾਰੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਇਹ ਬਹਿਸ ਅੰਦਰੂਨੀ ਪਾਰਟੀ ਲੋਕਤੰਤਰ ਦੀ ਧਾਰਨਾ ਨੂੰ ਸਾਹਮਣੇ ਲਿਆਉਂਦੀ ਹੈ। ਬਹੁਤ ਸਾਰੀਆਂ ਮਹਿਲਾ ਸੰਗਠਨਾਂ ਅਤੇ ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜਦੋਂ ਤੱਕ ਰਾਜਨੀਤਿਕ ਪਾਰਟੀਆਂ ਖੁਦ ਲਿੰਗ ਸੰਮਲਿਤ ਨਹੀਂ ਬਣ ਜਾਂਦੀਆਂ, ਵਿਧਾਨ ਸਭਾ ਵਿਚ ਰਾਖਵੇਂਕਰਨ ਦਾ ਪ੍ਰਭਾਵ ਸੀਮਤ ਰਹੇਗਾ। ਇਹ ਸਿਰਫ਼ ਸੀਟਾਂ ਦੀ ਗਿਣਤੀ ਵਧਾਉਣ ਦਾ ਮਾਮਲਾ ਨਹੀਂ ਹੈ, ਸਗੋਂ ਫੈਸਲਾ ਲੈਣ ਦੀ ਪ੍ਰਕਿਰਿਆ ਵਿਚ ਔਰਤਾਂ ਦੀ ਅਸਲ ਭਾਗੀਦਾਰੀ ਨੂੰ ਯਕੀਨੀ ਬਣਾਉਣ ਦਾ ਮਾਮਲਾ ਹੈ। ਇਸ ਸੰਦਰਭ ਵਿਚ, ਪੰਚਾਇਤ ਪੱਧਰ 'ਤੇ ਤਜ਼ਰਬੇ ਬਹੁਤ ਮਹੱਤਵਪੂਰਨ ਹਨ। ਮਹਾਰਾਸ਼ਟਰ, ਉੱਤਰਾਖੰਡ ਅਤੇ ਹੋਰ ਰਾਜਾਂ ਵਿਚ 50% ਮਹਿਲਾ ਰਾਖਵੇਂਕਰਨ ਨੂੰ ਲਾਗੂ ਕਰਨ ਤੋਂ ਬਾਅਦ, ਇਹ ਦੇਖਿਆ ਗਿਆ ਹੈ ਕਿ ਔਰਤਾਂ ਨਾ ਸਿਰਫ਼ ਚੋਣਾਂ ਜਿੱਤ ਰਹੀਆਂ ਹਨ, ਸਗੋਂ ਪ੍ਰਭਾਵਸ਼ਾਲੀ ਅਗਵਾਈ ਵੀ ਪ੍ਰਦਾਨ ਕਰ ਰਹੀਆਂ ਹਨ। ਇਹ ਤਰਕ ਹੁਣ ਰਾਸ਼ਟਰੀ ਪੱਧਰ 'ਤੇ ਲਾਗੂ ਕੀਤਾ ਜਾ ਰਿਹਾ ਹੈ: ਜੇਕਰ ਔਰਤਾਂ ਜ਼ਮੀਨੀ ਪੱਧਰ 'ਤੇ ਸਫਲਤਾਪੂਰਵਕ ਅਗਵਾਈ ਕਰ ਸਕਦੀਆਂ ਹਨ, ਤਾਂ ਰਾਸ਼ਟਰੀ ਰਾਜਨੀਤੀ ਵਿਚ ਕਿਉਂ ਨਹੀਂ? ਇੱਕ ਹੋਰ ਦਿਲਚਸਪ ਅਤੇ ਵਿਵਾਦਪੂਰਨ ਵਿਚਾਰ ਉੱਭਰਿਆ ਹੈ: ਪ੍ਰਧਾਨ ਮੰਤਰੀ ਦੇ ਅਹੁਦੇ ਲਈ ਔਰਤਾਂ ਲਈ ਰੋਟੇਸ਼ਨਲ ਆਧਾਰ 'ਤੇ ਰਾਖਵਾਂਕਰਨ। ਜਦੋਂ ਕਿ ਇਹ ਪ੍ਰਸਤਾਵ ਸੰਵਿਧਾਨਕ ਤੌਰ 'ਤੇ ਗੁੰਝਲਦਾਰ ਹੈ, ਇਹ ਸੰਕੇਤ ਦਿੰਦਾ ਹੈ ਕਿ ਔਰਤਾਂ ਦੇ ਸਸ਼ਕਤੀਕਰਨ 'ਤੇ ਬਹਿਸ ਹੁਣ ਪ੍ਰਤੀਨਿਧਤਾ ਤੱਕ ਸੀਮਤ ਨਹੀਂ ਹੈ, ਸਗੋਂ ਸ਼ਕਤੀ ਦੇ ਉੱਚ ਪੱਧਰਾਂ 'ਤੇ ਪਹੁੰਚ ਗਈ ਹੈ।

ਦੋਸਤੋ, ਜੇਕਰ ਅਸੀਂ ਇਸ ਪੂਰੇ ਵਿਕਾਸ ਦੇ ਰਾਜਨੀਤਿਕ ਪ੍ਰਭਾਵ 'ਤੇ ਵਿਚਾਰ ਕਰੀਏ, ਤਾਂ 23 ਅਪ੍ਰੈਲ, 2026 ਨੂੰ ਪੱਛਮੀ ਬੰਗਾਲ ਅਤੇ ਤਾਮਿਲਨਾਡੂ ਵਿਚ ਹੋਣ ਵਾਲੀਆਂ ਚੋਣਾਂ ਨੂੰ ਇਸ ਬਹਿਸ ਦਾ ਪਹਿਲਾ ਵੱਡਾ ਟੈਸਟ ਮੰਨਿਆ ਜਾ ਰਿਹਾ ਹੈ। ਪੱਛਮੀ ਬੰਗਾਲ ਵਿਚ ਮੁਕਾਬਲਾ ਮਮਤਾ ਬੈਨਰਜੀ ਅਤੇ ਕਾਂਗਰਸ ਵਿਚਕਾਰ ਹੈ, ਜਦੋਂ ਕਿ ਦੋਵਾਂ ਨੇ ਸੰਸਦ ਵਿਚ ਮਹਿਲਾ ਰਾਖਵੇਂਕਰਨ 'ਤੇ ਇੱਕ ਸਾਂਝੇ ਬਿੱਲ ਦਾ ਵਿਰੋਧ ਕੀਤਾ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕੀ ਮਹਿਲਾ ਵੋਟਰ ਚੋਣਾਂ ਵਿਚ ਇਸ ਮੁੱਦੇ ਨੂੰ ਤਰਜੀਹ ਦਿੰਦੇ ਹਨ। ਇਸ ਸੰਦਰਭ ਵਿਚ 19 ਅਪ੍ਰੈਲ, 2026 ਨੂੰ ਬੰਗਾਲ ਵਿਚ ਪ੍ਰਧਾਨ ਮੰਤਰੀ ਦੀ ਰੈਲੀ ਨੂੰ ਵੀ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ, ਜਿਸ ਵਿਚ ਉਨ੍ਹਾਂ ਨੇ ਮਹਿਲਾ ਰਾਖਵੇਂਕਰਨ ਦੇ ਮੁੱਦੇ 'ਤੇ ਵਿਰੋਧੀ ਧਿਰ 'ਤੇ ਤਿੱਖਾ ਹਮਲਾ ਕੀਤਾ। ਦੂਜੇ ਪਾਸੇ, ਵਿਰੋਧੀ ਧਿਰ ਦਾ ਤਰਕ ਹੈ ਕਿ ਜੇਕਰ ਸੱਤਾਧਾਰੀ ਪਾਰਟੀ ਸੱਚਮੁੱਚ ਮਹਿਲਾ ਸਸ਼ਕਤੀਕਰਨ ਲਈ ਵਚਨਬੱਧ ਹੈ, ਤਾਂ ਉਸਨੂੰ ਆਪਣੇ ਸੰਗਠਨਾਤਮਕ ਢਾਂਚੇ ਦੇ ਅੰਦਰ 33 ਪ੍ਰਤੀਸ਼ਤ ਰਾਖਵਾਂਕਰਨ ਲਾਗੂ ਕਰਨਾ ਚਾਹੀਦਾ ਹੈ। ਇਹ ਰਾਜਨੀਤਿਕ ਦੋਸ਼-ਖੇਡ ਸਿਰਫ਼ ਇੱਕ ਚੋਣ ਰਣਨੀਤੀ ਨਹੀਂ ਹੈ, ਸਗੋਂ ਇੱਕ ਡੂੰਘੇ ਸਵਾਲ ਨੂੰ ਉਜਾਗਰ ਕਰਦੀ ਹੈ: ਕੀ ਭਾਰਤ ਦਾ ਲੋਕਤੰਤਰ ਚੋਣ ਪ੍ਰਕਿਰਿਆ ਤੱਕ ਸੀਮਤ ਹੈ, ਜਾਂ ਕੀ ਇਹ ਸਮਾਜਿਕ ਨਿਆਂ ਅਤੇ ਸਮਾਨਤਾ ਦੇ ਸਿਧਾਂਤਾਂ ਨੂੰ ਵੀ ਅਪਣਾ ਸਕਦਾ ਹੈ?

ਦੋਸਤੋ, ਜੇਕਰ ਅਸੀਂ ਇਸ ਪੂਰੇ ਮੁੱਦੇ ਨੂੰ ਅੰਤਰਰਾਸ਼ਟਰੀ ਦ੍ਰਿਸ਼ਟੀਕੋਣ ਤੋਂ ਵੇਖੀਏ, ਤਾਂ ਬਹੁਤ ਸਾਰੇ ਦੇਸ਼ਾਂ ਨੇ ਰਾਜਨੀਤਿਕ ਪਾਰਟੀਆਂ ਦੇ ਅੰਦਰ ਔਰਤਾਂ ਦੇ ਰਾਖਵੇਂਕਰਨ ਨੂੰ ਲਾਜ਼ਮੀ ਕਰ ਦਿੱਤਾ ਹੈ। ਉਦਾਹਰਣ ਵਜੋਂ, ਕੁਝ ਯੂਰਪੀਅਨ ਦੇਸ਼ਾਂ ਵਿਚ, ਪਾਰਟੀਆਂ ਨੂੰ ਟਿਕਟ ਵੰਡ ਵਿਚ ਘੱਟੋ-ਘੱਟ ਔਰਤਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ। ਲਾਤੀਨੀ ਅਮਰੀਕਾ ਵਿਚ, ਲਿੰਗ ਕੋਟਾ ਪ੍ਰਣਾਲੀਆਂ ਨੇ ਵੀ ਔਰਤਾਂ ਦੀ ਰਾਜਨੀਤਿਕ ਭਾਗੀਦਾਰੀ ਵਧਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਭਾਰਤ ਵਿਚ, ਇਹ ਬਹਿਸ ਅਜੇ ਵੀ ਆਪਣੇ ਸ਼ੁਰੂਆਤੀ ਪੜਾਵਾਂ ਵਿਚ ਹੈ, ਪਰ ਇਹ ਸਪੱਸ਼ਟ ਤੌਰ 'ਤੇ ਉਸ ਦਿਸ਼ਾ ਵਿਚ ਵਧ ਰਹੀ ਹੈ। ਇਸ ਪੂਰੀ ਚਰਚਾ ਦਾ ਇੱਕ ਮਹੱਤਵਪੂਰਨ ਪਹਿਲੂ ਇਹ ਹੈ ਕਿ ਔਰਤਾਂ ਦੇ ਰਾਖਵੇਂਕਰਨ ਨੂੰ ਸਿਰਫ਼ ਔਰਤਾਂ ਦਾ ਮੁੱਦਾ ਨਹੀਂ ਮੰਨਿਆ ਜਾਣਾ ਚਾਹੀਦਾ, ਸਗੋਂ ਲੋਕਤੰਤਰ ਦਾ ਮੁੱਦਾ ਮੰਨਿਆ ਜਾਣਾ ਚਾਹੀਦਾ ਹੈ। ਜਦੋਂ ਅੱਧੀ ਆਬਾਦੀ ਨੂੰ ਬਰਾਬਰ ਮੌਕੇ ਨਹੀਂ ਮਿਲਦੇ, ਤਾਂ ਲੋਕਤੰਤਰ ਅਧੂਰਾ ਰਹਿੰਦਾ ਹੈ। ਇਸ ਲਈ, ਇਹ ਜ਼ਰੂਰੀ ਹੈ ਕਿ ਔਰਤਾਂ ਦੇ ਰਾਖਵੇਂਕਰਨ ਨੂੰ ਵਿਆਪਕ ਸਮਾਜਿਕ ਅਤੇ ਰਾਜਨੀਤਿਕ ਸੁਧਾਰਾਂ ਨਾਲ ਜੋੜਿਆ ਜਾਵੇ।

ਇਸ ਤਰ੍ਹਾਂ, ਜੇਕਰ ਅਸੀਂ ਉਪਰੋਕਤ ਪੂਰੇ ਬਿਰਤਾਂਤ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਅਪ੍ਰੈਲ 2026 ਦੀਆਂ ਸੰਸਦੀ ਘਟਨਾਵਾਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਭਾਰਤ ਇੱਕ ਨਵੇਂ ਲੋਕਤੰਤਰੀ ਮੋੜ 'ਤੇ ਖੜ੍ਹਾ ਹੈ। ਔਰਤਾਂ ਦੇ ਰਾਖਵੇਂਕਰਨ 'ਤੇ ਬਹਿਸ ਹੁਣ ਕਾਨੂੰਨ ਬਣਾਉਣ ਤੱਕ ਸੀਮਤ ਨਹੀਂ ਹੈ; ਇਹ ਰਾਜਨੀਤਿਕ ਪਾਰਟੀਆਂ ਦੇ ਢਾਂਚੇ, ਸ਼ਕਤੀ ਦੀ ਵੰਡ ਅਤੇ ਲੋਕਤੰਤਰ ਦੀ ਗੁਣਵੱਤਾ ਤੱਕ ਪਹੁੰਚ ਗਈ ਹੈ। ਆਉਣ ਵਾਲੇ ਸਮੇਂ ਵਿਚ, ਇਹ ਦੇਖਣਾ ਮਹੱਤਵਪੂਰਨ ਹੋਵੇਗਾ ਕਿ ਕੀ ਰਾਜਨੀਤਿਕ ਪਾਰਟੀਆਂ ਇਸ ਚੁਣੌਤੀ ਨੂੰ ਸਵੀਕਾਰ ਕਰਦੀਆਂ ਹਨ ਅਤੇ ਆਪਣੇ ਆਪ ਨੂੰ ਹੋਰ ਸਮਾਵੇਸ਼ੀ ਬਣਾਉਂਦੀਆਂ ਹਨ, ਜਾਂ ਕੀ ਇਹ ਬਹਿਸ ਸਿਰਫ਼ ਇੱਕ ਚੋਣ ਮੁੱਦਾ ਹੀ ਰਹਿ ਜਾਂਦੀ ਹੈ। ਇਸ ਸਵਾਲ ਦਾ ਜਵਾਬ ਭਾਰਤੀ ਲੋਕਤੰਤਰ ਦੀ ਦਿਸ਼ਾ ਅਤੇ ਸਥਿਤੀ ਦੋਵਾਂ ਨੂੰ ਨਿਰਧਾਰਤ ਕਰੇਗਾ।

# ਗੱਲੀਂ ਬਾਤੀਂ ਮੈਂ ਵੱਡੀ, ਕਰਤੂਤੀਂ ਵੱਡੀ ਜੇਠਾਣੀ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA





**ਸਿਤਮ ਦੀ ਗੱਲ ਹੈ ਕਿ ਦਿੱਲੀ ਵਿਚ ਘੱਟੋ-ਘੱਟ ਮਜ਼ਦੂਰੀ 19,846, ਹਰਿਆਣਾ 'ਚ 15,220, ਉੱਤਰ ਪ੍ਰਦੇਸ਼ 'ਚ 11,313 ਅਤੇ ਰਾਜਸਥਾਨ ਵਿਚ ਸਿਰਫ਼ 7,410 ਰੁਪਏ ਹੈ। ਇਹ ਸੂਬੇ ਇੱਕ ਦੂਜੇ ਨਾਲ ਸਰਹੱਦੀ ਸਾਂਝ ਵਾਲੇ ਹਨ। ਮਜ਼ਦੂਰ ਇਧਰ-ਉਧਰ ਕੰਮ ਕਰਦੇ ਹਨ ਅਤੇ ਤੁਲਨਾਤਮਕ ਤੌਰ 'ਤੇ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਠੱਗਿਆ ਜਾ ਰਿਹਾ ਹੈ। ਕਈ ਥਾਵਾਂ 'ਤੇ ਸਾਲਾਂ ਤੋਂ ਮਜ਼ਦੂਰੀ ਵਿਚ ਕੋਈ ਵੱਡਾ ਵਾਧਾ ਨਹੀਂ ਹੋਇਆ, ਜਦਕਿ ਮਹਿੰਗਾਈ ਲਗਾਤਾਰ ਵਧ ਰਹੀ ਹੈ। ਕੀ ਇਹੀ ਹੈ ਉਹ ਵਿਕਾਸ, ਜਿਸਦਾ ਸੁਪਨਾ ਦੇਸ਼ ਦੇ ਮਜ਼ਦੂਰਾਂ ਨੂੰ ਦਿਖਾਇਆ ਜਾਂਦਾ ਹੈ?**

ਕਾਗਜ਼ਾਂ ਵਿਚ ਕਾਨੂੰਨਾਂ ਦੀ ਝੜੀ ਲੱਗੀ ਹੋਈ ਹੈ। ਕਿਧਰੇ ਨਾਰੀ ਦੇ ਹੱਕ ਵਿਚ ਹੁੰਕਾਰ ਭਰੀ ਜਾ ਰਹੀ ਹੈ, ਕਿਧਰੇ "ਪਰਸੀਮਨ" ਕਾਨੂੰਨ ਲਿਆਉਣ ਲਈ ਕੇਂਦਰੀ ਹਾਕਮ ਪੱਬਾਂ ਭਾਰ ਹਨ। ਪਰ ਜ਼ਮੀਨੀ ਪੱਧਰ 'ਤੇ ਚਹੁੰ ਕੁੰਟੀ ਅਸੰਤੋਸ਼ ਦੀ ਜੁਆਲਾ ਭੜਕ ਰਹੀ ਹੈ।

ਕਾਗਜ਼ਾਂ 'ਤੇ ਬਣਦੇ ਇਹ ਵੱਡੇ-ਵੱਡੇ ਦਾਅਵੇ ਅਤੇ ਐਲਾਨ ਹਕੀਕਤ ਦੀ ਕਸੌਟੀ 'ਤੇ ਖਰੇ ਨਹੀਂ ਉਤਰਦੇ ਹਨ। ਗੱਲਾਂ ਵਿਚ ਵੱਡੇ ਬਣਨ ਵਾਲੀ ਇਹ ਪ੍ਰਣਾਲੀ, ਕਰਤੂਤਾਂ ਵਿਚ ਮਜ਼ਦੂਰ ਤੇ ਆਮ ਇਨਸਾਨ ਦੇ ਹੱਕਾਂ ਨੂੰ ਪਿੱਛੇ ਧੱਕ ਰਹੀ ਹੈ, ਇਸੇ ਲਈ ਇਹ ਅਖਾਣ ਅੱਜ ਦੇ ਹਾਲਾਤਾਂ 'ਤੇ ਬਿਲਕੁਲ ਖਰਾ ਉਤਰਦਾ ਹੈ।

ਸਿਆਸਤਦਾਨਾਂ ਵੱਲੋਂ ਘੜ੍ਹੇ ਕਾਨੂੰਨ ਗੱਲੀਂ ਬਾਤੀਂ ਬੇਸ਼ੱਕ ਬਹੁਤ ਵੱਡੇ ਤੇ ਨਿਆਂਪੂਰਨ ਦੱਸੇ ਜਾਂਦੇ ਹਨ, ਪਰ ਹਕੀਕਤ ਵਿਚ ਛੋਟੇ ਕਾਨੂੰਨ ਹਨ।

ਪਹਿਲਾਂ ਪਾਸ ਹੋਇਆ ਮਜ਼ਦੂਰਾਂ ਦੇ ਹੱਕ ਖੋਂਹਦਾ ਲੇਬਰ ਕਾਨੂੰਨ ਕਟਹਿਰੇ 'ਚ ਹੈ। ਕਿਧਰੇ ਪ੍ਰਧਾਨ ਮੰਤਰੀ ਕਹਿੰਦੇ ਹਨ ਕਿ ਦੇਸ਼ ਦੀ ਵਿਰੋਧੀ ਧਿਰ ਨੇ ਰਾਖਵਾਂਕਰਨ ਬਿੱਲ ਰੋਕ ਕੇ ਔਰਤਾਂ ਦੇ ਸੁਪਨਿਆਂ ਨੂੰ ਕੁਚਲਿਆ ਹੈ, ਭਰੂਣ ਹੱਤਿਆ ਕੀਤੀ ਹੈ, ਜਿਸਨੂੰ ਉਹ ਗੰਭੀਰ ਅਨਿਆਂ ਤੇ ਪਾਪ ਦੱਸਦੇ ਹਨ। ਦੂਜੇ ਪਾਸੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਪਰਸੀਮਨ ਯੋਜਨਾ ਨੂੰ ਦੇਸ਼ ਨੂੰ ਵੰਡਣ ਦੀ ਸਾਜ਼ਿਸ਼ ਕਰਾਰ ਦਿੰਦੀ ਹੈ। ਕਾਂਗਰਸੀ ਨੇਤਾਵਾਂ ਅਨੁਸਾਰ ਇਹ ਸੰਘੀ ਢਾਂਚੇ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਹੈ, ਜਿਸ ਨੂੰ ਵਿਰੋਧੀ ਧਿਰ ਨੇ ਇਕਜੁੱਟ ਹੋ ਕੇ ਰੋਕਿਆ।

ਇਹ ਸਿਰਫ਼ ਨਾਰੀ ਜਾਂ ਰਾਜਨੀਤੀ ਤੱਕ ਸੀਮਤ ਨਹੀਂ, ਮਜ਼ਦੂਰ ਵਰਗ ਵੀ ਇਸਦਾ ਸਿੱਧਾ ਸ਼ਿਕਾਰ ਬਣ ਰਿਹਾ ਹੈ। ਮਜ਼ਦੂਰਾਂ ਵਿਰੋਧੀ ਲੇਬਰ ਕਾਨੂੰਨਾਂ, ਘੱਟ ਮਜ਼ਦੂਰੀ, ਲੰਮੇ ਕੰਮ ਦੇ ਘੰਟਿਆਂ ਅਤੇ ਕਾਰਪੋਰੇਟਾਂ ਵੱਲੋਂ ਹੋ ਰਹੇ ਵਿਆਪਕ ਸ਼ੋਸ਼ਣ ਵਿਰੁੱਧ ਨੋਇਡਾ 'ਚ ਧਰਨਾ ਸ਼ੁਰੂ ਹੋਇਆ। ਦੇਸ਼ ਦੀਆਂ ਕਈ ਉਦਯੋਗਿਕ ਇਕਾਈਆਂ ਦੇ ਮਜ਼ਦੂਰ ਸੰਘਰਸ਼ ਲਈ ਸੜਕ 'ਤੇ ਉੱਤਰ ਆਏ।

ਮਜ਼ਦੂਰਾਂ ਦੀ ਮੰਗ ਸਾਫ਼ ਸੀ- 08 ਘੰਟੇ ਕੰਮ, 20 ਹਜ਼ਾਰ ਰੁਪਏ ਮਹੀਨਾ ਤਨਖਾਹ, ਓਵਰਟਾਈਮ ਦਾ ਦੁੱਗਣਾ ਭੁਗਤਾਨ ਅਤੇ ਹਫ਼ਤਾਵਾਰੀ ਛੁੱਟੀ। ਨੋਇਡਾ ਦੇ ਹੋਜ਼ਰੀ ਕੰਪਲੈਕਸ ਵਿਚ ਸਾਹੂ ਐਕਸਪੋਰਟ, ਮਦਰਧਨ ਆਟੋਮੋਬਾਈਲ ਪਾਰਟਸ ਸਮੇਤ ਸੈਂਕੜੇ ਹੋਰ ਕਾਰਖਾਨਿਆਂ ਦੇ ਮਜ਼ਦੂਰ ਇਕੱਠੇ ਹੋ ਗਏ। ਪ੍ਰਸ਼ਾਸਨ ਨੇ ਚਾਰ ਦਿਨ ਤੱਕ ਸਮਝੌਤਿਆਂ ਦੇ ਭਰੋਸੇ ਦਿੱਤੇ, ਪਰ ਵਾਅਦਾ ਖ਼ਿਲਾਫ਼ੀ ਨਾਲ ਸਬਰ ਦਾ ਕੜ ਟੁੱਟ ਗਿਆ। 13 ਅਪ੍ਰੈਲ ਨੂੰ ਹਿੰਸਾ ਭੜਕੀ, ਵਾਹਨਾਂ ਨੂੰ ਅੱਗ ਲਗਾਈ ਗਈ ਅਤੇ ਐੱਨ.ਐੱਚ.-9 ਦਿੱਲੀ-ਮੇਰਠ ਐਕਸਪ੍ਰੈੱਸਵੇ ਜਾਮ ਕਰ ਦਿੱਤਾ ਗਿਆ।

ਇਹੋ ਜਿਹੇ ਹਾਲਾਤ ਪਹਿਲਾਂ ਵੀ ਸੂਰਤ, ਝਾਂਸੀ ਅਤੇ ਪਾਣੀਪਤ ਵਿਚ ਵੇਖੇ ਜਾ ਚੁੱਕੇ ਹਨ। ਭਾਵੇਂ ਨੋਇਡਾ ਦਾ ਮਾਮਲਾ ਕੁਝ ਵਾਧੇ ਨਾਲ ਥੋੜ੍ਹਾ ਠੰਢਾ ਪਿਆ, ਪਰ ਮਜ਼ਦੂਰ ਅਜੇ ਵੀ ਅਸੰਤੁਸ਼ਟ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਘੋਸ਼ਣਾਵਾਂ ਤਾਂ ਬਹੁਤ ਹੁੰਦੀਆਂ ਹਨ, ਪਰ ਜ਼ਮੀਨ 'ਤੇ ਬਦਲਾਅ ਨਜ਼ਰ ਨਹੀਂ ਆਉਂਦਾ।

ਕੇਂਦਰ ਸਰਕਾਰ ਵੱਲੋਂ 2019-20 ਵਿਚ ਬਣਾਏ 40 ਪੁਰਾਣੇ ਕਾਨੂੰਨਾਂ ਨੂੰ ਸਮੇਟ ਕੇ 04 ਨਵੇਂ ਲੇਬਰ ਕੋਡ ਲਿਆਂਦੇ ਗਏ, ਜਿਨ੍ਹਾਂ ਦੇ ਲਾਗੂ ਹੋਣ ਬਾਰੇ ਵੱਡੇ ਦਾਅਵੇ ਕੀਤੇ ਗਏ। ਇਹ ਕਾਨੂੰਨ ਸਨ- ਮਜ਼ਦੂਰੀ ਸੰਹਿਤਾ 2019, ਉਦਯੋਗਿਕ ਸੰਬੰਧ ਸੰਹਿਤਾ 2020, ਸਮਾਜਿਕ ਸੁਰੱਖਿਆ ਸੰਹਿਤਾ 2020 ਅਤੇ ਵਿਵਸਾਇਕ ਸੁਰੱਖਿਆ, ਸਿਹਤ ਅਤੇ ਕਾਰਜ ਸਥਿਤੀ ਸੰਹਿਤਾ 2020 । ਇਹ 21 ਨਵੰਬਰ 2025 ਨੂੰ ਮੁੜ ਸੋਧ ਕਰਕੇ ਪ੍ਰਭਾਵਸ਼ੀਲ ਬਣਾਉਣ ਦੀ ਗੱਲ ਆਖੀ ਗਈ। ਮਜ਼ਦੂਰਾਂ ਨੂੰ ਉਮੀਦ ਸੀ ਕਿ ਉਨ੍ਹਾਂ ਦੀ ਜ਼ਿੰਦਗੀ ਵਿਚ ਸੁਧਾਰ ਆਵੇਗਾ, ਪਰ ਅਸਲ ਹਾਲਾਤ ਵਿਚ ਕੋਈ ਵੱਡਾ ਫ਼ਰਕ ਨਹੀਂ ਪਿਆ। ਮਜ਼ਦੂਰਾਂ ਨੂੰ ਆਸ ਸੀ ਕਿ ਪਹਿਲੀ ਅਪ੍ਰੈਲ 2026 ਨੂੰ ਤਨਖਾਹ ਵਿਚ ਸੰਸ਼ੋਧਿਤ ਵਾਧਾ ਹੋਏਗਾ, ਪਰ ਇੰਵ ਨਾ ਹੋਇਆ। ਕੇਂਦਰ ਸਰਕਾਰ ਨੇ ਆਪਣੀ ਇੱਕ ਰਿਪੋਰਟ ਅਨੁਸਾਰ ਤਨਖ਼ਾਹ 176 ਰੁਪਏ ਪ੍ਰਤੀ ਦਿਨ ਦੀ ਥਾਂ 375 ਰੁਪਏ ਕਰਨ ਦੀ ਸਿਫ਼ਾਰਸ਼ ਕੀਤੀ, ਪਰ ਇਹ ਫਾਈਲਾਂ 'ਚ ਧੂੜ ਫੱਕ ਰਹੀ ਹੈ। ਕਈ ਸਿਫ਼ਾਰਸ਼ਾਂ ਫ਼ਾਈਲਾਂ ਵਿਚ ਹੀ ਦੱਬੀਆਂ ਰਹਿ ਗਈਆਂ।

ਇਕ ਕਾਨੂੰਨ ਆਨਲਾਈਨ ਲਾਗੂ ਕਰਨ ਦੀ ਗੱਲ ਆਖੀ ਗਈ। ਆਨਲਾਈਨ ਪ੍ਰਣਾਲੀ ਲਾਗੂ ਕਰਨ ਨਾਲ ਨਿਰੀਖਣ ਪ੍ਰਕਿਰਿਆ ਕਮਜ਼ੋਰ ਹੋਈ, ਇੰਸਪੈਕਟਰੀ ਵਿਵਸਥਾ ਨੂੰ ਖੋਰਾ ਲੱਗਿਆ ਅਤੇ ਉਦਯੋਗਪਤੀਆਂ ਨੂੰ ਖੁੱਲ੍ਹੀ ਛੂਟ ਮਿਲ ਗਈ। ਸਵੇਰੇ 8 ਵਜੇ ਘਰੋਂ ਨਿਕਲਣ ਵਾਲਾ ਮਜ਼ਦੂਰ ਸ਼ਾਮ ਨੂੰ ਥੱਕਿਆ ਹਾਰਿਆ ਵਾਪਸ ਆਉਂਦਾ ਹੈ, ਪਰ ਉਸਦੀ ਮਿਹਨਤ ਦੇ ਬਦਲੇ ਉਸਨੂੰ ਨਾ ਇਨਸਾਫ਼ ਮਿਲਦਾ ਹੈ, ਨਾ ਇੱਜ਼ਤ-ਸਿਰਫ਼ ਗੁਜ਼ਾਰੇ ਦੀ ਜੰਗ ਮਿਲਦੀ ਹੈ। ਕਾਨੂੰਨਾਂ ਨੇ 12 ਘੰਟੇ ਤੱਕ ਦੀ ਮਜ਼ਦੂਰੀ ਨੂੰ ਕਾਨੂੰਨੀ ਮੰਨ ਲਿਆ। ਨਾਲ ਹੀ ਸਿਹਤ ਸੁਰੱਖਿਆ ਲਈ ਕਾਨੂੰਨੀ ਪ੍ਰਵਾਧਾਨ 10 ਤੋਂ 20 ਕਰਮਚਾਰੀਆਂ ਤੋਂ ਵਧਾ ਕੇ 20 ਤੋਂ 40 ਤੱਕ ਕਰ ਦਿੱਤੇ। ਕੰਮ ਦੇ ਘੰਟੇ ਵਧਾਉਣ ਅਤੇ ਕਾਨੂੰਨੀ ਦਾਇਰੇ ਨੂੰ ਘਟਾਉਣ ਨਾਲ ਛੋਟੀਆਂ ਫੈਕਟਰੀਆਂ ਦੀ ਵੱਡੀ ਗਿਣਤੀ ਨਿਗਰਾਨੀ ਤੋਂ ਬਾਹਰ ਰਹਿ ਗਈ।

ਤਨਖਾਹਾਂ ਵਿਚ ਵੀ ਵੱਡੀ ਅਸਮਾਨਤਾ ਵੇਖਣ ਨੂੰ ਮਿਲਦੀ ਹੈ। ਇੱਕੋ-ਜਿਹੇ ਕੰਮ ਲਈ ਵੱਖ-ਵੱਖ ਸੂਬਿਆਂ ਵਿਚ ਵੱਖਰੇ ਮਾਪਦੰਡ ਹਨ। ਮਜ਼ਦੂਰ ਜਦੋਂ ਇਹ ਤੁਲਨਾ ਕਰਦੇ ਹਨ, ਤਾਂ ਉਨ੍ਹਾਂ ਵਿਚ ਅਸੰਤੋਸ਼ ਵਧਣਾ ਸੁਭਾਵਿਕ ਹੈ। ਉੱਤਰ ਪ੍ਰਦੇਸ਼ ਵਿਚ ਪਿਛਲੀ ਮੂਲ ਤਨਖਾਹ 'ਚ 2012 'ਚ ਵਾਧਾ ਹੋਇਆ ਸੀ-ਭਾਵ 14 ਸਾਲ ਪਹਿਲਾਂ। ਹੈਰਾਨ ਹੋਣ ਵਾਲੀ ਗੱਲ ਨਹੀਂ ਕਿ ਇਨ੍ਹਾਂ 14 ਸਾਲਾਂ 'ਚ ਮਜ਼ਦੂਰੀ ਨਹੀਂ ਵਧੀ। ਮਹਿੰਗਾਈ ਭੱਤੇ ਵਿਚ ਮਾਮੂਲੀ ਵਾਧਾ ਹੁੰਦਾ ਰਿਹਾ।

ਸਿਤਮ ਦੀ ਗੱਲ ਹੈ ਕਿ ਦਿੱਲੀ ਵਿਚ ਘੱਟੋ-ਘੱਟ ਮਜ਼ਦੂਰੀ 19,846, ਹਰਿਆਣਾ 'ਚ 15,220, ਉੱਤਰ ਪ੍ਰਦੇਸ਼ 'ਚ 11,313 ਅਤੇ ਰਾਜਸਥਾਨ ਵਿਚ ਸਿਰਫ਼ 7,410 ਰੁਪਏ ਹੈ। ਇਹ ਸੂਬੇ ਇੱਕ ਦੂਜੇ ਨਾਲ ਸਰਹੱਦੀ ਸਾਂਝ ਵਾਲੇ ਹਨ। ਮਜ਼ਦੂਰ ਇਧਰ-ਉਧਰ ਕੰਮ ਕਰਦੇ ਹਨ ਅਤੇ ਤੁਲਨਾਤਮਕ ਤੌਰ 'ਤੇ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਠੱਗਿਆ ਜਾ ਰਿਹਾ ਹੈ। ਕਈ ਥਾਵਾਂ 'ਤੇ ਸਾਲਾਂ ਤੋਂ ਮਜ਼ਦੂਰੀ ਵਿਚ ਕੋਈ ਵੱਡਾ ਵਾਧਾ ਨਹੀਂ ਹੋਇਆ, ਜਦਕਿ ਮਹਿੰਗਾਈ ਲਗਾਤਾਰ ਵਧ ਰਹੀ ਹੈ। ਕੀ ਇਹੀ ਹੈ ਉਹ ਵਿਕਾਸ, ਜਿਸਦਾ ਸੁਪਨਾ ਦੇਸ਼ ਦੇ ਮਜ਼ਦੂਰਾਂ ਨੂੰ ਦਿਖਾਇਆ ਜਾਂਦਾ ਹੈ?

ਹਰਿਆਣਾ ਵਿਚ ਪਹਿਲਾਂ ਮਜ਼ਦੂਰੀ 11,274 ਸੀ, ਜੋ ਵਧਾ ਕੇ 1 ਅਪ੍ਰੈਲ 2026 ਨੂੰ 15,220 ਕੀਤੀ ਗਈ। ਗੱਲੀਂ-ਬਾਤੀਂ ਗੱਲਾਂ ਕਰਨ ਵਾਲੀ ਨੀਤੀ ਤਹਿਤ ਦੇਸ਼ ਵਿਚ ਕਾਰਪੋਰੇਟਾਂ ਨੂੰ ਖ਼ੁਸ਼ ਕਰਨ ਲਈ ਜਿੱਥੇ ਕੰਮ ਦੇ ਘੰਟੇ ਵਧਾਏ ਗਏ, ਘੱਟੋ-ਘੱਟ ਉਜਰਤ ਲਾਗੂ ਨਾ ਕਰਨ ਦੀ ਨੀਤੀ 'ਤੇ ਟਾਲਮਟੋਲ ਕੀਤਾ ਗਿਆ, ਉੱਥੇ ਠੇਕੇਦਾਰੀ ਸਿਸਟਮ ਨੂੰ ਲਗਾਤਾਰ ਉਤਸ਼ਾਹਿਤ ਕੀਤਾ ਗਿਆ।

ਸਾਲ 2019-20 ਵਿਚ 38 ਫ਼ੀਸਦੀ ਤੋਂ ਵੱਧ ਕੇ 2023-24 ਵਿਚ 42 ਫ਼ੀਸਦੀ ਤੱਕ ਠੇਕੇਦਾਰੀ ਸਿਸਟਮ 'ਚ ਮਜ਼ਦੂਰਾਂ ਦੀ ਸੰਖਿਆ ਵਧੀ। ਇਨ੍ਹਾਂ ਮਜ਼ਦੂਰਾਂ 'ਤੇ ਕੋਈ ਕਾਨੂੰਨ ਹੀ ਲਾਗੂ ਨਹੀਂ ਹੁੰਦਾ।

ਹੱਕ ਲਈ ਹੁੰਕਾਰ ਭਰਦੇ ਭਾਰਤੀ ਮਜ਼ਦੂਰਾਂ ਦੀ ਸਥਿਤੀ ਅਤਿਅੰਤ ਤਰਸਯੋਗ ਹੈ। ਵਿੱਤੀ ਸਾਲ 2017 ਤੋਂ 2026 ਤੱਕ ਐੱਸ.ਬੀ.ਆਈ. ਰਿਸਰਚ ਰਿਪੋਰਟ ਅਨੁਸਾਰ ਭਾਰਤ ਵਿਚ ਮਜ਼ਦੂਰੀ ਵਾਧਾ ਔਸਤਨ ਸਿਰਫ 0.23 ਰਿਹਾ - ਜਾਣੀ ਸਿਫ਼ਰ, ਇੱਕ ਵੱਡਾ ਜ਼ੀਰੋ। ਆਈ.ਐੱਲ.ਓ ਦੀ ਇੰਡੀਆ ਰੁਜ਼ਗਾਰ ਰਿਪੋਰਟ 2024 ਦੱਸਦੀ ਹੈ ਕਿ 2012 ਤੋਂ 2022 ਦੇ ਸਮੇਂ 'ਚ ਨਿਯਮਤ ਮਜ਼ਦੂਰਾਂ ਦੀ ਅਸਲ ਮਜ਼ਦੂਰੀ ਜਾਂ ਤਾਂ ਸਥਿਰ ਰਹੀ ਜਾਂ ਫਿਰ ਘੱਟ ਗਈ। ਆਈ.ਐੱਲ.ਓ. ਅਨੁਸਾਰ 90 ਫ਼ੀਸਦੀ ਮਜ਼ਦੂਰ ਗੈਰ-ਸੰਗਠਿਤ ਖੇਤਰ 'ਚ ਹਨ-ਇਹੀ ਇਸ ਸਥਿਤੀ ਦੀ ਮੂਲ ਜੜ੍ਹ ਹੈ। ਇਸ ਲਈ ਮਜ਼ਦੂਰ ਯੂਨੀਅਨਾਂ ਨੂੰ ਮਜ਼ਬੂਤ ਬਣਾਉਣਾ ਅਤੇ ਉਨ੍ਹਾਂ ਦੀ ਆਵਾਜ਼ ਨੂੰ ਨੀਤੀ ਘਾੜਿਆਂ ਤੱਕ ਪਹੁੰਚਾਉਣਾ ਵੀ ਬਹੁਤ ਜ਼ਰੂਰੀ ਹੈ। ਠੇਕੇਦਾਰੀ ਪ੍ਰਣਾਲੀ ਦੇ ਫੈਲਾਅ ਨਾਲ ਮਜ਼ਦੂਰਾਂ ਦੀ ਸੁਰੱਖਿਆ ਹੋਰ ਘੱਟ ਗਈ ਹੈ। ਇਸ ਤਹਿਤ ਕੰਮ ਕਰਨ ਵਾਲੇ ਕਈ ਮਜ਼ਦੂਰ ਬੁਨਿਆਦੀ ਕਾਨੂੰਨੀ ਸੁਰੱਖਿਆ ਤੋਂ ਵੀ ਵਾਂਝੇ ਹਨ। ਇਹ ਹਾਲਾਤ ਉਨ੍ਹਾਂ ਦੀ ਆਰਥਿਕ ਅਤੇ ਸਮਾਜਿਕ ਅਸਥਿਰਤਾ ਨੂੰ ਹੋਰ ਗੰਭੀਰ ਬਣਾਉਂਦੇ ਹਨ।

ਵੱਖ-ਵੱਖ ਰਿਪੋਰਟਾਂ ਵੀ ਦਰਸਾਉਂਦੀਆਂ ਹਨ ਕਿ ਮਜ਼ਦੂਰੀ ਵਾਧਾ ਬਹੁਤ ਹੀ ਘੱਟ ਰਿਹਾ ਹੈ ਅਤੇ ਗੈਰ-ਸੰਗਠਿਤ ਖੇਤਰ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਹਾਲਤ ਹੋਰ ਵੀ ਨਾਜ਼ੁਕ ਹੈ। ਖੇਤੀ ਅਤੇ ਨਿਰਮਾਣ ਖੇਤਰ ਵਿਚ ਬਹੁਤ ਸਾਰੇ ਮਜ਼ਦੂਰ ਘੱਟੋ-ਘੱਟ ਤਨਖਾਹ ਤੋਂ ਵੀ ਘੱਟ 'ਤੇ ਕੰਮ ਕਰ ਰਹੇ ਹਨ ਅਤੇ ਸਮਾਜਿਕ ਸੁਰੱਖਿਆ ਦੇ ਲਾਭਾਂ ਤੋਂ ਵੀ ਵਾਂਝੇ ਹਨ। ਇੱਕ ਰਿਪੋਰਟ ਅਨੁਸਾਰ 2022 ਤੋਂ ਖੇਤੀ ਖੇਤਰ ਵਿਚ 62 ਫ਼ੀਸਦੀ ਅਤੇ ਨਿਰਮਾਣ ਖੇਤਰ 'ਚ 70 ਫ਼ੀਸਦੀ ਗੈਰ-ਹੁਨਰਮੰਦ ਕਾਮਿਆਂ ਦੀ ਦਿਹਾੜੀ ਘੱਟੋ-ਘੱਟ ਤਨਖਾਹ ਤੋਂ ਵੀ ਘੱਟ ਹੈ। ਰਿਪੋਰਟ ਦਾ ਇਹ ਕਹਿਣਾ ਵੀ ਚਿੰਤਾਜਨਕ ਹੈ ਕਿ ਦੇਸ਼ ਵਿਚ 53.4 ਫ਼ੀਸਦੀ ਖੇਤੀ ਕਾਮੇ ਸਮਾਜਿਕ ਸੁਰੱਖਿਆ ਦੇ ਲਾਭ ਦੇ ਪਾਤਰ ਹੀ ਨਹੀਂ ਹਨ।

ਸਿਰਫ਼ ਕੇਂਦਰ ਹੀ ਨਹੀਂ, ਸੂਬਾ ਸਰਕਾਰਾਂ ਵੀ ਮਜ਼ਦੂਰ ਕਾਨੂੰਨਾਂ ਨੂੰ ਲਾਗੂ ਕਰਨ ਵਿਚ ਪੂਰੀ ਤਰ੍ਹਾਂ ਸੰਵੇਦਨਸ਼ੀਲ ਨਹੀਂ ਜਾਪਦੀਆਂ। ਇਹ ਵੀ ਆਪਣੇ ਹਿੱਤਾਂ ਦੀ ਖਾਤਰ ਮਜ਼ਦੂਰਾਂ ਦੇ ਹਿੱਤਾਂ ਨੂੰ ਛਿੱਕੇ ਟੰਗ ਦਿੰਦੀਆਂ ਹਨ। ਕਈ ਵਿਸ਼ਲੇਸ਼ਕਾਂ ਦੇ ਅਨੁਸਾਰ, ਆਰਥਿਕ ਹਿੱਤਾਂ ਅਤੇ ਉਦਯੋਗਪਤੀਆਂ ਦੇ ਦਬਾਅ ਕਾਰਨ ਮਜ਼ਦੂਰਾਂ ਦੇ ਹਿੱਤ ਪਿੱਛੇ ਰਹਿ ਜਾਂਦੇ ਹਨ। ਉਹ ਅੰਤਰਰਾਸ਼ਟਰੀ ਕਾਨੂੰਨ ਜਿਹੜਾ ਮਜ਼ਦੂਰਾਂ ਨੂੰ ਵੱਡੇ ਸੰਘਰਸ਼ ਤੋਂ ਬਾਅਦ ਅੱਠ ਘੰਟੇ ਦੀ ਦਿਹਾੜੀ ਮਜ਼ਦੂਰੀ ਤੱਕ ਸੀਮਤ ਕਰਦਾ ਹੈ, ਉਸ ਨੂੰ ਕੇਂਦਰ ਸਰਕਾਰ ਨੇ ਪੈਰਾਂ ਹੇਠ ਮਿੱਧ ਦਿੱਤਾ।

ਨਤੀਜੇ ਵਜੋਂ ਮਜ਼ਦੂਰ ਆਰਥਿਕ ਤੌਰ 'ਤੇ ਪਿਸ ਰਿਹਾ ਹੈ ਅਤੇ ਉਸ ਵਿਚ ਅਸੰਤੋਸ਼ ਪੈਦਾ ਹੋ ਰਿਹਾ ਹੈ। ਇਹ ਅਸੰਤੋਸ਼ ਉਸਦੀ ਜ਼ਿੰਦਗੀ ਦੀਆਂ ਮੁਸ਼ਕਲਾਂ ਦਾ ਸਿੱਧਾ ਦਰਪਣ ਹੈ, ਤਨਖਾਹਾਂ ਦੀ ਅਸਮਾਨਤਾ, ਵਧਦੀ ਜੀਵਨ ਲਾਗਤ, ਠੇਕਾ ਪ੍ਰਥਾ ਅਤੇ ਸ਼ਿਕਾਇਤ ਨਿਵਾਰਣ ਦੀ ਕਮੀ।

ਕਈ ਥਾਵਾਂ 'ਤੇ ਮਜ਼ਦੂਰਾਂ ਨੂੰ ਬਿਮਾਰੀ ਦੀ ਛੁੱਟੀ, ਢੰਗ ਦੀ ਬਰੇਕ ਜਾਂ ਹੋਰ ਬੁਨਿਆਦੀ ਸਹੂਲਤਾਂ ਵੀ ਪ੍ਰਾਪਤ ਨਹੀਂ। ਇਸ ਤਰ੍ਹਾਂ ਦੇ ਕੰਮਕਾਜੀ ਮਾਹੌਲ ਵਿਚ ਮਜ਼ਦੂਰ ਸਿਰਫ਼ ਇੱਕ ਮਸ਼ੀਨ ਬਣ ਕੇ ਰਹਿ ਜਾਂਦਾ ਹੈ।

ਗੱਲੀਂ-ਬਾਤੀਂ ਕੁਝ ਨਹੀਂ ਸੌਰਦਾ। ਲੋੜ ਹੈ ਕਿ ਲੇਬਰ ਕਾਨੂੰਨ ਸਿਰਫ਼ ਕਾਗਜ਼ਾਂ ਤੱਕ ਸੀਮਤ ਨਾ ਰਹਿਣ, ਸਗੋਂ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਯੋਗ ਬਣਾਇਆ ਜਾਵੇ। ਦਫ਼ਤਰਾਂ ਅਤੇ ਕਾਰਖਾਨਿਆਂ ਦਾ ਨਿਯਮਿਤ ਨਿਰੀਖਣ ਹੋਵੇ, ਕੰਮ ਦੇ ਘੰਟੇ ਮਨੁੱਖੀ ਮਿਆਰ ਅਨੁਸਾਰ ਨਿਰਧਾਰਤ ਕੀਤੇ ਜਾਣ ਅਤੇ ਨੌਕਰੀ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।

ਝਗੜਿਆਂ ਦੇ ਨਿਪਟਾਰੇ ਲਈ ਮਜ਼ਬੂਤ ਸੰਸਥਾਵਾਂ ਬਣਨੀਆਂ ਚਾਹੀਦੀਆਂ ਹਨ ਅਤੇ ਮਜ਼ਦੂਰਾਂ ਦੀ ਸਮਾਜਿਕ ਸੁਰੱਖਿਆ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਅਖੀਰ ਵਿਚ ਸਵਾਲ ਇਹ ਹੈ ਕਿ ਜਦ ਤੱਕ ਕਾਨੂੰਨ ਜ਼ਮੀਨ 'ਤੇ ਨਹੀਂ ਉਤਰਦੇ, ਮਜ਼ਦੂਰ ਲਈ ਇਨਸਾਫ਼ ਸਿਰਫ਼ ਇੱਕ ਭਰਮ ਹੀ ਰਹੇਗਾ। ਕਾਨੂੰਨ ਬਣਾਉਣੇ ਅਤੇ ਉਨ੍ਹਾਂ 'ਤੇ ਇਮਾਨਦਾਰੀ ਨਾਲ ਪਹਿਰਾ ਨਾ ਦੇਣਾ ਅਸਲ ਵਿਚ ਲੋਕਾਂ ਨਾਲ ਵੱਡਾ ਧੋਖਾ ਹੈ। ਜਦ ਤੱਕ ਮਜ਼ਦੂਰ ਦੇ ਪਸੀਨਾ ਬਣ ਵਹੇ ਲਹੂ ਦੀ ਕਦਰ ਨਹੀਂ ਹੋਵੇਗੀ, ਤਦ ਤੱਕ ਦੇਸ਼ ਦੀ ਤਰੱਕੀ ਅਤੇ ਆਜ਼ਾਦੀ ਅਧੂਰੀ ਹੀ ਮੰਨੀ ਜਾਵੇਗੀ।

# "ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026" ਇਤਿਹਾਸਕ ਫੈਸਲਾ

## ਗੁਰਜੀਤ ਸਿੰਘ ਖਾਲਸਾ ਦੀ ਤਪੱਸਿਆ, ਸਿੱਖ ਸੰਗਤਾਂ ਦਾ ਵੱਧਦਾ ਦਬਾਅ ਅਤੇ 2027 ਚੋਣਾਂ

-ਡਾ ਸੰਦੀਪ ਘੰਡ ਐਡਵੋਕੇਟ
ਕੋਰਟ ਰੋਡ ਮਾਨਸਾ
ਮੋਬਾਈਲ 9815139576
ਪੰਜਾਬ ਮੇਲ USA



ਪੰਜਾਬ ਸਰਕਾਰ ਵੱਲੋਂ 13 ਅਪ੍ਰੈਲ 2026 ਨੂੰ ਪੰਜਾਬ ਵਿਧਾਨ ਸਭਾ ਵਿਚ "ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026" ਨੂੰ ਪਾਸ ਕੀਤਾ ਗਿਆ, ਜਿਸ ਤੋਂ ਬਾਅਦ ਇਸ ਸੋਧ ਐਕਟ ਨੂੰ ਰਾਜਪਾਲ ਵੱਲੋਂ ਵੀ ਪ੍ਰਵਾਨਗੀ ਦੇ ਦਿੱਤੀ ਗਈ ਹੈ ਅਤੇ ਹੁਣ ਜਿਵੇਂ ਹੀ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਾਵੇਗਾ, ਇਹ ਕਾਨੂੰਨ ਲਾਗੂ ਹੋ ਜਾਵੇਗਾ। ਇਸ ਤੋਂ ਪਹਿਲਾਂ ਕਿ ਇਸ ਸੋਧ ਬਿੱਲ ਦੀ ਜ਼ਰੂਰਤ ਜਾਂ ਇਸ ਸੋਧ ਬਿੱਲ ਸਬੰਧੀ ਚਰਚਾ ਦਾ ਜ਼ਿਕਰ ਕਰੀਏ, ਕੀ ਇਸ ਤੋਂ ਪਹਿਲਾਂ ਕੋਈ ਕਾਨੂੰਨ ਨਹੀਂ ਸੀ, ਤਾਂ ਸੁਭਾਵਿਕ ਹੈ ਕਿ ਜਿਵੇਂ ਇਸ ਦੇ ਨਾਮ ਤੋਂ ਹੀ ਪਤਾ ਚੱਲਦਾ ਕਿ ਇਸ ਐਕਟ ਵਿਚ ਸ਼ਬਦ ਸੋਧ ਦਾ ਜ਼ਿਕਰ ਹੈ, ਭਾਵ ਇਹ ਨਵਾਂ ਕਾਨੂੰਨ ਨਹੀਂ, ਪੁਰਾਣੇ ਬਿੱਲ ਵਿਚ ਸੋਧ ਕੀਤੀ ਗਈ ਹੈ। ਅਸਲੀਅਤ ਵੱਜੋਂ ਦੇਖਿਆ ਜਾਵੇ, ਤਾਂ ਬੇਸ਼ੱਕ ਸ਼ਬਦ ਸੋਧ ਲਿਖਿਆ ਗਿਆ ਪਰ ਪਿਛਲੇ ਅਤੇ ਨਵੇਂ ਕਾਨੂੰਨ ਬਾਰੇ ਦੇਖਿਆ ਜਾਵੇ, ਤਾਂ ਇਸ ਵਿਚ ਬਹੁਤ ਵੱਡਾ ਫਰਕ ਹੈ। ਪਹਿਲਾਂ ਵਾਲਾ ਕਾਨੂੰਨ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪ੍ਰਿੰਟਿੰਗ ਪ੍ਰੈੱਸ ਅਤੇ ਪ੍ਰਕਾਸ਼ਨ) ਐਕਟ, 2008" ਵਿਚ ਕੇਵਲ ਪ੍ਰਿੰਟਿੰਗ ਪ੍ਰੈੱਸ ਅਤੇ ਪ੍ਰਕਾਸ਼ਨਾ ਦਾ ਹੀ ਜ਼ਿਕਰ ਸੀ ਪਰ ਇਸ ਵਿਚ ਬੇਅਦਬੀ ਅਤੇ ਬੇਅਦਬੀ ਕਰਨ ਵਾਲਿਆਂ ਨੂੰ ਸਜ਼ਾ ਦਾ ਵੀ ਜ਼ਿਕਰ ਹੈ। ਸਭ ਤੋਂ ਪ੍ਰਮੁੱਖ ਕਿ ਇਸ ਵਿਚ ਕੀਤੀ ਸੋਧ ਅਨੁਸਾਰ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਜਾਂ ਬੀੜਾਂ ਦੀ ਥਾਂ 'ਤੇ ਸਰੂਪ ਜਾਂ ਸਰੂਪਾਂ ਸ਼ਬਦ ਜੋੜਿਆ ਗਿਆ ਹੈ।

"ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026" ਵਿਚ ਬੇਅਦਬੀ ਨੂੰ ਇੱਕ ਵੱਖਰਾ ਅਤੇ ਗੰਭੀਰ ਅਪਰਾਧ ਮੰਨਿਆ ਗਿਆ ਹੈ। ਇਸ ਵਿਚ ਸਿਰਫ਼ ਬੇਅਦਬੀ ਕਰਨ ਵਾਲੇ ਹੀ ਨਹੀਂ, ਸਾਜ਼ਿਸ਼ ਕਰਨ ਵਾਲੇ, ਮਦਦ ਕਰਨ ਵਾਲੇ ਅਤੇ ਸਰੂਪ ਦੀ ਸੰਭਾਲ ਵਿਚ ਲਾਪ੍ਰਵਾਹੀ ਕਰਨ ਵਾਲੇ ਲੋਕਾਂ ਨੂੰ ਵੀ ਸਜ਼ਾ ਦਿੱਤੀ ਜਾਵੇਗੀ। ਸਭ ਤੋਂ ਵੱਡਾ ਫ਼ਰਕ ਇਹ ਹੈ ਕਿ ਪਹਿਲਾਂ ਬੇਅਦਬੀ ਦੀ ਕੋਈ ਸਪੱਸ਼ਟ ਪਰਿਭਾਸ਼ਾ ਨਹੀਂ ਸੀ। ਹੁਣ ਕਾਨੂੰਨ ਵਿਚ ਸਾਫ਼ ਲਿਖਿਆ ਗਿਆ ਹੈ ਕਿ ਜੇ ਕੋਈ ਵਿਅਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਸਾੜੇ, ਫਾੜੇ, ਨੁਕਸਾਨ ਪਹੁੰਚਾਏ, ਚੋਰੀ ਕਰੇ, ਅਪਮਾਨਜਨਕ ਬੋਲ ਬੋਲੇ, ਨਿਸ਼ਾਨ ਬਣਾਏ, ਸੋਸ਼ਲ ਮੀਡੀਆ ਜਾਂ ਇਲੈਕਟ੍ਰਾਨਿਕ ਮਾਧਿਅਮ ਰਾਹੀਂ ਸਿੱਖ ਧਰਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਏ, ਤਾਂ ਉਹ ਬੇਅਦਬੀ ਮੰਨੀ ਜਾਵੇਗੀ।


ਪਹਿਲਾਂ ਐਸੇ ਮਾਮਲਿਆਂ ਵਿਚ ਭਾਰਤੀ ਦੰਡ ਸੰਹਿਤਾ ਦੀਆਂ ਧਾਰਾਵਾਂ 295, 295ਏ, 153ਏ ਅਤੇ 120ਬੀ ਵਰਤੀਆਂ ਜਾਂਦੀਆਂ ਸਨ। ਇਨ੍ਹਾਂ ਵਿਚ ਜ਼ਿਆਦਾ ਤੋਂ ਜ਼ਿਆਦਾ 2 ਜਾਂ 3 ਸਾਲ ਦੀ ਸਜ਼ਾ ਸੀ। ਇਸ ਕਾਰਨ ਬਹੁਤ ਸਾਰੇ ਦੋਸ਼ੀ ਆਸਾਨੀ ਨਾਲ ਜ਼ਮਾਨਤ 'ਤੇ ਬਾਹਰ ਆ ਜਾਂਦੇ ਸਨ। "ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਕਾਰ (ਸੋਧ) ਐਕਟ, 2026" ਅਨੁਸਾਰ


1. ਆਮ ਬੇਅਦਬੀ ਲਈ ਘੱਟੋ-ਘੱਟ 7 ਸਾਲ ਤੋਂ 20 ਸਾਲ ਤੱਕ ਕੈਦ ਅਤੇ 2 ਲੱਖ ਤੋਂ 10 ਲੱਖ ਰੁਪਏ ਤੱਕ ਜੁਰਮਾਨਾ ਹੋਵੇਗਾ।
2. ਜੇ ਬੇਅਦਬੀ ਕਿਸੇ ਸਾਜ਼ਿਸ਼ ਜਾਂ ਪੰਜਾਬ ਦੀ ਅਮਨ-ਕਾਨੂੰਨ ਦੀ ਸਥਿਤੀ ਖ਼ਰਾਬ ਕਰਨ ਲਈ ਕੀਤੀ ਗਈ ਹੋਵੇ, ਤਾਂ ਘੱਟੋ-ਘੱਟ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਸਜ਼ਾ ਅਤੇ 5 ਲੱਖ ਤੋਂ 25 ਲੱਖ ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ।
3. ਜੇ ਕੋਈ ਵਿਅਕਤੀ ਬੇਅਦਬੀ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸਨੂੰ 3 ਤੋਂ 5 ਸਾਲ ਤੱਕ ਦੀ ਕੈਦ ਅਤੇ 1 ਲੱਖ ਤੋਂ 3 ਲੱਖ ਰੁਪਏ ਤੱਕ ਜੁਰਮਾਨਾ ਹੋਵੇਗਾ।
4. ਜਿਹੜਾ ਵਿਅਕਤੀ ਬੇਅਦਬੀ ਵਿਚ ਮਦਦ ਕਰੇਗਾ ਜਾਂ ਉਕਸਾਏਗਾ, ਉਸਨੂੰ ਵੀ ਮੁੱਖ ਦੋਸ਼ੀ ਦੇ ਬਰਾਬਰ ਸਜ਼ਾ ਮਿਲੇਗੀ।

"ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਕਾਰ (ਸੋਧ) ਐਕਟ, 2026" ਨੂੰ ਕਾਨੂੰਨ ਦੀ ਭਾਸ਼ਾ ਅਨੁਸਾਰ ਗੱਲ ਕਰੀਏ ਤਾਂ ਇਸ ਨੂੰ ਗੰਭੀਰ ਕਿਸਮ ਦਾ ਅਪਰਾਧ ਮੰਨਿਆ ਗਿਆ ਅਤੇ ਇਹ ਅਪਰਾਧ ਗੈਰ ਜ਼ਮਾਨਤੀ ਹੈ। ਜਿਸ ਕਾਰਣ ਦੋਸ਼ੀ ਨੂੰ ਅਸਾਨੀ ਨਾਲ ਜ਼ਮਾਨਤ ਨਹੀਂ ਮਿਲੇਗੀ। ਇਸ ਤੋਂ ਇਲਾਵਾ ਇਹ ਅਪਰਾਧ ਵਿਚ ਰਜਿਸਟਰਡ ਹੋਏ ਕੇਸ ਨੂੰ ਵਾਪਸ ਨਹੀਂ ਲਿਆ ਜਾ ਸਕਦਾ, ਜਿਵੇਂ ਕਿ ਪਹਿਲਾਂ ਵਾਲੇ ਬਿਲ ਵਿਚ ਸੀ।

ਅਹਿਮ ਗੱਲ ਕਿ ਇਸ ਐਕਟ ਅਧੀਨ ਤੁਰੰਤ ਕੇਸ ਰਜਿਸਟਰਡ ਹੋਵੇਗਾ ਅਤੇ ਡੀ.ਐੱਸ.ਪੀ. ਰੈਂਕ ਦਾ ਅਧਿਕਾਰੀ ਇਸ ਦੀ ਜਾਂਚ ਕਰੇਗਾ ਅਤੇ ਕੇਸ ਦਾ ਟਰਾਇਲ ਵੀ ਸੈਸ਼ਨ ਕੋਰਟ ਵਿਚ ਚੱਲੇਗਾ। ਅਤੇ ਜਲਦੀ ਨਿਪਟਾਰਾ ਕੀਤਾ ਜਾਵੇਗਾ।

> "ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਕਾਰ (ਸੋਧ) ਐਕਟ, 2026" ਨੂੰ ਕਾਨੂੰਨ ਦੀ ਭਾਸ਼ਾ ਅਨੁਸਾਰ ਗੱਲ ਕਰੀਏ ਤਾਂ ਇਸ ਨੂੰ ਗੰਭੀਰ ਕਿਸਮ ਦਾ ਅਪਰਾਧ ਮੰਨਿਆ ਗਿਆ ਅਤੇ ਇਹ ਅਪਰਾਧ ਗੈਰ ਜ਼ਮਾਨਤੀ ਹੈ। ਜਿਸ ਕਾਰਣ ਦੋਸ਼ੀ ਨੂੰ ਅਸਾਨੀ ਨਾਲ ਜ਼ਮਾਨਤ ਨਹੀਂ ਮਿਲੇਗੀ। ਇਸ ਤੋਂ ਇਲਾਵਾ ਇਹ ਅਪਰਾਧ ਵਿਚ ਰਜਿਸਟਰਡ ਹੋਏ ਕੇਸ ਨੂੰ ਵਾਪਸ ਨਹੀਂ ਲਿਆ ਜਾ ਸਕਦਾ, ਜਿਵੇਂ ਕਿ ਪਹਿਲਾਂ ਵਾਲੇ ਬਿਲ ਵਿਚ ਸੀ। ਅਹਿਮ ਗੱਲ ਕਿ ਇਸ ਐਕਟ ਅਧੀਨ ਤੁਰੰਤ ਕੇਸ ਰਜਿਸਟਰਡ ਹੋਵੇਗਾ ਅਤੇ ਡੀ.ਐੱਸ.ਪੀ. ਰੈਂਕ ਦਾ ਅਧਿਕਾਰੀ ਇਸ ਦੀ ਜਾਂਚ ਕਰੇਗਾ ਅਤੇ ਕੇਸ ਦਾ ਟਰਾਇਲ ਵੀ ਸੈਸ਼ਨ ਕੋਰਟ ਵਿਚ ਚੱਲੇਗਾ। ਅਤੇ ਜਲਦੀ ਨਿਪਟਾਰਾ ਕੀਤਾ ਜਾਵੇਗਾ।




### ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੁੱਖ ਜ਼ਿੰਮੇਵਾਰੀ ਅਤੇ ਅਧਿਕਾਰ

ਨਵੇਂ ਕਾਨੂੰਨ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਾਰੇ ਅਧਿਕਾਰਤ ਸਰੂਪਾਂ ਦੀ ਇੱਕ ਕੇਂਦਰੀ ਰਜਿਸਟਰੀ ਬਣਾਉਣੀ ਹੋਵੇਗੀ। ਇਹ ਰਜਿਸਟਰੀ ਕਾਗਜ਼ੀ ਅਤੇ ਡਿਜ਼ੀਟਲ ਦੋਹਾਂ ਰੂਪਾਂ ਵਿਚ ਹੋਵੇਗੀ। ਹਰ ਸਰੂਪ ਨੂੰ ਇੱਕ ਵਿਲੱਖਣ ਨੰਬਰ ਦਿੱਤਾ ਜਾਵੇਗਾ ਅਤੇ ਇਹ ਵੀ ਦਰਜ ਕੀਤਾ ਜਾਵੇਗਾ ਕਿ ਉਹ ਸਰੂਪ ਕਿੱਥੇ ਰੱਖਿਆ ਗਿਆ ਹੈ ਅਤੇ ਉਸਦੀ ਜ਼ਿੰਮੇਵਾਰੀ ਕਿਸਦੇ ਕੋਲ ਹੈ।

ਹਰ ਗੁਰਦੁਆਰਾ, ਸੰਸਥਾ ਜਾਂ ਵਿਅਕਤੀ ਜਿਸਦੇ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਹੋਵੇਗਾ, ਉਸਦੀ ਕਾਨੂੰਨੀ ਜ਼ਿੰਮੇਵਾਰੀ ਬਣੇਗੀ ਕਿ ਉਹ ਸਰੂਪ ਦੀ ਪੂਰੀ ਸੰਭਾਲ ਕਰੇ। ਜੇ ਸਰੂਪ ਗੁੰਮ ਹੋ ਜਾਂਦਾ ਹੈ ਜਾਂ ਉਸਨੂੰ ਨੁਕਸਾਨ ਪਹੁੰਚਦਾ ਹੈ, ਤਾਂ ਤੁਰੰਤ ਰਿਪੋਰਟ ਕਰਨੀ ਪਵੇਗੀ। ਸਿਰਫ਼ ਐੱਸ.ਜੀ.ਪੀ.ਸੀ. ਜਾਂ ਉਸ ਵੱਲੋਂ ਅਧਿਕਾਰਤ ਕੀਤੇ ਵਿਅਕਤੀ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਛਾਪ ਸਕਣਗੇ ਜਾਂ ਵੰਡ ਸਕਣਗੇ।

ਅਜਿਹੇ ਸਖਤ ਕਾਨੂੰਨ ਬਣਾਉਣ ਦਾ ਮੰਤਵ ਸਾਫ ਅਤੇ ਸਪੱਸ਼ਟ ਹੈ ਕਿ ਪੁਰਾਣੇ ਕਾਨੂੰਨਾਂ ਵਿਚ ਕਈ ਕਾਨੂੰਨੀ ਖਾਮੀਆਂ ਹੋਣ ਕਾਰਣ ਦੋਸ਼ੀ ਬਰੀ ਹੋ ਜਾਦੇਂ ਸਨ ਜਾਂ ਕਈ ਵਾਰ ਤਾਂ ਕੇਸ ਹੀ ਰਜਿਸਟਰਡ ਨਹੀਂ ਹੁੰਦੇ ਸਨ। ਇਸ ਦਾ ਅੰਦਾਜ਼ਾ ਅਸੀਂ ਅੰਕੜਿਆਂ ਤੋਂ ਲਾ ਸਕਦੇ ਹਾਂ ਕਿ 2015 ਤੋਂ 2026 ਤੱਕ ਬੇਅਦਬੀ ਦੇ 597 ਮਾਮਲੇ ਦਰਜ ਹੋਏ। ਪਰ ਇਨ੍ਹਾਂ ਵਿਚੋਂ ਸਿਰਫ਼ 44 ਮਾਮਲਿਆਂ ਵਿਚ ਹੀ ਦੋਸ਼ੀਆਂ ਨੂੰ ਸਜ਼ਾ ਮਿਲੀ। 99 ਮਾਮਲਿਆਂ ਵਿਚ ਦੋਸ਼ੀ ਬਰੀ ਹੋ ਗਏ, 83 ਮਾਮਲੇ ਜਾਂਚ ਦੌਰਾਨ ਰੱਦ ਹੋ ਗਏ, 37 ਮਾਮਲੇ ਅਦਾਲਤਾਂ ਨੇ ਖ਼ਾਰਜ ਕਰ ਦਿੱਤੇ, 102 ਮਾਮਲਿਆਂ ਦਾ ਕੋਈ ਪਤਾ ਨਹੀਂ ਲੱਗਿਆ, 131 ਮਾਮਲੇ ਅਜੇ ਵੀ ਅਦਾਲਤਾਂ ਵਿਚ ਚੱਲ ਰਹੇ ਹਨ ਅਤੇ 101 ਮਾਮਲੇ ਅਜੇ ਵੀ ਜਾਂਚ ਹੇਠ ਹਨ।

791 ਦੋਸ਼ੀਆਂ ਦੀ ਪਛਾਣ ਹੋਈ, ਪਰ 544 ਹੀ ਗ੍ਰਿਫ਼ਤਾਰ ਕੀਤੇ ਗਏ। ਇਸ ਤਰ੍ਹਾਂ ਸਜ਼ਾ ਦੀ ਦਰ ਕੇਵਲ ਲਗਭਗ 7 ਪ੍ਰਤੀਸ਼ਤ ਰਹੀ। ਇਹੀ ਕਾਰਨ ਸੀ ਕਿ ਲੋਕਾਂ ਵਿਚ ਪੁਰਾਣੇ ਕਾਨੂੰਨ ਪ੍ਰਤੀ ਗੁੱਸਾ ਵਧਦਾ ਗਿਆ।

### ਨਵੇਂ ਕਾਨੂੰਨ ਦੀ ਮੰਗ ਕਿਉਂ ਉੱਠੀ ?

2015 ਵਿਚ ਫਰੀਦਕੋਟ ਜ਼ਿਲ੍ਹੇ ਦੇ ਬਰਗਾੜੀ ਪਿੰਡ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ। ਇਸ ਤੋਂ ਪਹਿਲਾਂ ਬੁਰਜ ਜਵਾਹਰ ਸਿੰਘ ਵਾਲਾ ਪਿੰਡ ਤੋਂ ਸਰੂਪ ਚੋਰੀ ਹੋਇਆ ਸੀ। ਇਹ ਘਟਨਾਵਾਂ ਪੰਜਾਬ ਦੀ ਰਾਜਨੀਤੀ ਅਤੇ ਲੋਕਾਂ ਦੇ ਮਨਾਂ 'ਤੇ ਡੂੰਘਾ ਪ੍ਰਭਾਵ ਛੱਡ ਗਈਆਂ। ਬੇਅਦਬੀ ਦੇ ਵਿਰੋਧ ਵਿਚ ਲੋਕਾਂ ਨੇ ਬਹਿਬਲ ਕਲਾਂ ਅਤੇ ਕੋਟਕਪੂਰਾ ਵਿਚ ਧਰਨੇ ਲਗਾਏ। 14 ਅਕਤੂਬਰ 2015 ਨੂੰ ਬਹਿਬਲ ਕਲਾਂ ਵਿਚ ਪੁਲਿਸ ਫਾਇਰਿੰਗ ਹੋਈ, ਜਿਸ ਵਿਚ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦੀ ਮੌਤ ਹੋ ਗਈ। ਕੋਟਕਪੂਰਾ ਵਿਚ ਵੀ ਪੁਲਿਸ ਨੇ ਲਾਠੀਚਾਰਜ ਅਤੇ ਜ਼ਬਰਦਸਤੀ ਕੀਤੀ।

ਇਨ੍ਹਾਂ ਘਟਨਾਵਾਂ ਤੋਂ ਬਾਅਦ ਬਰਗਾੜੀ ਮੋਰਚਾ ਲੰਮੇ ਸਮੇਂ ਤੱਕ ਚੱਲਦਾ ਰਿਹਾ। ਸਿੱਖ ਜਥੇਬੰਦੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਧਾਰਮਿਕ ਸੰਸਥਾਵਾਂ ਨੇ ਸਖਤ ਕਾਨੂੰਨ ਦੀ ਮੰਗ ਕੀਤੀ। 2024 ਤੋਂ 2026 ਤੱਕ ਗੁਰਜੀਤ ਸਿੰਘ ਖਾਲਸਾ ਨੇ ਸਮਾਣਾ ਵਿਚ ਇੱਕ 400 ਫੁੱਟ ਉੱਚੇ ਮੋਬਾਈਲ ਟਾਵਰ 'ਤੇ ਚੜ੍ਹ ਕੇ 18 ਮਹੀਨੇ ਤੋਂ ਵੱਧ ਸਮੇਂ ਤੱਕ ਧਰਨਾ ਦਿੱਤਾ। ਉਸਦੀ ਮੰਗ ਸੀ ਕਿ ਬੇਅਦਬੀ ਕਰਨ ਵਾਲਿਆਂ ਲਈ ਸਖ਼ਤ ਕਾਨੂੰਨ ਬਣਾਇਆ ਜਾਵੇ। ਇਸ ਲਈ ਸਰਕਾਰ ਨੂੰ ਲੰਮੇ ਸਮੇਂ ਤੱਕ ਕਾਨੂੰਨੀ ਮਾਹਿਰਾਂ ਨਾਲ ਕੀਤੇ ਗਏ ਮਸ਼ਵਰੇ ਅਨੁਸਾਰ ਨਵਾਂ ਸੋਧ ਬਿਲ ਹੋਂਦ ਵਿਚ ਆਇਆ।

ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਕਿ ਇਹ ਇੱਕ ਸੋਧ ਬਿਲ ਹੈ, ਇਸ ਲਈ ਇਸ ਬਿੱਲ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਦੀ ਲੋੜ ਨਹੀਂ ਪਈ, ਅਤੇ ਰਾਜਪਾਲ ਨੇ ਸਿੱਧੀ ਮਨਜ਼ੂਰੀ ਦੇ ਦਿੱਤੀ।

"ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਕਾਰ (ਸੋਧ) ਐਕਟ, 2026" ਬੇਅਦਬੀ ਕਾਨੂੰਨ ਪੰਜਾਬ ਦੀ ਰਾਜਨੀਤੀ, ਧਾਰਮਿਕ ਭਾਵਨਾਵਾਂ ਅਤੇ ਕਾਨੂੰਨੀ ਪ੍ਰਣਾਲੀ ਵਿਚ ਇੱਕ ਵੱਡਾ ਬਦਲਾਅ ਮੰਨਿਆ ਜਾ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਸਥਾ ਰੱਖਣ ਵਾਲਿਆਂ ਨੂੰ ਉਮੀਦ ਹੈ ਕਿ ਹੁਣ ਬੇਅਦਬੀ ਦੇ ਮਾਮਲਿਆਂ ਵਿਚ ਜ਼ਿਆਦਾ ਤੇਜ਼ ਜਾਂਚ ਹੋਵੇਗੀ, ਦੋਸ਼ੀਆਂ ਨੂੰ ਸਖਤ ਸਜ਼ਾ ਮਿਲੇਗੀ ਅਤੇ ਸਾਲਾਂ ਤੋਂ ਇਨਸਾਫ਼ ਦੀ ਉਡੀਕ ਕਰ ਰਹੇ ਪਰਿਵਾਰਾਂ ਨੂੰ ਨਿਆਂ ਮਿਲੇਗਾ।

# ਕਿਉਂ ਨਹੀਂ ਰੁੱਕ ਰਹੇ ਇਹ ਰੇਲ ਹਾਦਸੇ?

ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫਤਿਹਗੜ੍ਹ ਸਾਹਿਬ (ਪੰਜਾਬ)
ਮੋਬਾਈਲ ਨੰ: 98889-40211
ਪੰਜਾਬ ਮੇਲ USA






ਇਸ ਸਮੇਂ ਭਾਰਤੀ ਰੇਲਵੇ ਦੁਨੀਆਂ ਦਾ ਚੌਥਾ ਸਭ ਤੋਂ ਵੱਡਾ ਰੇਲਵੇ ਨੈਟਵਰਕ ਚਲਾ ਰਹੀ ਹੈ। 20 ਜੂਨ 2024 ਨੂੰ ਅੱਠ ਡੱਬਿਆਂ ਵਾਲੀ ਰੇਲਗੱਡੀ ਦੇ ਟਰਾਇਲ ਰਾਹੀਂ ਰਾਮਬਨ ਦੇ ਸੰਗਲਦਾਨ ਤੋਂ ਚੱਲ ਕੇ ਰਿਆਸੀ ਜ਼ਿਲ੍ਹੇ 'ਚ ਚਿਨਾਬ ਨਦੀ 'ਤੇ ਬਣੇ ਦੁਨੀਆਂ ਦੇ ਸਭ ਤੋਂ ਉੱਚੇ ਰੇਲਵੇ ਦੇ ਆਰਕ ਪੁਲ ਤੋਂ ਲੰਘਦੀ ਹੋਈ ਪਹਿਲੀ ਵਾਰ ਰਿਆਸੀ ਸਟੇਸ਼ਨ ਪਹੁੰਚੀ। ਇਹ ਪੁੱਲ ਚਨਾਬ ਨਦੀ ਦੇ ਤੱਟ ਤੋਂ 359 ਮੀਟਰ ਉੱਚਾ ਤੇ 1.3 ਕਿਲੋਮੀਟਰ ਲੰਬਾ ਹੈ। ਭਾਰਤ ਸਰਕਾਰ ਤੇ ਰੇਲਵੇ ਮੰਤਰਾਲੇ ਨੇ ਇਸ ਸਾਲ ਦੇ ਅੰਤ ਤੱਕ ਕਸਮੀਰ ਨੂੰ ਰੇਲ ਮਾਰਗ ਰਾਹੀਂ ਦੇਸ ਨਾਲ ਜੋੜਨ ਦਾ ਟੀਚਾ ਮਿੱਥਿਆ ਹੈ।

ਇਹ ਵੱਖਰੀ ਗੱਲ ਹੈ ਕਿ ਇਸ ਤੋਂ ਸਿਰਫ ਤਿੰਨ ਦਿਨ ਪਹਿਲਾਂ 17 ਜੂਨ ਨੂੰ ਪੱਛਮੀ ਬੰਗਾਲ ਦੇ ਦਾਰਜਲਿੰਗ ਜ਼ਿਲ੍ਹੇ ਵਿਚ ਰੰਗਾਪਾਣੀ ਰੇਲਵੇ ਸਟੇਸ਼ਨ ਨੇੜੇ ਸਿਆਲਦਾ-ਅਗਰਤਲਾ ਕੰਚਨਜੰਗਾ ਐਕਸਪ੍ਰੈੱਸ ਨਾਲ ਇਕ ਮਾਲ ਗੱਡੀ ਟਕਰਾ ਗਈ, ਜਿਸ ਵਿਚ 15 ਲੋਕਾਂ ਦੀ ਮੌਤ ਹੋ ਗਈ ਤੇ 80 ਦੇ ਕਰੀਬ ਜ਼ਖਮੀ ਹੋਏ ਹਨ। ਇਹ ਰੇਲਗੱਡੀ ਤ੍ਰਿਪੁਰਾ ਦੇ ਅਗਰਤਲਾ ਤੋਂ ਚੱਲ ਕੇ ਪੱਛਮੀ ਬੰਗਾਲ ਦੇ ਸਿਆਲਦਾ ਨੂੰ ਜਾ ਰਹੀ ਸੀ ਅਤੇ ਰੰਗਾਪਾਣੀ ਸਟੇਸ਼ਨ ਲੰਘਣ ਉਪਰੰਤ ਕੁਝ ਦੂਰੀ 'ਤੇ ਜਾ ਕੇ ਰੁਕੀ ਹੋਈ ਸੀ। ਇਸੇ ਦੌਰਾਨ ਸਵੇਰੇ 8:42 'ਤੇ ਉਸੇ ਰੇਲਵੇ ਲਾਈਨ 'ਤੇ ਪਿੱਛੋਂ ਇਕ ਮਾਲ ਗੱਡੀ ਆ ਰਹੀ ਸੀ, ਜੋ ਕਿ ਖੜ੍ਹੀ ਰੇਲ ਗੱਡੀ ਵਿਚ ਵੱਜਣ ਕਾਰਨ ਹਾਦਸਾ ਹੋ ਗਿਆ। ਰੇਲਵੇ ਬੋਰਡ ਦੇ ਚੇਅਰਮੈਨ ਅਨੁਸਾਰ ਮਾਲ ਗੱਡੀ ਨੇ ਕਈ ਸਿਗਨਲ ਤੋੜੇ, ਜਦ ਕਿ ਰੇਲਵੇ ਸੂਤਰਾਂ ਅਨੁਸਾਰ ਆਟੋਮੈਟਿਕ ਸਿਗਨਲਾਂ ਵਿਚ ਕੁਝ ਤਕਨੀਕੀ ਖਰਾਬੀ ਵੀ ਹਾਦਸੇ ਦਾ ਕਾਰਨ ਹੋ ਸਕਦੀ ਹੈ। ਇਨ੍ਹਾਂ ਦੋਵੇਂ ਗੱਡੀਆਂ ਵਿਚ ਐਂਟੀ ਕੁਲੀਜਨ ਸਿਸਟਮ ਨਹੀਂ ਲੱਗਾ ਹੋਇਆ ਸੀ।

ਐਂਟੀ ਕੁਲੀਜਨ ਡਿਵਾਈਸ – ਮਾਰਚ 2020 ਵਿਚ ਸੁਰੱਖਿਆ ਕਵਚ ਪ੍ਰਣਾਲੀ (ਐਂਟੀ ਕੁਲੀਜਨ ਡਿਵਾਈਸ) ਲਾਂਚ ਕੀਤੀ ਗਈ ਸੀ। ਇਸ ਅਨੁਸਾਰ ਦੋ ਗੱਡੀਆਂ ਦੇ ਇੱਕੋ ਲਾਈਨ 'ਤੇ ਆ ਜਾਣ ਉੱਤੇ ਇੱਕ ਮਿੱਥੀ ਨਿਰਧਾਰਿਤ ਦੂਰੀ 'ਤੇ ਰੇਲ ਗੱਡੀਆਂ ਆਪਣੇ ਆਪ ਰੁੱਕ ਜਾਣਗੀਆਂ। ਉਸ ਵਕਤ ਕਿਹਾ ਗਿਆ ਸੀ ਕਿ ਰੇਲ ਹਾਦਸੇ ਹੁਣ ਬੀਤੇ ਦੀ ਗੱਲ ਹੋ ਮਾਹਿਰਾਂ ਅਨੁਸਾਰ ਆਹਮੋ ਸਾਹਮਣੇ ਆ ਗਈਆਂ ਟ੍ਰੇਨਾਂ ਦੀ ਟੱਕਰ ਨੂੰ ਇਸ ਪ੍ਰਣਾਲੀ ਰਾਹੀਂ ਹੀ ਰੋਕਿਆ ਜਾ ਸਕਦਾ ਹੈ। ਇਹ ਆਟੋਮੈਟਿਡ ਟਰੇਨ ਪ੍ਰੋਟੈਕਸਨ ਸਿਸਟਮ ਹੈ, ਜਿਸ ਨੂੰ ਰਿਸਰਚ ਡਿਜ਼ਾਇਨ ਐਂਡ ਸਟੈਂਡਰਡ ਆਰਗਨਾਈਜ਼ੇਸ਼ਨ ਨੇ ਵਿਕਸਿਤ ਕੀਤਾ ਹੈ, ਜੋ ਕਿ ਇੱਕ ਸੈਂਸਰ ਆਧਾਰਿਤ ਸਵੈ ਸਰਗਰਮ ਵਿਵਸਥਾ ਹੈ। ਇਹ ਪ੍ਰਣਾਲੀ ਕਿਸੇ ਇੱਕ ਟ੍ਰੇਨ 'ਚ ਨਾ ਹੋਣ ਕਾਰਨ ਇਹ ਕੰਮ ਨਹੀਂ ਕਰਦੀ, ਇਸ ਲਈ ਇੱਕੋ ਰੇਲਵੇ ਲਾਈਨ 'ਤੇ ਆਉਣ ਵਾਲੀਆਂ ਦੋਵੇਂ ਗੱਡੀਆਂ 'ਚ ਇਹ ਸਿਸਟਮ ਦਾ ਹੋਣਾ ਜ਼ਰੂਰੀ ਹੈ। ਇਹ ਸਿਸਟਮ ਤਦ ਹੀ ਐਕਟਿਵ ਹੁੰਦਾ ਹੈ ਤੇ ਹਾਦਸਾ ਰੋਕਿਆ ਜਾ ਸਕਦਾ ਹੈ। ਮਾਰਚ 2022 ਵਿਚ ਕਵਚ ਨਾਲ ਜੁੜੇ ਦੋ ਲੋਕੋਆਂ ਨੂੰ ਇੱਕੋ ਲਾਈਨ 'ਤੇ ਚਲਾ ਕੇ ਇਸਦਾ ਪਰੀਖਣ ਕੀਤਾ ਸੀ, ਜੋ ਕਿ ਇੱਕ-ਦੂਜੇ ਤੋਂ 290 ਮੀਟਰ ਦੀ ਦੂਰੀ 'ਤੇ ਦੋਨੋਂ ਲੋਕੋ ਖੁਦ ਹੀ ਰੁਕ ਗਏ ਸਨ।

ਇਸ ਤੋਂ ਪਹਿਲਾਂ 25 ਫਰਵਰੀ 2024, ਐਤਵਾਰ ਨੂੰ ਜੰਮੂ ਦੇ ਕਠੂਆ ਤੋਂ 53 ਡੱਬਿਆਂ ਵਾਲੀ ਇੱਕ ਮਾਲ ਗੱਡੀ 90 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ 80 ਕਿਲੋਮੀਟਰ ਦੇ ਕਰੀਬ ਬਿਨਾਂ ਡਰਾਈਵਰ ਤੋਂ ਰੇਲਵੇ ਲਾਈਨ 'ਤੇ ਦੌੜਦੀ ਹੋਈ ਪੰਜਾਬ ਦੇ ਹੁਸ਼ਿਆਰਪੁਰ ਦੇ ਉੱਚੀ ਬੱਸੀ ਸਟੇਸ਼ਨ 'ਤੇ ਜਾ ਕੇ ਰੁਕੀ। ਇਸ ਮਾਲ ਗੱਡੀ ਦਾ ਡਰਾਈਵਰ ਕਠੂਆ ਸਟੇਸ਼ਨ 'ਤੇ ਗੱਡੀ ਦਾ ਇੰਜਨ ਸਟਾਰਟ ਛੱਡ ਕੇ ਹੀ ਚਾਹ ਪੀਣ ਲਈ ਉਤਰਿਆ ਤੇ ਗੱਡੀ ਆਪਣੇ ਆਪ ਚੱਲ ਪਈ। ਇਸ ਘਟਨਾ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਰੇਲਵੇ ਪ੍ਰਸ਼ਾਸਨ ਨੂੰ ਹੱਥਾਂ ਪੈਰਾਂ ਦੀ ਪੈ ਗਈ ਸੀ ਤੇ ਸੋਸ਼ਲ ਮੀਡੀਆ 'ਤੇ ਵੀ ਬਹੁਤ ਕਿਰਕਰੀ ਹੋਈ ਸੀ। ਘੰਟਾ ਡੇਢ ਘੰਟਾ ਬਿਨਾਂ ਡਰਾਈਵਰ ਤੋਂ ਰੇਲਵੇ ਟਰੈਕ 'ਤੇ ਦੌੜਨ ਦੇ ਬਾਵਜੂਦ ਚੰਗੀ ਕਿਸਮਤ ਨੂੰ ਕਿਸੇ ਤਰ੍ਹਾਂ ਦਾ ਜਾਨੀ ਮਾਲੀ ਨੁਕਸਾਨ ਹੋਣ ਤੋਂ ਬਚਾ ਰਿਹਾ।

ਹੁਣ ਗੱਲ ਕਰਦੇ ਆਂ ਉੜੀਸਾ ਦੇ ਬਾਲੇਸਵਰ ਵਿਚ ਤਿੰਨ ਰੇਲ ਗੱਡੀਆਂ ਵਿਚਕਾਰ ਹੋਏ ਹਾਦਸੇ ਦੀ। 2 ਜੂਨ 2023 ਨੂੰ ਬਾਲੇਸਵਰ ਦੇ ਬਾਹਾਨਾਗਾ ਰੇਲਵੇ ਸਟੇਸ਼ਨ ਨੇੜੇ ਇੱਕ ਮਾਲ ਗੱਡੀ, ਦੂਜੀ ਕੋਰੋਮੰਡਲ ਐਕਸਪ੍ਰੈੱਸ ਤੇ ਤੀਜੀ ਹਾਵੜਾ ਬੈਂਗਲੂਰੂ ਸੁਪਰ ਫਾਸਟ ਐਕਸਪ੍ਰੈੱਸ ਦੀ ਆਪਸ ਵਿਚ ਭਿਆਨਕ ਟੱਕਰ ਹੋਈ ਸੀ, ਜਿਸ ਵਿਚ 296 ਦੇ ਕਰੀਬ ਮੌਤਾਂ ਤੇ 1200 ਤੋਂ ਵਧੇਰੇ ਯਾਤਰੀ ਜਖਮੀ ਹੋਏ ਸਨ। ਮੁੱਢਲੀ ਜਾਂਚ ਅਨੁਸਾਰ ਇਹ ਹਾਦਸਾ ਇਲੈਕਟ੍ਰਾਨਿਕ ਇੰਟਰਲਾਕਿੰਗ ਤੇ ਪੁਆਇੰਟ ਮਸ਼ੀਨ ਦੇ ਬਦਲਾਅ ਕਾਰਨ ਹੋਇਆ। ਇਹ ਪ੍ਰਣਾਲੀ ਆਰਟੀਫਿਸ਼ੀਅਲ ਇੰਟੈਲੀਜੈਂਸ ਆਧਾਰਿਤ ਕੰਮ ਕਰਦੀ ਹੈ। 128 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਚੱਲ ਰਹੀ ਇਸ ਰੇਲ ਗੱਡੀ ਨੇ ਉਕਤ ਸਟੇਸ਼ਨ ਉੱਤੇ ਰੁੱਕਣਾ ਨਹੀਂ ਸੀ। ਸਿਗਨਲ ਗਰੀਨ ਸੀ ਪਰ ਯਕਦਮ ਕਿਸੇ ਤਕਨੀਕੀ ਕਾਰਨ ਕਰਕੇ ਸਿਗਨਲ ਬਦਲ ਜਾਣ ਕਾਰਨ ਕੋਰੋਮੰਡਲ ਐਕਸਪ੍ਰੈੱਸ ਮੇਨ ਲਾਈਨ ਤੋਂ ਹਟ ਕੇ ਲੂਪ ਲਾਈਨ 'ਤੇ ਚੜ੍ਹ ਗਈ, ਜਿੱਥੇ ਪਹਿਲਾਂ ਹੀ ਇੱਕ ਮਾਲ ਗੱਡੀ ਖੜ੍ਹੀ ਸੀ। ਸੋ ਇਹ ਗੱਡੀ ਪਿੱਛੋਂ ਦੀ ਮਾਲ ਗੱਡੀ ਨਾਲ ਟਕਰਾ ਗਈ। ਰੇਲਗੱਡੀ ਦੀ ਜ਼ਿਆਦਾ ਰਫਤਾਰ ਕਾਰਨ ਗੱਡੀ ਦੇ 21 ਡੱਬੇ ਪਟੜੀ ਤੋਂ ਉਤਰ ਗਏ ਤੇ ਤਿੰਨ ਡੱਬੇ ਮੇਨ ਲਾਈਨ ਤੀਕਰ ਪਲਟ ਗਏ। ਇਸ ਉਪਰੰਤ ਉਥੋਂ ਚੇਨੱਈ ਵੱਲ ਜਾ ਰਹੀ ਯਸਵੰਤਪੁਰ (ਬੈਂਗਲੂਰੂ ਹਾਵੜਾ ਸੁਪਰ ਫਾਸਟ) ਐਕਸਪ੍ਰੈੱਸ ਗੱਡੀ ਵੀ ਹਾਦਸੇ ਦੀ ਲਪੇਟ ਵਿਚ ਆ ਗਈ। ਇਸ ਟਰੈਕ 'ਤੇ ਵੀ ਸੁਰੱਖਿਆ ਕਵਚ ਪ੍ਰਣਾਲੀ ਦੀ ਅਣਹੋਂਦ ਹਾਦਸੇ ਦਾ ਕਾਰਨ ਬਣੀ। ਇਹ ਰੇਲ ਹਾਦਸਾ ਪਿਛਲੇ ਤਿੰਨ ਦਹਾਕਿਆਂ ਵਿਚ ਦੇਸ਼ ਦਾ ਤੀਜਾ ਸਭ ਤੋਂ ਵੱਡਾ ਰੇਲ ਹਾਦਸਾ ਸੀ। ਇਨ੍ਹਾਂ ਦੋਵੇਂ ਰੇਲ ਗੱਡੀਆਂ ਵਿਚ 2000 ਦੇ ਕਰੀਬ ਯਾਤਰੀ ਸਵਾਰ ਸਨ।

> ਐਂਟੀ ਕੁਲੀਜਨ ਡਿਵਾਈਸ – ਮਾਰਚ 2020 ਵਿਚ ਸੁਰੱਖਿਆ ਕਵਚ ਪ੍ਰਣਾਲੀ (ਐਂਟੀ ਕੁਲੀਜਨ ਡਿਵਾਈਸ) ਲਾਂਚ ਕੀਤੀ ਗਈ ਸੀ। ਇਸ ਅਨੁਸਾਰ ਦੋ ਗੱਡੀਆਂ ਦੇ ਇੱਕੋ ਲਾਈਨ 'ਤੇ ਆ ਜਾਣ ਉੱਤੇ ਇੱਕ ਮਿੱਥੀ ਨਿਰਧਾਰਿਤ ਦੂਰੀ 'ਤੇ ਰੇਲ ਗੱਡੀਆਂ ਆਪਣੇ ਆਪ ਰੁੱਕ ਜਾਣਗੀਆਂ। ਉਸ ਵਕਤ ਕਿਹਾ ਗਿਆ ਸੀ ਕਿ ਰੇਲ ਹਾਦਸੇ ਹੁਣ ਬੀਤੇ ਦੀ ਗੱਲ ਹੋ ਮਾਹਿਰਾਂ ਅਨੁਸਾਰ ਆਹਮੋ ਸਾਹਮਣੇ ਆ ਗਈਆਂ ਟ੍ਰੇਨਾਂ ਦੀ ਟੱਕਰ ਨੂੰ ਇਸ ਪ੍ਰਣਾਲੀ ਰਾਹੀਂ ਹੀ ਰੋਕਿਆ ਜਾ ਸਕਦਾ ਹੈ। ਇਹ ਆਟੋਮੈਟਿਡ ਟਰੇਨ ਪ੍ਰੋਟੈਕਸਨ ਸਿਸਟਮ ਹੈ, ਜਿਸ ਨੂੰ ਰਿਸਰਚ ਡਿਜ਼ਾਇਨ ਐਂਡ ਸਟੈਂਡਰਡ ਆਰਗਨਾਈਜ਼ੇਸ਼ਨ ਨੇ ਵਿਕਸਿਤ ਕੀਤਾ ਹੈ, ਜੋ ਕਿ ਇੱਕ ਸੈਂਸਰ ਆਧਾਰਿਤ ਸਵੈ ਸਰਗਰਮ ਵਿਵਸਥਾ ਹੈ।

26 ਨਵੰਬਰ, 1998 ਨੂੰ ਖੰਨਾ ਨੇੜੇ ਕੌੜੀ ਪਿੰਡ ਵਿਖੇ ਵੀ ਸੁਵੱਖਤੇ 3.15 'ਤੇ ਵੱਡਾ ਰੇਲ ਹਾਦਸਾ ਵਾਪਰਿਆ ਸੀ, ਜਦੋਂ ਅੰਮ੍ਰਿਤਸਰ ਤੋਂ ਦਿੱਲੀ ਵੱਲ ਜਾ ਰਹੀ ਫਰੰਟੀਅਰ ਮੇਲ ਦੇ ਛੇ ਡੱਬੇ ਪਟੜੀ ਤੋਂ ਲੱਥ ਕੇ ਦੂਜੀ ਰੇਲਵੇ ਲਾਈਨ 'ਤੇ ਜਾ ਕੇ ਪਲਟ ਗਏ ਸਨ। ਇਸ ਦੌਰਾਨ ਕਲਕੱਤੇ ਤੋਂ ਆ ਰਹੀ ਜੰਮੂ ਤਵੀ ਸਿਆਲਦਾ ਐਕਸਪ੍ਰੈੱਸ ਫਰੰਟੀਅਰ ਮੇਲ ਦੇ ਲੀਹੋਂ ਲੱਥੇ ਡੱਬਿਆਂ ਨਾਲ ਜਾ ਟਕਰਾਈ ਤੇ ਭਿਆਨਕ ਹਾਦਸਾ ਵਾਪਰ ਗਿਆ। ਇਨ੍ਹਾਂ ਰੇਲਾਂ ਵਿਚ 2500 ਮੁਸਾਫਰ ਸਫਰ ਕਰ ਰਹੇ ਸਨ, ਜਦਕਿ ਹਾਦਸੇ ਵਿਚ 212 ਦੇ ਕਰੀਬ ਲੋਕਾਂ ਦੀ ਮੌਤ ਹੋਈ ਸੀ। ਇਨ੍ਹਾਂ ਦਿਨਾਂ ਵਿਚ ਹੀ ਮੈਂ ਵੀ ਬਿਦਰ ਤੋਂ ਪੇਪਰ ਦੇਣ ਉਪਰੰਤ ਵਾਪਸ ਸਰਹਿੰਦ ਆਉਣਾ ਸੀ। ਅਸੀਂ ਬਿਦਰ ਤੋਂ ਬੰਗਲੌਰ ਘੁੰਮਣ ਚਲੇ ਗਏ ਤੇ ਘਰ ਦੇ ਸਾਨੂੰ ਇੱਥੇ ਉਡੀਕਦੇ ਰਹੇ। ਭਾਵੇਂ ਮੈਂ ਖੰਨੇ ਤੋਂ ਪਹਿਲਾਂ ਸਰਹਿੰਦ ਰੇਲਵੇ ਸਟੇਸ਼ਨ ਉਤੇ ਉੱਤਰ ਹੀ ਜਾਣਾ ਸੀ ਪਰ ਘਰਦਿਆਂ ਦੇ ਮਨਾਂ ਵਿਚ ਮਾੜੇ ਖਿਆਲ ਆਈ ਜਾਣ ਕਿ ਕਿਤੇ ਰੇਲ ਗੱਡੀ 'ਚ ਸੁੱਤਾ ਪਿਆ ਹੀ ਅੱਗੇ ਨਾ ਲੰਘ ਗਿਆ ਹੋਵਾਂ। ਉਸ ਵਕਤ ਮੇਰੇ ਘਰ ਦੇ ਕੌੜੀ ਰੇਲਵੇ ਸਟੇਸਨ 'ਤੇ ਮੈਨੂੰ ਲੱਭਣ ਵੀ ਗਏ ਸਨ। ਉਹ ਤਾਂ ਉਸ ਤੋਂ ਇੱਕ ਦੋ ਦਿਨਾਂ ਬਾਅਦ ਜਦੋਂ ਮੈਂ ਸਹੀ ਸਲਾਮਤ ਘਰ ਪਹੁੰਚਿਆ, ਤਾਂ ਘਰਦਿਆਂ ਦੀ ਜਾਨ 'ਚ ਜਾਨ ਆਈ। ਆਪਣੀ ਉਮਰ ਦੇ ਪੌਣੇ ਪੰਜ ਦਹਾਕਿਆਂ ਵਿਚੋਂ 6 ਮਹੀਨੇ ਦੇ ਕਰੀਬ ਰੇਲ ਗੱਡੀਆਂ 'ਚ ਬਿਤਾਏ ਹਨ, ਕਿਉਂਕਿ ਕਰਨਾਟਕਾ ਦੇ ਬਿਦਰ ਜ਼ਿਲ੍ਹੇ ਵਿਚ ਪੜ੍ਹਾਈ ਮੌਕੇ ਸਾਲ 'ਚ ਦੋ-ਤਿੰਨ ਵਾਰੀ ਦੋ ਜਾਂ ਤਿੰਨ ਦਿਨ ਦਾ ਸਫਰ ਪੈਂਦਾ ਸੀ ਪੰਜਾਬ ਤੋਂ ਕਰਨਾਟਕਾ ਦਾ। ਰੇਲ ਨੂੰ ਸਸਤਾ, ਆਰਾਮਦਾਇਕ ਤੇ ਸੁਰੱਖਿਅਤ ਸਫਰ ਮੰਨਿਆ ਜਾਂਦਾ ਹੈ, ਫਿਰ ਕਿਉਂ ਸਾਡੇ ਦੇਸ਼ ਵਿਚ ਵਾਰ-ਵਾਰ ਰੇਲ ਹਾਦਸੇ ਹੋ ਰਹੇ ਹਨ। ਅਸੀਂ ਹਰ ਵਾਰ ਜਾਂਚ ਕਮੇਟੀਆਂ ਬਣਾ ਕੇ ਕਿਉਂ ਆਪਣੇ ਫਰਜ਼ਾਂ ਜਾਂ ਜ਼ਿੰਮੇਵਾਰੀਆਂ ਤੋਂ ਪੱਲਾ ਝਾੜ ਲੈਂਦੇ ਹਾਂ। ਬੁਲਟ ਟਰੇਟ ਚਲਾਉਣ ਦੇ ਦਾਅਵੇ ਕਰਨ ਵਾਲੀ ਭਾਰਤ ਸਰਕਾਰ ਨੂੰ ਬੁਲੇਟ ਟ੍ਰੇਨ ਚਲਾਉਣ ਤੋਂ ਪਹਿਲਾਂ, ਪਹਿਲਾਂ ਚੱਲ ਰਹੀਆਂ ਰੇਲ ਗੱਡੀਆਂ ਦੀ ਸੁਰੱਖਿਆ ਵੱਲ ਧਿਆਨ ਦੇਣ ਦੀ ਲੋੜ ਹੈ, ਤਾਂ ਜੋ ਭਵਿੱਖ ਵਿਚ ਹੋਰ ਹਾਦਸੇ ਨਾ ਵਾਪਰਨ। ਆਖਿਰ ਕਿਉਂ ਨਹੀਂ ਰੁਕ ਰਹੇ ਇਹ ਰੇਲ ਹਾਦਸੇ ?

- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਅਮਰੀਕਾ
559-285-0841
ਪੰਜਾਬ ਮੇਲ USA




# ਪੰਜਾਬੀ ਗਾਇਕੀ ਦਾ ਵਗਦਾ ਦਰਿਆ ਸੀ ਕਰਤਾਰ ਸਿੰਘ ਰਮਲਾ

## (ਮਹਾਨ ਫ਼ਨਕਾਰ ਨੂੰ ਯਾਦ ਕਰਦਿਆਂ)

ਪੰਜਾਬੀ ਗਾਇਕੀ ਦੇ ਮਹਾਂ ਸਮੁੰਦਰ ਅੰਦਰ ਸਮੇਂ-ਸਮੇਂ 'ਤੇ ਬਹੁਤ ਸਾਰੇ ਫ਼ਨਕਾਰਾਂ ਨੇ ਜਨਮ ਲਿਆ, ਜਿਨ੍ਹਾਂ ਵਿਚੋਂ ਬਹੁਤ ਨਾਂ ਅੱਜ ਵੀ ਗਾਇਕੀ ਦੇ ਇਤਿਹਾਸ ਅੰਦਰ ਧਰੂ ਤਾਰੇ ਦੀ ਤਰ੍ਹਾਂ ਚਮਕ ਰਹੇ ਹਨ। ਦੋਗਾਣਾ ਗਇਕੀ ਦੇ ਖੇਤਰ ਵਿਚ ਵਿਸ਼ਾਲ ਪੈੜਾਂ ਪਾਉਣ ਵਾਲੇ ਸਵਰਗੀ ਕਰਤਾਰ ਸਿੰਘ ਰਮਲਾ (ਕਰੀਬ 80 ਸਾਲ) ਜਿਸ ਦਾ ਨਾਂ ਚੰਗੀ ਗਾਇਕੀ ਦੇ ਰਾਖੇ ਦੇ ਤੌਰ 'ਤੇ ਬੜੇ ਮਾਣ ਨਾਲ ਲਿਆ ਜਾਂਦਾ ਹੈ, ਦੇ ਵਿਛੋੜੇ 'ਤੇ ਕੁਝ ਸ਼ਬਦ ਆਪਣੇ ਪਾਠਕਾਂ ਅਤੇ ਉਸ ਦੇ ਚਾਹੁਣ ਵਾਲਿਆਂ ਨੂੰ ਕਹਿਣਾ ਚਾਹਾਂਗਾਂ ਕਿ ਉਸ ਦੇ ਗਾਏ ਗੀਤਾਂ ਨੂੰ ਪੰਜਾਬੀਆਂ ਨੇ ਲੰਬਾ ਸਮਾਂ ਵੱਡਾ ਮਾਣ ਦਿੱਤਾ ਹੈ। ਜੇਕਰ ਕਰਤਾਰ ਸਿੰਘ ਰਮਲੇ ਦੇ ਸਫਰ ਦੀ ਗੱਲ ਕਰੀਏ ਤਾਂ ਬੜਾ ਵਿਲੱਖਣ ਸੀ ਉਸ ਦਾ ਸਫ਼ਰ ਅਤੇ ਜ਼ਿੰਦਗੀ। ਜ਼ਿਲ੍ਹਾ ਫਰੀਦਕੋਟ ਦੀ ਧਰਤੀ ਅੰਦਰ ਪੈਦਾ ਹੋ ਕੇ ਉਸ ਨੇ ਪੂਰੀ ਦੁਨੀਆਂ ਦੇ ਪੰਜਾਬੀਆਂ ਅੰਦਰ ਆਪਣਾ ਲੋਹਾ ਮਨਵਾਇਆ। ਸ਼ੁਰੂ ਤੋਂ ਹੀ ਕਲਾਕਾਰੀ ਵਾਲੇ ਸੁਭਾਅ ਦੇ ਮਾਲਕ ਰਮਲੇ ਨੇ ਆਪਣੀ ਜ਼ਿੰਦਗੀ ਦਾ ਸਫ਼ਰ ਸ਼ੁਰੂ ਕਰਨ ਤੋਂ ਲੈ ਕੇ ਆਖ਼ਰੀ ਸਮੇਂ ਤੱਕ ਪਿੱਛੇ ਮੁੜ ਕੇ ਨਹੀਂ ਦੇਖਿਆ। ਇਸ ਸੰਸਾਰ ਨੂੰ ਛੱਡ ਕੇ ਜਾਣ ਤੋਂ ਕੁਝ ਸਮਾਂ ਪਹਿਲਾਂ ਵੀ ਉਸ ਨੇ ਗੀਤਾਂ ਰਾਹੀਂ ਆਪਣੇ ਚਾਹੁਣ ਵਾਲਿਆਂ ਨੂੰ ਪਿਆਰ ਬਖਸ਼ਿਆ। ਉਸ ਦਾ ਆਪਣੇ ਗਾਇਕੀ ਦਾ ਸਫ਼ਰ ਸ਼ੁਰੂ ਕਰਨ ਦਾ ਪਹਿਲਾ ਗੀਤ ਕੋਈ ਵੀ ਹੋਵੇ, ਇਸ ਤੋਂ ਕੋਈ ਫਰਕ ਨਹੀਂ ਪੈਂਦਾ ਪਰ ਉਸ ਨੇ ਜੋ ਕੁਝ ਆਪਣੀ ਜ਼ਿੰਦਗੀ ਵਿਚ ਗਾਇਕੀ ਰਾਹੀਂ ਆਪਣੇ ਸਰੋਤਿਆਂ ਦੇ ਦਿਲਾਂ 'ਤੇ ਬਿਖੇਰਿਆ ਉਹ ਗੱਲ ਵੱਡੀ ਹੈ। ਮੈਂ ਉਸ ਦੇ ਕੁਝ ਮਕਬੂਲ ਗੀਤਾਂ ਦਾ ਨਾਂ ਲੈ ਕੇ ਆਪਣੇ ਦਰਸ਼ਕਾਂ ਦੇ ਦਿਲਾਂ ਨੂੰ ਠੰਢੀ ਹਵਾ ਦੇ ਬੁੱਲੇ ਵਾਂਗ ਸ਼ਾਂਤ ਜ਼ਰੂਰ ਕਰਨਾ ਕਰਨਾ ਚਾਹਾਂਗਾ, 'ਭੰਨ ਕੇ ਟਰੱਕ ਬਹਿ ਗਿਆ ਅੱਖਾਂ ਤੱਤੀਆਂ ਕਰਨ ਦਾ ਮਾਰਾ'। ਉਸ ਤੋਂ ਹੋਰ ਅੱਗੇ ਜਾਂਦਿਆਂ ਰਮਲੇ ਨੇ 'ਨੀ ਤੂੰ ਲੈ ਕੇ ਕਿਤਾਬਾਂ ਡੁੱਬ ਜਾਣੀਏ', 'ਕੰਧ ਤੋਂ ਸਿੱਟਾਂ ਗੰਡਾਸਾ ਬੋਚੀ ਵੇ ਮਿੱਤਰਾ', 'ਵਿਆਹ ਤੋਂ ਬਾਅਦ', 'ਪਹਿਲੀ ਰਾਤ', 'ਗਾਨੀ ਵਾਲੇ ਪੁਰਜ਼ੇ ਨੂੰ', 'ਵੈਲੀ ਪੁੱਤ', 'ਕੁੜੀਆਂ ਪੱਟਣ ਦਾ ਮਾਰਾ', 'ਵੇ ਦਿਓਰਾ ਵੱਡਿਆ ਸ਼ੁਕੀਨਾ', 'ਇਹ ਜੋਬਨ ਵੇਖਿਆ ਮੁੱਕਦਾ ਨੀਂ', 'ਰੇਸ਼ਮੀ ਰੁਮਾਲ', 'ਤੁੱਕੇ ਝਾੜ-ਝਾੜ ਬੱਕਰੀ ਨੂੰ ਪਾਇਆ ਕਰਾਂਗੇ', 'ਰੱਬ ਨੀ ਚੇਤੇ ਆਉਂਦਾ', 'ਅਮਲੀ ਦੇ ਭਾਅ ਦਾ ਸਾਰਾ ਪਿੰਡ ਮਰ ਗਿਆ', ਤੋਂ ਇਲਾਵਾ ਸੈਂਕੜੇ ਗੀਤਾਂ ਨੂੰ ਆਪਣੀ ਆਵਾਜ਼ ਦੇ ਕੇ ਦੇਸ਼-ਵਿਦੇਸ਼ ਅੰਦਰ ਪੁੱਜਦਾ ਕੀਤਾ। ਤਕਰੀਬਨ ਉਸ ਨੇ ਬੀਬਾ ਪਰਮਜੀਤ ਕੌਰ ਸੰਧੂ ਅਤੇ ਵਜੋਤ ਕੌਰ ਸਮੇਤ ਪੰਜਾਬੀ ਦੀਆਂ ਮੰਨੀਆਂ-ਪ੍ਰਮੰਨੀਆਂ ਸਹਿ ਕਲਾਕਾਰਾਂ ਨਾਲ ਜੋੜੀਆਂ ਦੇ ਤੌਰ 'ਤੇ ਗਾ ਕੇ ਰਿਕਾਰਡ ਕਾਇਮ ਕੀਤਾ। ਦੁਗਾਣਾ ਗਾਇਕੀ ਵਿਚ ਧਾਂਕ ਸੀ ਰਮਲੇ ਦੀ। ਉਸ ਦੇ ਸਰੋਤਿਆਂ ਦੀ ਬਹੁਤ ਗਿਣਤੀ ਲੰਬੀ ਹੈ। ਪੰਜਾਬੀ ਦੇ ਮਸ਼ਹੂਰ ਗੀਤਕਾਰ ਸਵਰਗੀ ਗੁਰਮੁੱਖ ਸਿੰਘ ਗਿੱਲ ਜੱਬੋ ਮਾਜਰੇ ਵਾਲੇ ਨੇ ਕਈ ਗੀਤਾਂ ਰਾਹੀਂ ਉਸ ਨਾਲ ਮਿੱਤਰਤਾ ਦੀਆਂ ਗੰਢਾਂ ਪੀਡੀਆਂ ਕੀਤੀਆਂ। ਉਸ ਤੋਂ ਇਲਾਵਾ ਭੱਟੀ ਮਾੜੀ ਵਾਲਾ, ਮਾਨ ਮਰਾੜਾ ਵਾਲਾ, ਸਵਰਗੀ ਮਿਰਜ਼ਾ ਸੰਗੋਵਾਲੀਆ ਨੇ ਰਮਲੇ ਨੂੰ ਗੀਤ ਦੇ ਕੇ ਵੱਡਾ ਮਾਣ ਖੱਟਿਆ। ਕਹਿੰਦੇ ਇੱਕ ਵਾਰ ਕਰਤਾਰ ਸਿੰਘ ਰਮਲੇ ਨੇ ਕਿਸੇ ਪਿੰਡ ਅੰਦਰ ਅਖਾੜਾ ਲਾਇਆ। ਅਖਾੜੇ ਤੋਂ ਬਾਅਦ ਇੱਕ ਗਰੀਬ ਵਿਅਕਤੀ ਨੇ ਆ ਕੇ ਉਸ ਤੋਂ ਪੈਸਿਆਂ ਦੀ ਮੰਗ ਕੀਤੀ, ਤਾਂ ਉਸ ਵੱਡੀ ਸ਼ਖ਼ਸੀਅਤ ਨੇ ਆਪਣੀ ਜੇਬ ਵਿਚਲੇ ਸਾਰੇ ਪੈਸੇ ਉਸ ਗਰੀਬ ਨੂੰ ਦੇ ਦਿੱਤੇ। ਇਹ ਗੱਲ ਅਲੱਗ ਹੈ ਕਿ ਉਨ੍ਹਾਂ ਸਮਿਆਂ ਅੰਦਰ ਅਖਾੜੇ ਦੇ ਪੈਸੇ ਬਹੁਤ ਘੱਟ ਮਿਲਦੇ ਸਨ ਪਰ ਇਹ ਗੱਲ ਵੱਡੀ ਦਿਲਦਾਰੀ ਦੀ ਹੈ। ਇਹੋ ਜੀਆਂ ਉਦਾਹਰਨ ਬਹੁਤ ਨੇ ਰਮਲੇ ਦੀ ਜ਼ਿੰਦਗੀ ਅੰਦਰ, ਕਦੇ ਵੀ ਆਪਣੇ ਦਰ ਤੋਂ ਕਿਸੇ ਨੂੰ ਖਾਲੀ ਨਹੀਂ ਮੁੜਨ ਦਿੱਤਾ। ਸਭ ਤੋਂ ਵੱਡੀ ਗੱਲ ਹੈ ਕਿ ਉਸ ਨੇ ਆਖਰੀ ਸਮੇਂ ਤੱਕ ਗਾਇਆ ਹੈ। ਮੁਹੰਮਦ ਸਦੀਕ, ਦੀਦਾਰ ਸੰਧੂ ਸਮੇਤ ਚੋਟੀ ਦੇ ਫਨਕਾਰਾਂ ਵਿਚ ਨਾਅ ਗੂੰਜਦਾ ਹੈ ਕਰਤਾਰ ਸਿੰਘ ਰਮਲੇ ਦਾ। ਬਹੁਤੇ ਗਾਇਕਾਂ ਦਾ ਅੱਜ ਇਹ ਹਾਲ ਹੈ ਕਿ ਉਹ ਆਪਣੇ ਚਾਹੁਣ ਵਾਲਿਆਂ ਨੂੰ ਨੇੜੇ ਨਹੀਂ ਲੱਗਣ ਦਿੰਦੇ ਜਾਂ ਆਪਣੇ ਸ਼ਾਗਿਰਦਾਂ ਨੂੰ ਕੁਝ ਸਿਖਾਉਂਦੇ ਵੀ ਨਹੀਂ ਪਰ ਕਰਤਾਰ ਰਮਲਾ ਇਨ੍ਹਾਂ ਗੱਲਾਂ ਵਿਚ ਵੀ ਵਿਲੱਖਣ ਸੀ। ਅਨੇਕਾਂ ਨੌਜਵਾਨਾਂ ਨੂੰ ਉਸ ਨੇ ਰੋਜ਼ੀ ਰੋਟੀ 'ਤੇ ਲਾਇਆ। ਜਿੰਨੇ ਸਾਜ਼ੀਆਂ ਨੇ ਉਸ ਨਾਲ ਕੰਮ ਕੀਤਾ, ਉਨ੍ਹਾਂ ਨੇ ਕਦੇ ਵੀ ਕਰਤਾਰ ਸਿੰਘ ਰਮਲੇ ਦਾ ਸਾਥ ਨਹੀਂ ਛੱਡਿਆ, ਨਾ ਰਮਲੇ ਨੇ ਉਨ੍ਹਾਂ ਦਾ ਛੱਡਿਆ। ਇਹ ਠੀਕ ਹੈ ਕਿ ਕਿਤੇ ਨਾ ਕਿਤੇ ਗਾਇਕੀ ਦੇ ਖੇਤਰ ਅੰਦਰ ਆਈ ਪੱਤਝੜ ਨੇ ਕਰਤਾਰ ਰਮਲੇ 'ਤੇ ਵੀ ਆਪਣਾ ਪਰਛਾਵਾਂ ਜ਼ਰੂਰ ਪਾਇਆ ਪਰ ਰਮਲਾ ਡੋਲਿਆ ਨਹੀਂ ਅਤੇ ਜ਼ਿੰਦਗੀ ਦੀਆਂ ਪੁਲਾਂਘਾਂ ਪੱਟਦਾ ਰਿਹਾ। ਉਸ ਦੇ ਅੱਜ ਇਸ ਸੰਸਾਰ ਨੂੰ ਛੱਡ ਕੇ ਜਾਣ ਤੋਂ ਬਾਅਦ ਉਸ ਦੇ ਲੱਖਾਂ ਚਾਹੁਣ ਵਾਲੇ ਦੀਆਂ ਅੱਖਾਂ ਵਿਚੋਂ ਯਾਦ ਦੇ ਹੰਝੂ ਨਹੀਂ ਰੁਕ ਰਹੇ। ਡਾਢਾ ਪਿਆਰ ਉਸ ਦਾ ਆਪਣੇ ਯਾਰਾਂ ਦੋਸਤਾਂ ਅਤੇ ਚਹੇਤਿਆਂ ਦੇ ਨਾਲ, ਕਿੱਥੋਂ ਭਾਲਾਂਗੇ ਅਸੀਂ ਅਜਿਹੀ ਰੂਹ ਨੂੰ ਜਿਸ ਨੇ ਲੰਬਾ ਸਮਾਂ ਆਪਣੇ ਚਾਹੁਣ ਵਾਲਿਆਂ ਦੇ ਦਿਲਾਂ 'ਤੇ ਰਾਜ਼ ਕੀਤਾ। ਗਾਇਕੀ ਦੇ ਖੇਤਰ ਅੰਦਰ ਲੰਮੇ ਸਮੇਂ ਬਾਅਦ ਅਜਿਹੀਆਂ ਸ਼ਖ਼ਸੀਅਤਾਂ ਪੈਦਾ ਹੁੰਦੀਆਂ ਨੇ, ਜਿਹੜੀਆਂ ਵਿਛੋੜੇ 'ਤੇ ਲੋਕਾਂ ਨੂੰ ਬਹੁਤ ਰਵਾਉਂਦੀਆਂ ਨੇ। ਮੇਰਾ ਕਲਮਕਾਰ ਹੋਣ ਦੇ ਨਾਤੇ ਫਰਜ਼ ਬਣਦਾ ਹੈ ਕਿ ਮੈਂ ਜਿੰਨਾ ਸਮਾਂ ਵੀ ਕਲਾਕਾਰਾਂ ਦੇ ਨਾਲ ਬਿਤਾਇਆ, ਉਨ੍ਹਾਂ ਵਿਚੋਂ ਜ਼ਿਆਦਾਤਰ ਮੈਂ ਕਰਤਾਰ ਸਿੰਘ ਰਮਲੇ ਨੂੰ ਰੂਹ ਨਾਲ ਰੱਜ ਕੇ ਸੁਣਿਆ ਅਤੇ ਉਸ ਦੇ ਗੀਤਾਂ ਦਾ ਆਨੰਦ ਮਾਣਿਆ। ਮੇਰੇ ਵਰਗੇ ਉਸ ਦੀ ਗਾਇਕੀ ਨੂੰ ਸਲਾਮ ਕਰਦੇ ਹਨ ਕਿ ਪ੍ਰਮਾਤਮਾ ਉਸ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ ਅਤੇ ਬਾਕੀ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ। ਇੱਕ ਅਪੀਲ ਉਸ ਦੇ ਚਾਹੁਣ ਵਾਲਿਆਂ ਨੂੰ ਕਰਾਂਗਾ ਕਿ ਆਖਰ ਹਰ ਇਨਸਾਨ ਨੇ ਜਾਣਾ ਹੀ ਹੁੰਦਾ ਹੈ, ਇਹ ਮਾਲਕ ਦੀ ਮਰਜ਼ੀ ਹੈ, ਉਸ ਤੋਂ ਬਿਨਾਂ ਪੱਤਾ ਵੀ ਨਹੀਂ ਹਿੱਲ ਸਕਦਾ। ਆਓ ਅਰਦਾਸ ਕਰੀਏ ਕਿ ਸਵਰਗੀ ਉਸਤਾਦ ਲਾਲ ਚੰਦ ਯਮਲਾ ਜੱਟ ਦਾ ਸ਼ਾਗਿਰਦ ਉਹ ਰੰਗਲਾ ਸੱਜਣ ਬ੍ਰਹਿਮੰਡ ਵਿਚ ਲੀਨ ਹੋ ਕੇ ਖੁਸ਼ੀਆਂ ਮਾਣੇ, ਇਹੀ ਸਾਡੀ ਕਾਮਨਾ ਹੈ।



# ਸਿੱਖ ਧਰਮ ਇਕ ਜੀਵਨ-ਜਾਚ ਹੈ, ਪਰ ਕੌਮ ਨੇ ਅੱਜ ਤੱਕ ਜੀਵਨ ਜਾਚ ਸਿੱਖੀ ਨਹੀਂ


-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA




ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥" ਸੱਚ ਸਭ ਤੋਂ ਉਤਮ ਹੈ ਪਰ ਆਚਾਰਿ ਸਚੁ ਤੋਂ ਵੀ ਉਪਰ ਹੈ। ਸਿੱਖੀ ਸਰੂਪ ਅਤੇ ਸਿੱਖੀ ਕਿਰਦਾਰ ਅਤੇ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ ਸਿੱਖ ਧਰਮ ਦੇ ਮੁੱਢਲੇ ਸਿਧਾਂਤ ਹਨ। ਚਰਿੱਤਰ ਅਤੇ ਆਚਾਰ ਨੂੰ ਅੰਗਰੇਜ਼ੀ ਕਵੀ ਕੈਂਸਰ ਇਸ ਪ੍ਰਕਾਰ ਵਰਣਨ ਕਰਦੇ ਹਨ:

If wealth is lost, nothing is lost.

If health is lost, something is lost.

If character is lost, everything is lost.

ਮਨੁੱਖ ਦੇ ਅਮਲ ਚੰਗੇ ਹੋਣੇ ਚਾਹੀਦੇ ਹਨ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਸ਼ੁਭ ਅਮਲਾਂ ਤੇ ਹੋਣੇ ਨੇ ਨਿਬੇੜੇ ਤੇ ਜ਼ਾਤ ਕਿਸੇ ਪੁੱਛਣੀ ਨਹੀਂ।" ਜਦੋਂ ਸ੍ਰੀ ਗੁਰੂ ਜੀ ਮੱਕੇ-ਮਦੀਨੇ ਗਏ ਸਨ, ਤਾਂ ਕਾਜ਼ੀਆਂ ਨੇ ਗੁਰੂ ਜੀ ਨੂੰ ਪੁੱਛਿਆ ਸੀ ਕਿ ਹਿੰਦੂ ਵੱਡਾ ਕੇ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ ਕਿ 'ਸ਼ੁਭ ਅਮਲਾਂ ਬਾਝੋਂ ਦੋਨੋਂ ਰੋਈ'। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ।" ਪਰ ਦੁੱਖ ਦੀ ਗੱਲ ਇਹ ਹੈ ਕਿ ਸਦੀਆਂ ਬੀਤ ਗਈਆਂ ਹਨ, ਅਜੇ ਤੱਕ ਇਸ ਬਾਰੇ ਭਾਵ ਕਿਰਦਾਰ ਬਾਰੇ ਸਿੱਖਾਂ ਨੇ ਛਿੱਕੂ ਵਿਚੋਂ ਇਕ ਪੂਣੀ ਵੀ ਨਹੀਂ ਕੱਤੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖਾਂ ਨੇ ਆਰਥਿਕ ਪੱਖੋਂ ਬਹੁਤ ਵੱਡੀਆਂ ਮੱਲ੍ਹਾਂ ਮਾਰੀਆਂ ਨੇ। ਪਰ ਕਿਰਦਾਰ ਪੱਖੋਂ ਮਨੁੱਖ ਨੇ ਕੁੱਝ ਨਹੀਂ ਸਿੱਖਿਆ। ਕਿਰਦਾਰ ਬਾਰੇ ਬਹੁਤ ਹੀ ਸੰਖੇਪ ਵਿਚ ਇਸ ਪ੍ਰਕਾਰ ਹੈ:

1. ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਈਰਖਾ ਤੋਂ ਬਚੋ।

2. ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ ਤੇ ਨਿਮਰਤਾ ਦੇ ਧਾਰਨੀ ਬਣੋ।

3. ਕਿਸੇ ਦਾ ਦਿਲ ਨਾ ਦੁਖਾਓ।

4. ਕਿਸੇ ਨਾਲ ਧੋਖਾ ਨਾ ਕਰੋ।

5. ਕਿਸੇ ਦਾ ਹੱਕ ਨਾ ਖਾਓ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸ ਗਾਇ॥"

6. ਭੈੜੀ ਸੰਗਤ ਤੋਂ ਬਚੋ। ਜੈਸੀ ਸੰਗਤਿ ਵੈਸੀ ਰੰਗਤ।

7. ਕਦੀ ਗਲਤ ਕੰਮ ਨਾ ਕਰੋ, ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫੁਮਰਾਉਂਦੇ ਹਨ, "ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥"

8. ਨੇਕ ਕੰਮ ਕਰੋ, ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, "ਕਰਤੂਤਿ ਪਸੂ ਕੀ ਮਾਨਸ ਜਾਤਿ॥"

9. ਝੂਠ ਨਾ ਬੋਲੋ।

10. ਦੂਜਿਆਂ ਨੂੰ ਸਵੀਕਾਰ ਕਰੋ, ਨਾ ਕਿ ਅਹੰਕਾਰ ਤੇ ਈਰਖਾ ਕਰੋ।

11. ਬੰਦਾ ਬੰਦੇ ਦਾ ਬੁਰਾ ਨਾ ਕਰੇ, ਜਿੰਨਾ ਹੋ ਸਕੇ, ਦੂਜਿਆਂ ਦਾ ਭਲਾ ਕਰੋ, ਕਰ ਭਲਾ ਹੋ ਭਲਾ, ਅੰਤ ਭਲੇ ਦਾ ਭਲਾ।

ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਬਿਗੜਿਆ।

ਸਿੱਖਾਂ ਨੂੰ ਗੁਰੂ ਜੀ ਦੀ ਸਿੱਖਿਆ ਅਨੁਸਾਰ ਜੀਵਨ ਬਤੀਤ ਕਰਨਾ ਆਰੰਭ ਕਰ ਦੇਣਾ ਚਾਹੀਦਾ ਹੈ। ਕੁਦਰਤ ਦੀਆਂ ਬਿਮਾਰੀਆਂ ਅਤੇ ਕੁਦਰਤੀ ਆਫਤਾਂ ਦਾ ਬੰਦੇ ਦੇ ਕੋਲ ਕੋਈ ਹੱਲ ਨਹੀਂ। ਪਰ ਬੰਦਾ ਬੰਦੇ ਦਾ ਬੁਰਾ ਨਾ ਕਰੇ। ਮਨੁੱਖੀ ਦੁਖਾਂਤ ਮਨੁੱਖ ਦੇ ਹੱਥੋਂ ਨਹੀਂ ਹੋਣਾ ਚਾਹੀਦਾ। ਦੁੱਖ ਦੀ ਗੱਲ ਇਹ ਹੈ ਕਿ ਸਿੱਖ ਹੀ ਸਿੱਖ ਦਾ ਦੁਸ਼ਮਣ ਹੈ। ਸਿੱਖ ਭਾਈਚਾਰੇ ਨੂੰ ਇਕੱਠੇ ਹੋਣ ਦੀ ਲੋੜ ਹੈ, ਜਿਵੇਂ ਕਈ ਸਦੀਆਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਹੋਣੀਂ ਫੁਰਮਾਇਆ ਸੀ:

"ਹੋਇ ਇਕਤ੍ਰ ਮਿਲਹੁ ਮੇਰੇ ਭਾਈ, ਦੁਬਿਧਾ ਦੂਰਿ ਕਰਹੁ ਲਿਵ ਲਾਇ॥

ਹਰਿ ਨਾਮੈ ਕੀ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥"

ਪਰ ਦੇਖਣਾ ਇਹ ਹੈ ਕਿ ਸਿੱਖਾਂ ਨੇ ਹੁਣ ਤੱਕ ਇਸ ਸ਼ਬਦ 'ਤੇ ਕਿੰਨਾ ਕੁ ਅਮਲ ਕੀਤਾ ਹੈ। ਕੌਮ ਵੱਖ-ਵੱਖ ਧੜਿਆਂ ਵਿਚ ਵੰਡੀ ਹੋਈ ਹੈ। ਗੁਰੂ ਘਰਾਂ ਵਿਚ ਲੜਾਈਆਂ ਝਗੜੇ ਹੁੰਦੇ ਰਹਿੰਦੇ ਹਨ। ਕੌਮ ਵਿਚ ਕੋਈ ਏਕਾ ਨਹੀਂ। ਕੌਮ ਪਾਸ ਕੋਈ ਏਜੰਡਾ ਨਹੀਂ। ਕੌਮ ਨੂੰ ਇਕੱਠੇ ਹੋ ਕੇ ਕੋਈ ਏਜੰਡਾ ਚੁਣਨਾ ਚਾਹੀਦਾ ਹੈ। ਕੌਮ ਦੀ ਦਸ਼ਾ ਕੀ ਹੈ? ਕੌਮ ਨੂੰ ਹੁਣ ਤੱਕ ਕੋਈ ਇਨਸਾਫ ਨਹੀਂ ਮਿਲਿਆ। ਕੌਮ ਨੂੰ ਆਪਣੇ ਹੱਕਾਂ ਅਤੇ ਇਨਸਾਫ ਲੈਣ ਲਈ ਕੁੱਝ ਕਰਨਾ ਚਾਹੀਦਾ ਹੈ।

ਪਰ ਕੌਮ ਨੇ ਹੁਣ ਤੱਕ ਜੀਵਨ ਜਾਚ ਸਿੱਖੀ ਕਿਉਂ ਨਹੀਂ? ਇਸ ਦੇ ਲਈ ਜਨਤਾ ਹੀ ਇਕੱਲੀ ਜ਼ਿੰਮੇਵਾਰ ਨਹੀਂ। ਇਸ ਦੇ ਲਈ ਸਾਡੇ ਧਾਰਮਿਕ ਆਗੂ ਅਤੇ ਪੰਥ ਦੇ ਪ੍ਰਚਾਰਕ ਭਾਵ ਕਥਾਵਾਚਕ ਅਤੇ ਕੀਰਤਨੀ ਜੱਥੇ ਵੀ ਜ਼ਿੰਮੇਵਾਰ ਹਨ ਕਿਉਂਕਿ ਉਹ ਠੀਕ ਪ੍ਰਚਾਰ ਨਹੀਂ ਕਰ ਸਕੇ, ਕਿਉਂਕਿ ਉਨ੍ਹਾਂ ਦਾ ਆਪਣਾ ਜੀਵਨ ਠੀਕ ਨਹੀਂ।

ਲੋੜ ਹੈ ਸਿੱਖੀ ਸਰੂਪ ਅਤੇ ਸਿੱਖੀ ਕਿਰਦਾਰ ਦੇ ਧਰਨੀ ਹੋਣ ਦੀ ਅਤੇ ਗੁਰੂ ਸਾਹਿਬਾਨ ਦੀ ਸਿੱਖਿਆ ਅਤੇ ਸਿਧਾਂਤਾਂ 'ਤੇ ਚੱਲਣ ਦੀ, ਭਾਵ ਗੁਰਬਾਣੀ ਦੇ ਆਸ਼ੇ ਅਨੁਸਾਰ ਆਪਣਾ ਅਮਲੀ ਜੀਵਨ ਗੁਜ਼ਾਰਨ ਦੀ। ਤਦ ਉਹ ਦਿਨ ਦੂਰ ਨਹੀਂ, ਜਦੋਂ ਰਾਜ ਕਰੇਗਾ, ਖਾਲਸਾ ਆਕੀ ਰਹੇ ਨਾ ਕੋਈ ਦਾ ਸੰਕਲਪ ਪੂਰਾ ਨਾ ਹੋਵੇ। ਲੋੜ ਹੈ ਉੱਚਾ-ਸੁੱਚਾ ਕਿਰਦਾਰ ਬਣਾਉਣ ਦੀ। ਅੱਜ ਨਿੱਤ ਦਿਹਾੜੇ ਬਲਾਤਕਾਰ, ਕਤਲੋਗਾਰਤ ਤੇ ਲੁੱਟਾਂ-ਖੋਹਾਂ ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ।

Be honest, humble, helpful, kind, responsible, respectful, diligent, sympathetic, wise, idealistic, polite, sweet, gentle, and humanitarian.

Be a nice person, nice person is he who possesses a good moral character and good conscience

ਸਿੱਖ ਤੋਂ ਭਾਵ ਸਿੱਖਿਆਰਥੀ, ਭਾਵ ਜਿਹੜਾ ਸਦਾ ਸਿੱਖਦਾ ਹੈ। ਸਿੱਖ ਧਰਮ ਵਿਚ ਸਿੱਖਣ ਦੀ ਬਹੁਤ ਮਹਾਨਤਾ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

"ਸਿੱਖੀ ਸਿੱਖਿਆ ਗੁਰ ਵੀਚਾਰੁ॥"

ਆਦਮੀ ਮੇਂ ਲਾਖੋਂ ਜੌਹਰ ਹੋ;
ਅਗਰ ਆਦਮੀਅਤ ਨਹੀਂ, ਤੋਂ ਕੁੱਛ ਭੀ ਨਹੀਂ।


ਕਦਰਦਾਨ, ਪਾਰਖੂ ਤੇ ਪ੍ਰਸ਼ੰਸਕ ਬਣੋ।

ਔਰ ਭੀ ਗਮ ਹੈ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ,
ਰਾਹਤੇਂ ਔਰ ਭੀ ਹੈ ਵਸਲ ਕੀ ਰਾਹਤ ਕੇ ਸਿਵਾ।

ਪੂਰਨ ਮਨੁੱਖ ਬਣੋ। ਪੂਰਨ ਮਨੁੱਖ ਬਣਨਾ ਸੌਖਾ ਨਹੀਂ। "ਫਰਿਸ਼ਤੋਂ ਸੇ ਬਿਹਤਰ ਹੈ ਇਨਸਾਨ ਬਣਨਾ, ਮਗਰ ਇਸ ਮੇਂ ਲਗਤੀ ਹੈ ਮਿਹਨਤ ਜ਼ਿਆਦਾ।"

ਪੂਰਨ ਮਨੁੱਖ ਉਹ ਹੁੰਦਾ ਹੈ, ਜਿਹੜਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਈਰਖਾ ਤੋਂ ਰਹਿਤ ਹੋਵੇ ਅਤੇ ਜਿਸ ਵਿਚ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਮਰਤਾ, ਅਣਖ, ਜ਼ਮੀਰ ਅਤੇ ਨੈਤਿਕਤਾ ਹੋਵੇ। ਤੁਸੀਂ ਗੁਰਬਾਣੀ ਦੀ ਸਿੱਖਿਆ ਲੈ ਕੇ ਅਤੇ ਸਿਮਰਨ ਕਰਕੇ ਆਪਣੇ ਆਪ ਨੂੰ ਪੂਰਨ ਮਨੁੱਖ ਬਣਾ ਸਕਦੇ ਹੋ। ਮਨੁੱਖ ਨੂੰ ਸੱਚ-ਝੂਠ, ਚੰਗਾ-ਮਾੜਾ ਤੇ ਠੀਕ-ਗਲਤ ਦਾ ਪਤਾ ਹੋਣਾ ਚਾਹੀਦਾ ਹੈ ਕਿਉਂਕਿ ਅੱਜ ਤੱਕ ਜਿਹੜਾ ਮਾੜਾ ਹੋਇਆ ਹੈ, ਉਹ ਮਾੜੇ ਬੰਦਿਆਂ ਕਰਕੇ ਹੋਇਆ ਹੈ ਅਤੇ ਜਿਹੜਾ ਚੰਗਾ ਹੋਇਆ ਹੈ, ਉਹ ਚੰਗਿਆਂ ਬੰਦਿਆਂ ਕਰਕੇ ਹੋਇਆ ਹੈ।

# ਬਿਮਾਰੀ ਅਤੇ ਮੌਤ ਨੂੰ ਸੱਦਾ ਦੇਣ ਦੇ ਬਰਾਬਰ ਹੈ ਪਲਾਸਟਿਕ ਸਰਜਰੀ।



ਫਿਲਮੀ ਸਿਤਾਰਿਆਂ ਦਾ ਇਹ ਪਾਗਲਪਨ ਆਮ ਨੌਜਵਾਨਾਂ 'ਤੇ ਬਹੁਤ ਮਾਰੂ ਪ੍ਰਭਾਵ ਪਾ ਰਿਹਾ ਹੈ। 2024 ਵਿਚ ਕੋਇੰਬਟੂਰ ਦੀ ਅੰਮ੍ਰਿਤਾ ਵਿਸ਼ਵ ਵਿਦਿਆਪੀਠਮ ਯੂਨੀਵਰਸਿਟੀ ਨੇ ਇਸ ਸਬੰਧੀ ਇੱਕ ਅਧਿਐਨ ਕੀਤਾ, ਤਾਂ ਪਤਾ ਚੱਲਿਆ ਕਿ 77% ਲੜਕੇ ਲੜਕੀਆਂ ਆਪਣੀ ਸਰੀਰਕ ਬਣਤਰ ਤੋਂ ਖੁਸ਼ ਨਹੀਂ ਹਨ। ਕਿੰਨੀ ਬੁਰੀ ਗੱਲ ਹੈ ਕਿ ਅਸੀਂ ਖੁਦ ਹੀ ਮੰਨ ਲਿਆ ਹੈ ਕਿ ਅਸੀਂ ਖੂਬਸੂਰਤ ਨਹੀਂ ਹਾਂ। ਪਲਾਸਟਿਕ ਸਰਜਰੀ ਅੱਜ ਅਰਬਾਂ ਖਰਬਾਂ ਡਾਲਰ ਦਾ ਕਾਰੋਬਾਰ ਬਣ ਚੁੱਕਿਆ ਹੈ।

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA



ਆਮ ਲੋਕ ਫਿਲਮੀ ਸਿਤਾਰਿਆਂ ਦੀ ਖੂਬਸੂਰਤੀ ਤੋਂ ਜ਼ਬਰਦਸਤ ਪ੍ਰਭਾਵਿਤ ਹੁੰਦੇ ਹਨ। ਤਿੱਖੇ ਨੈਣ ਨਕਸ਼, ਤਰਾਸ਼ੇ ਹੋਏ ਨੱਕ, ਯੂਨਾਨੀ ਦੇਵਤਿਆਂ ਦੀਆਂ ਮੂਰਤੀਆਂ ਵਰਗੇ ਮਜ਼ਬੂਤ ਜਬਾੜੇ ਅਤੇ ਦੁੱਧ ਵਰਗੀ ਸਾਫ ਸ਼ਫਾਕ ਚਮੜੀ। ਕਦੇ ਕਿਸੇ ਨੇ ਸੋਚਿਆ ਹੈ ਕਿ ਜਿਹੜੀ ਇਹ ਖੂਬਸੂਰਤੀ ਵਿਖਾਈ ਜਾ ਰਹੀ ਹੈ ਇਹ ਕਿੰਨੀ ਅਸਲੀ ਹੈ ਤੇ ਕਿੰਨੀ ਫਰਜ਼ੀ? ਸਿਤਾਰਿਆਂ ਨੂੰ ਵੇਖ ਕੇ ਬਹੁਤ ਸਾਰੇ ਲੋਕ ਸੋਚਦੇ ਹਨ ਕਿ ਕਾਸ਼ ਮੇਰਾ ਨੱਕ ਵੀ ਅਜਿਹਾ ਹੁੰਦਾ, ਮੇਰੀ ਫਿਗਰ ਵੀ ਅਜਿਹੀ ਕੜਕ ਹੁੰਦੀ ਅਤੇ ਮੇਰੀ ਚਮੜੀ ਵੀ ਅਜਿਹੀ ਸਾਫ ਸ਼ਫਾਕ ਹੁੰਦੀ। ਪਰ ਅਸਲੀਅਤ ਇਹ ਹੈ ਕਿ ਇਨ੍ਹਾਂ ਸਿਤਾਰਿਆਂ ਦੀ ਜਿਸ ਖੂਬਸੂਰਤੀ ਨੂੰ ਅਸੀਂ ਰੱਬ ਵੱਲੋਂ ਬਖਸ਼ੀ ਹੋਈ ਦਾਤ ਸਮਝ ਰਹੇ ਹਾਂ, ਅਸਲ ਵਿਚ ਉਹ ਡਾਕਟਰਾਂ ਦੁਆਰਾ ਉਪਰੇਸ਼ਨ ਥਿਏਟਰਾਂ ਵਿਚ ਤਿਆਰ ਕੀਤੀ ਗਈ ਹੁੰਦੀ ਹੈ। ਹਾਲੀਵੁੱਡ - ਬਾਲੀਵੁੱਡ ਸਿਤਾਰਿਆਂ ਦੀ ਇਸ ਖੂਬਸੂਰਤੀ ਦੇ ਮਿਆਰ ਐਨੇ ਜ਼ਹਿਰੀਲੇ ਹੋ ਚੁੱਕੇ ਹਨ ਕਿ ਕੋਈ ਨੱਕ ਦੀ ਪਲਾਸਟਿਕ ਸਰਜਰੀ ਕਰਵਾ ਰਿਹਾ ਹੈ, ਕੋਈ ਬਰੈਸਟ ਨੂੰ ਵੱਡੀ ਕਰਵਾਉਂਦੀ ਹੈ, ਕੋਈ ਜਬਾੜੇ ਦੀ ਹੱਡੀ ਨੂੰ ਠੀਕ ਕਰਵਾਉਂਦਾ ਹੈ ਤੇ ਕੋਈ ਰੰਗ ਗੋਰਾ ਕਰਨ ਲਈ ਗਲੂਟਾਥੀਉਨ ਇੰਜੈਕਸ਼ਨ ਲਗਵਾਉਂਦਾ ਹੈ। ਝੁਰੜੀਆਂ ਖਤਮ ਕਰਨ ਲਈ ਫੇਸ ਲਿਫਟ ਸਰਜਰੀ ਅਤੇ ਬੋਟੋਕਸ ਦੇ ਟੀਕੇ ਲਗਵਾਉਣਾ, ਗੰਜਾਪਣ ਖਤਮ ਕਰਨ ਲਈ ਹੇਅਰ ਟਰਾਂਸਪਲਾਂਟ ਤੇ ਚਰਬੀ ਘਟਾਉਣ ਲਈ ਲਾਈਪੋਸਕਸ਼ਨ ਆਦਿ ਕਰਵਾਉਣਾ ਆਮ ਜਿਹੀ ਗੱਲ ਹੋ ਗਈ ਹੈ। ਦੁਨੀਆਂ ਦੀ ਸਭ ਤੋਂ ਖਤਰਨਾਕ ਸਰਜਰੀ ਬਰੀਜ਼ੀਲੀਅਨ ਬੱਟ ਲਿਫਟ ਸਰਜਰੀ ਹੈ, ਜਿਸ ਦੁਆਰਾ ਚਾਹਵਾਨਾਂ ਦੇ ਹਿਪਸ ਵੱਡੇ ਕੀਤੇ ਜਾਂਦੇ ਹਨ। ਪਰ ਇਸ ਸਰਜ਼ਰੀ ਦੌਰਾਨ ਮਰਨ ਦੀ ਦਰ 3000 ਵਿਚ ਇੱਕ ਹੈ, ਜੋ ਮੈਡੀਕਲ ਸਾਇੰਸ ਵਿਚ ਬਹੁਤ ਵੱਡੀ ਮੰਨੀ ਜਾਂਦੀ ਹੈ। ਫਿਰ ਵੀ ਹਰ ਸਾਲ ਵਿਕਸਿਤ ਦੇਸ਼ਾਂ ਵਿਚ ਲੱਖਾਂ ਦੀ ਗਿਣਤੀ ਵਿਚ ਇਹ ਸਰਜਰੀ ਕਰਵਾਈ ਜਾਂਦੀ ਹੈ, ਜਿਸ ਦੇ ਫਲਸਵਰੂਪ ਅਨੇਕਾਂ ਲੋਕ ਮੌਤ ਦੇ ਮੂੰਹ ਵਿਚ ਜਾ ਪੈਂਦੇ ਹਨ।

ਫਿਲਮੀ ਸਿਤਾਰਿਆਂ ਦਾ ਇਹ ਪਾਗਲਪਨ ਆਮ ਨੌਜਵਾਨਾਂ 'ਤੇ ਬਹੁਤ ਮਾਰੂ ਪ੍ਰਭਾਵ ਪਾ ਰਿਹਾ ਹੈ। 2024 ਵਿਚ ਕੋਇੰਬਟੂਰ ਦੀ ਅੰਮ੍ਰਿਤਾ ਵਿਸ਼ਵ ਵਿਦਿਆਪੀਠਮ ਯੂਨੀਵਰਸਿਟੀ ਨੇ ਇਸ ਸਬੰਧੀ ਇੱਕ ਅਧਿਐਨ ਕੀਤਾ, ਤਾਂ ਪਤਾ ਚੱਲਿਆ ਕਿ 77% ਲੜਕੇ ਲੜਕੀਆਂ ਆਪਣੀ ਸਰੀਰਕ ਬਣਤਰ ਤੋਂ ਖੁਸ਼ ਨਹੀਂ ਹਨ। ਕਿੰਨੀ ਬੁਰੀ ਗੱਲ ਹੈ ਕਿ ਅਸੀਂ ਖੁਦ ਹੀ ਮੰਨ ਲਿਆ ਹੈ ਕਿ ਅਸੀਂ ਖੂਬਸੂਰਤ ਨਹੀਂ ਹਾਂ। ਪਲਾਸਟਿਕ ਸਰਜਰੀ ਅੱਜ ਅਰਬਾਂ ਖਰਬਾਂ ਡਾਲਰ ਦਾ ਕਾਰੋਬਾਰ ਬਣ ਚੁੱਕਿਆ ਹੈ। ਇਸ ਦਾ ਸਿਰਫ ਇੱਕ ਹੀ ਕੰਮ ਹੈ ਨਕਲੀ ਤਰੀਕੇ ਨਾਲ ਲੋਕਾਂ ਦੀ ਵਧਦੀ ਹੋਈ ਉਮਰ ਨੂੰ ਕੁਝ ਦੇਰ ਲਈ ਰੋਕ ਦੇਣਾ ਤੇ ਉਨ੍ਹਾਂ ਨੂੰ ਆਪਣੇ ਚਿਹਰੇ ਅਤੇ ਸਰੀਰ ਨਾਲ ਘਿਰਣਾ ਕਰਨ ਲਈ ਮਜਬੂਰ ਕਰਨਾ। ਸੱਚਾਈ ਇਹ ਹੈ ਕਿ ਅੱਜ 90% ਬਾਲੀਵੁੱਡ ਹੀਰੋ ਹੀਰੋਇਨਾਂ ਨੇ ਹੋਰ ਜ਼ਿਆਦਾ ਖੂਬਸੂਰਤ ਲੱਗਣ ਲਈ ਕਾਸਮੈਟਿਕ ਸਰਜਰੀ ਕਰਵਾ ਰੱਖੀ ਹੈ। ਪਰ ਦੱਖਣ ਦੇ ਸੁਪਰ ਸਟਾਰ ਕਮਲ ਹਸਨ ਦੀ ਬੇਟੀ ਸ਼ਰੁਤੀ ਹਸਨ, ਅਨੁਸ਼ਕਾ ਸ਼ਰਮਾ, ਪ੍ਰਿਅੰਕਾ ਚੋਪੜਾ, ਸ਼੍ਰੀ ਦੇਵੀ ਦੀ ਬੇਟੀ ਖੁਸ਼ੀ ਕਪੂਰ, ਰਾਖੀ ਸਾਵੰਤ ਅਤੇ ਸ਼ਿਲਪਾ ਸ਼ੈੱਟੀ ਨੂੰ ਛੱਡ ਕੇ ਬਹੁਤ ਘੱਟ ਸਿਤਾਰੇ ਇਸ ਨੂੰ ਸਵੀਕਾਰ ਕਰਦੇ ਹਨ। ਰਾਖੀ ਸਾਵੰਤ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ ਜੋ ਚੀਜ਼ਾਂ ਰੱਬ ਨਹੀਂ ਦੇਂਦਾ, ਉਹ ਡਾਕਟਰ ਦੇ ਦੇਂਦਾ ਹੈ।

ਪਰ ਕਈ ਸਿਤਾਰੇ ਅਜਿਹੇ ਹਨ ਕਿ ਜਿਨ੍ਹਾਂ ਨੇ ਕਦੇ ਵੀ ਇਹ ਨਹੀਂ ਮੰਨਿਆਂ ਕਿ ਉਨ੍ਹਾਂ ਨੇ ਸਰਜਰੀ ਕਰਵਾਈ ਹੈ ਪਰ ਉਨ੍ਹਾਂ ਦੀਆਂ ਪੁਰਾਣੀਆਂ ਅਤੇ ਨਵੀਆਂ ਫੋਟੋ ਵੇਖ ਕੇ ਇਹ ਗੱਲ ਸਾਫ ਪਤਾ ਲੱਗ ਜਾਂਦੀ ਹੈ। ਪਲਾਸਟਿਕ ਸਰਜਰੀ ਨਾਮ ਵੇਖ ਕੇ ਲੱਗਦਾ ਹੈ ਕਿ ਇਹ ਸ਼ਾਇਦ ਕੋਈ 40-50 ਸਾਲ ਪਹਿਲਾਂ ਸ਼ੁਰੂ ਹੋਈ ਹੋਵੇਗੀ ਪਰ ਅਸਲ ਵਿਚ ਇਹ ਹਜ਼ਾਰਾਂ ਸਾਲਾਂ ਤੋਂ



ਕੀਤੀ ਜਾ ਰਹੀ ਹੈ। ਕਰੀਬ 3100 ਸਾਲ ਪਹਿਲਾਂ ਸੰਨ 600 ਬੀ.ਸੀ. ਵਿਚ ਸੁਸ਼ਰਤ ਨਾਮਕ ਭਾਰਤੀ ਵੈਦ ਨੇ ਪਲਾਸਟਿਕ ਸਰਜਰੀ ਸ਼ੁਰੂ ਕੀਤੀ ਸੀ। ਪਰ ਉਹ ਪਲਾਸਟਿਕ ਸਰਜਰੀ ਕਿਸੇ ਨੂੰ ਖੂਬਸੂਰਤ ਬਣਾਉਣ ਲਈ ਨਹੀਂ, ਬਲਕਿ ਇਲਾਜ਼ ਵਾਸਤੇ ਸੀ। ਉਸ ਨੇ ਨੱਕ, ਅੱਖ ਅਤੇ ਚਿਹਰੇ ਦਾ ਉਪਰੇਸ਼ਨ ਕਰ ਕੇ ਠੀਕ ਕਰਨ, ਇਲਾਜ ਤੋਂ ਬਾਅਦ ਦੀ ਦੇਖਭਾਲ ਅਤੇ ਉਪਰੇਸ਼ਨ ਦੌਰਾਨ ਬੇਹੋਸ਼ ਕਰਨ ਸਬੰਧੀ ਬਾਰੇ ਆਪਣੇ ਗ੍ਰੰਥ ਸੁਸ਼ਰਤ ਸੰਹਿਤਾ ਵਿਚ ਵਿਸਥਾਰ ਨਾਲ ਜਾਣਕਾਰੀ ਦਿੱਤੀ ਹੈ। ਅਸਲ ਵਿਚ ਪਲਾਸਟਿਕ ਸਰਜਰੀ ਵਿਚ ਕ੍ਰਾਂਤੀ ਦੂਸਰੇ ਸੰਸਾਰ ਯੁੱਧ ਦੌਰਾਨ ਆਈ ਸੀ। ਜੰਗ ਕਾਰਨ ਹਜ਼ਾਰਾਂ ਸੈਨਿਕਾਂ ਦੇ ਕੱਟੇ ਵੱਢੇ ਚਿਹਰਿਆਂ ਨੂੰ ਠੀਕ ਕਰਨ ਦੀ ਮਜਬੂਰੀ ਕਾਰਨ ਇਸ ਖੇਤਰ ਵਿਚ ਵੱਡੀਆਂ ਖੋਜਾਂ ਕੀਤੀਆਂ ਗਈਆਂ ਸਨ। ਇਸ ਕ੍ਰਾਂਤੀ ਦਾ ਸਿਹਰਾ ਨਿਊਜ਼ੀਲੈਂਡ ਦੇ ਸਰਜਨ ਹਾਰੋਲਡ ਗਿਲੀਜ਼ ਦੇ ਸਿਰ ਬੱਝਦਾ ਹੈ, ਜਿਸ ਨੂੰ ਪਲਾਸਟਿਕ ਸਰਜਰੀ ਦਾ ਪਿਤਾਮਾ ਕਿਹਾ ਜਾਂਦਾ ਹੈ। ਉਸ ਨੇ ਨਵੀਆਂ ਤਕਨੀਕਾਂ ਨਾਲ ਹਜ਼ਾਰਾਂ ਸੈਨਿਕਾਂ ਦੇ ਚਿਹਰਿਆਂ ਦੀ ਪਲਾਸਟਿਕ ਸਰਜਰੀ ਕੀਤੀ, ਜਿਸ ਕਾਰਨ ਉਹ ਸਮਾਜ ਵਿਚ ਆਮ ਜ਼ਿੰਦਗੀ ਬਤੀਤ ਕਰਨ ਦੇ ਕਾਬਲ ਬਣੇ। ਇਸ ਤੋਂ ਬਾਅਦ ਇਸ ਖੇਤਰ ਵਿਚ ਨਵੀਆਂ ਤੋਂ ਨਵੀਆਂ ਖੋਜਾਂ ਸ਼ੁਰੂ ਹੋ ਗਈਆਂ ਤੇ ਹਾਲੀਵੁੱਡ ਵਿਚ ਪਲਾਸਟਿਕ ਸਰਜਰੀ ਹਰਮਨਪਿਆਰੀ ਹੋਣ ਲੱਗ ਪਈ। ਪਰ ਫਰਕ ਇਹ ਸੀ ਕਿ ਹੁਣ ਸਰਜਰੀ ਕਿਸੇ ਸੱਟ ਨੂੰ ਠੀਕ ਕਰਨ ਲਈ ਨਹੀਂ, ਸਗੋਂ ਖੂਬਸੂਰਤ ਲੱਗਣ ਲਈ ਕੀਤੀ ਜਾਣ ਲੱਗੀ ਸੀ। ਅਮਰੀਕਾ ਵਿਚ ਪਲਾਸਟਿਕ ਸਰਜਰੀ ਕਰਨ ਵਾਲੇ ਕਲੀਨਿਕ ਖੁੰਬਾਂ ਵਾਂਗ ਉੱਗਣ ਲੱਗ ਪਏ ਤੇ 1980 ਤੱਕ ਇਹ ਅਰਬਾਂ ਖਰਬਾਂ ਡਾਲਰ ਦਾ ਕਾਰੋਬਾਰ ਬਣ ਗਿਆ। ਖੂਬਸੂਰਤੀ ਕੀ ਹੈ, ਇਹ ਇੱਕ ਬਹੁਤ ਗੁੰਝਲਦਾਰ ਸਵਾਲ ਹੈ ਤੇ ਹਰੇਕ ਸਮਾਜ ਵਿਚ ਇਸ ਦੇ ਅਰਥ ਅਲੱਗ-ਅਲੱਗ ਹਨ। ਅਫਰੀਕਾ ਵਿਚ ਮੋਟੇ ਬੁੱਲ ਹੋਣ ਨੂੰ, ਭਾਰਤ ਵਿਚ ਮੋਟੀਆਂ ਅੱਖਾਂ ਤੇ ਚੀਨੀ ਨਸਲ ਵਿਚ ਤਿੱਖੀਆਂ ਤੇ ਛੋਟੀਆਂ ਅੱਖਾਂ ਨੂੰ ਖੂਬਸੂਰਤੀ ਨਿਸ਼ਾਨੀ ਮੰਨਿਆਂ ਜਾਂਦਾ ਹੈ। ਬਰਮਾ ਦੇ ਇੱਕ ਕਬੀਲੇ ਵਿਚ ਲੜਕੀਆਂ ਦੀਆਂ ਗਰਦਨਾਂ ਧਾਂਤ ਦੇ ਛੱਲੇ ਪਾ ਕੇ ਬਤਖ ਵਾਂਗ ਲੰਬੀਆਂ ਕਰ ਦਿੱਤੀਆਂ ਜਾਂਦੀਆਂ ਹਨ। ਉੱਤਰੀ ਭਾਰਤ ਵਿਚ ਗੋਰੇ ਤੇ ਦੱਖਣੀ ਭਾਰਤ ਵਿਚ ਕਾਲੇ ਰੰਗ ਨੂੰ ਖੂਬਸੂਰਤੀ ਦਾ ਪ੍ਰਤੀਕ ਮੰਨਿਆਂ ਜਾਂਦਾ ਹੈ। 1990ਵਿਆਂ ਵਿਚ ਜ਼ੀਰੋ ਫਿੱਗਰ (ਪੈਨਸਿਲ ਵਰਗੀਆਂ ਪਤਲੀਆਂ ਲੜਕੀਆਂ) ਨੂੰ ਖੂਬਸੂਰਤ ਮੰਨਿਆਂ ਜਾਂਦਾ ਸੀ, ਜਦਕਿ ਅੱਜਕੱਲ੍ਹ ਸਿਹਤਮੰਦ ਲੜਕੀਆਂ ਨੂੰ।

ਹਾਲੀਵੁੱਡ ਵਿਚ ਪਲਾਸਟਿਕ ਸਰਜਰੀ ਐਨੀ ਨਾਰਮਲ ਹੋ ਚੁੱਕੀ ਹੈ, ਜਿਸ ਬਾਰੇ ਹੁਣ ਕੋਈ ਗੱਲ ਵੀ ਨਹੀਂ ਕਰਦਾ ਪਰ ਬਾਲੀਵੁੱਡ ਵਿਚ ਇਹ ਅਜੇ ਵੀ ਇੱਕ ਹਊਆ ਹੈ। ਪਲਾਸਟਿਕ ਸਰਜਰੀ ਕਰਾਉਣ ਵਾਲੇ ਹੀਰੋ ਹੀਰੋਇਨਾਂ ਬਾਰੇ ਪਿੱਠ ਪਿੱਛੇ ਚੁਗਲੀਆਂ ਕੀਤੀ ਜਾਂਦੀਆਂ ਹਨ ਤੇ ਗਾਸਿਪ ਮੈਗਜ਼ੀਨਾਂ ਵਿਚ ਛਾਪਿਆ ਜਾਂਦਾ ਹੈ। ਬਾਲੀਵੁੱਡ ਦੇ ਸਿਤਾਰੇ (ਕੁਝ ਕੁ ਨੂੰ ਛੱਡ ਕੇ) ਸਰਜਰੀ ਕਰਵਾਉਣ ਬਾਰੇ ਬਿਲਕੁਲ ਵੀ ਨਹੀਂ ਮੰਨਦੇ ਪਰ ਉਨ੍ਹਾਂ ਦੀਆਂ ਪੁਰਾਣੀਆਂ ਤੇ ਨਵੀਆਂ ਤਸਵੀਰਾਂ ਵੇਖ ਕੇ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸਰਜਰੀ ਕਰਵਾਈ ਗਈ ਹੈ। ਮਿਸਾਲ ਦੇ ਤੌਰ 'ਤੇ ਉਰਵਸ਼ੀ ਰੌਤੇਲਾ, ਆਇਸ਼ਾ ਟਕੀਆ ਤੇ ਮੌਨੀ ਰਾਏ ਆਦਿ ਦੇ ਪਹਿਲਾਂ ਦੇ ਨੱਕ, ਗੱਲ੍ਹਾਂ ਦੀਆਂ ਹੱਡੀਆਂ ਅਤੇ ਹੋਂਠਾਂ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਸਿਰਫ ਹੀਰੋਇਨਾਂ ਹੀ ਨਹੀਂ, ਬਲਕਿ ਐਕਟਰ ਵੀ ਅਜਿਹੀਆਂ ਸਰਜਰੀਆਂ ਕਰਵਾ ਰਹੇ ਹਨ, ਜਿਨ੍ਹਾਂ ਵਿਚ ਪ੍ਰਮੁੱਖ ਟਾਈਗਰ ਸ਼ਰਾਫ ਅਤੇ ਰਾਜ ਕੁਮਾਰ ਰਾਉ ਹਨ। ਰਾਜ ਕੁਮਾਰ ਰਾਉ ਨੇ ਤਾਂ ਇਹ ਗੱਲ ਸਵੀਕਾਰ ਵੀ ਕੀਤੀ ਹੈ। 60 ਸਾਲ ਦੀ ਉਮਰ ਵਿਚ ਵੀ ਆਮਿਰ ਖਾਨ, ਸਲਮਾਨ ਖਾਨ ਅਤੇ ਸ਼ਾਹਰੁਖ ਖਾਨ ਆਦਿ ਵਰਗੇ ਸਟਾਰਾਂ ਦੇ ਚਿਹਰਿਆਂ 'ਤੇ ਝੁਰੜੀਆਂ ਦਿਖਾਈ ਨਾ ਦੇਣ ਦਾ ਕਾਰਨ ਬੋਟੋਕਸ ਇੰਜੈਕਸ਼ਨ ਹੈ। ਬੋਟੋਕਸ ਇੱਕ ਕਿਸਮ ਦਾ ਨਿਊਰੋਟਾਕਸਿਨ ਜ਼ਹਿਰ ਹੁੰਦਾ ਹੈ, ਜੋ ਚਮੜੀ ਨੂੰ ਖਿੱਚ ਕੇ ਟਾਈਟ ਕਰ ਦੇਂਦਾ ਹੈ। ਵੈਸੇ ਤਾਂ ਇਹ ਬਹੁਤ ਜ਼ਹਿਰੀਲਾ ਹੁੰਦਾ ਹੈ ਪਰ ਛੋਟੀ ਮਾਤਰਾ ਵਿਚ ਵਰਤਣ ਕਾਰਨ ਹਾਨੀ ਰਹਿਤ ਹੋ ਜਾਂਦਾ ਹੈ। ਇਸ ਦਾ ਇੱਕ ਮਾੜਾ ਪੱਖ ਇਹ ਹੈ ਕਿ ਇਸ ਨੂੰ ਹਰ ਦੋ-ਤਿੰਨ ਮਹੀਨੇ ਬਾਅਦ ਲਗਵਾਉਣਾ ਪੈਂਦਾ ਹੈ। ਪਰ ਜਦੋਂ ਬਾਕੀ ਦਾ ਸਰੀਰ ਹੀ ਢਲਕ ਜਾਵੇ, ਤਾਂ ਇਕੱਲਾ ਝੁਰੜੀ ਰਹਿਤ ਚਿਹਰਾ ਬੁਢਾਪੇ ਨੂੰ ਲੁਕਾ ਨਹੀਂ ਸਕਦਾ।


ਇੱਕ ਹੋਰ ਖਤਰਨਾਕ ਸਰਜਰੀ ਜੋ ਭਾਰਤੀ ਹੀਰੋਇਨਾਂ ਵਿਚ ਬਹੁਤ ਮਕਬੂਲ ਹੈ, ਉਹ ਹੈ ਚਮੜੀ ਗੋਰੀ ਕਰਨ ਵਾਲੀ ਸਕਿੱਨ ਲਾਈਟਨਿੰਗ ਟਰੀਟਮੈਂਟ ਜੋ ਗਿਲੂਟਾਥਾਈਉਨ ਨਾਮਕ ਟੀਕਾ ਲਗਵਾ ਕੇ ਕੀਤੀ ਜਾਂਦੀ ਹੈ। ਇਨ੍ਹਾਂ ਵਿਚ ਸ਼ਾਮਲ ਹਨ ਕਾਜੋਲ, ਪ੍ਰਿਅੰਕਾ ਚੋਪੜਾ, ਸ਼ਿਲਪਾ ਸ਼ੈੱਟੀ, ਦੀਪਿਕਾ ਪਾਦੂਕੋਨ, ਸ੍ਰੀ ਦੇਵੀ, ਬਿਪਾਸ਼ਾ ਬਾਸੂ ਅਤੇ ਰੇਖਾ ਆਦਿ। ਫਿਲਮੀ ਕੈਰੀਅਰ ਦੀ ਸ਼ੁਰੂਆਤ ਵਿਚ ਇਨ੍ਹਾਂ ਦਾ ਰੰਗ ਕਾਫੀ ਡਾਰਕ ਸੀ, ਜੋ ਹੁਣ ਬਹੁਤ ਗੋਰਾ ਦਿਖਾਈ ਦੇਂਦਾ ਹੈ ਪਰ ਇਨ੍ਹਾਂ ਵਿਚੋਂ ਕੋਈ ਵੀ ਇਸ ਗੱਲ ਨੂੰ ਨਹੀਂ ਮੰਨਦੀ। ਕਾਜੋਲ ਨੇ ਇੱਕ ਇੰਟਰਵਿਊ ਵਿਚ ਇਨਕਾਰ ਕਰਦੇ ਹੋਏ ਕਿਹਾ ਸੀ ਕਿ ਪਹਿਲਾਂ ਉਹ ਧੁੱਪ ਵਿਚ ਬਹੁਤ ਕੰਮ ਕਰਦੀ ਸੀ, ਜਿਸ ਕਾਰਨ ਉਸ ਦਾ ਰੰਗ ਕਾਲਾ ਹੋ ਗਿਆ ਸੀ, ਪਰ ਹੁਣ ਉਹ ਜ਼ਿਆਦਾਤਰ ਛਾਂ ਵਿਚ ਰਹਿੰਦੀ ਹੈ। ਗਿਲੂਟਾਥਾਈਉਨ ਟੀਕਾ ਐਨਾ ਜ਼ਹਿਰੀਲਾ ਹੈ ਕਿ ਗਲਤ ਤਰੀਕੇ ਅਤੇ ਜ਼ਿਆਦਾ ਮਾਤਰਾ ਵਿਚ ਲਗਾ ਦੇਣ ਨਾਲ ਵਿਅਕਤੀ ਦੀ ਮੌਤ ਵੀ ਹੋ ਸਕਦੀ ਹੈ। ਕਾਂਟਾ ਲੱਗਾ ਗਾਣੇ ਤੋਂ ਵਿਸ਼ਵ ਪ੍ਰਸਿੱਧ ਹੋਣ ਵਾਲੀ ਡਾਂਸਰ ਸ਼ੈਫਾਲੀ ਜ਼ਰੀਵਾਲਾ ਦੀ ਮੌਤ (27 ਜੂਨ 2025) ਇਸੇ ਟੀਕੇ ਕਾਰਨ ਹੋਣ ਵਾਲੀ ਐਲਰਜੀ ਨਾਲ ਹੋਈ ਸੀ। ਵਿਸ਼ਵ ਵਿਚ ਅਜਿਹੇ ਕਈ ਹੋਰ ਵੀ ਵਾਕਿਆ ਹੋ ਚੁੱਕੇ ਹਨ ਪਰ ਫਿਲਮ ਇੰਡਸਟਰੀ ਅਤੇ ਹਾਈ ਸੁਸਾਇਟੀ ਦੀ ਚਮਕ ਦਮਕ, ਪੈਸਾ, ਸਟੇਟਸ ਅਤੇ ਪ੍ਰਸਿੱਧੀ ਕਾਰਨ ਵੱਧ ਤੋਂ ਵੱਧ ਲੋਕ ਪਲਾਸਟਿਕ ਸਰਜਰੀ ਵੱਲ ਖਿੱਚੇ ਚਲੇ ਆ ਰਹੇ ਹਨ।

# ਪੰਜਾਬੀ ਪੱਤਰਕਾਰੀ ਦੇ ਪਿਤਾਮਾਂ, ਮਹਾਨ ਵਿਦਵਾਨ ਤੇ ਪੰਥ ਰਤਨ ਪ੍ਰੋ: ਗਿਆਨੀ ਦਿੱਤ ਸਿੰਘ

## ਜਨਮ ਦਿਨ ’ਤੇ ਵਿਸ਼ੇਸ਼

ਗੁਰਪ੍ਰੀਤ ਸਿੰਘ ਤਲਵੰਡੀ
ਸਰੀ (ਕੈਨੇਡਾ)
001-778-980-9196
ਪੰਜਾਬ ਮੇਲ USA





ਗਿਆਨੀ ਦਿੱਤ ਸਿੰਘ ਦਾ ਜਨਮ 21 ਅਪ੍ਰੈਲ ਸੰਨ 1850 ਨੂੰ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਪਿੰਡ ਨੰਦਪੁਰ ਕਲੌੜ ’ਚ ਆਪਣੇ ਨਾਨਕੇ ਘਰ ਵਿਖੇ ਹੋਇਆ। ਆਪਦੇ ਪਿਤਾ ਦਾ ਨਾਮ ਦੀਵਾਨ ਸਿੰਘ ਸੀ। ਦੀਵਾਨ ਸਿੰਘ ਜ਼ਿਲ੍ਹਾ ਰੋਪੜ ਦੇ ਇਤਿਹਾਸਕ ਕਸਬੇ ਸ੍ਰੀ ਚਮਕੌਰ ਸਾਹਿਬ ਨੇੜਲੇ ਪਿੰਡ ਝੱਲੀਆਂ ਕਲਾਂ ਦੇ ਜੱਦੀ ਵਸਨੀਕ ਸਨ। ਕਿਸੇ ਕਾਰਨ ਕਰਕੇ ਆਪ ਆਪਣੇ ਸਹੁਰੇ ਪਿੰਡ ਨੰਦਪੁਰ ਕਲੌੜ ਜਾ ਵਸੇ। ਘਰ ਵਿਚ ਅਤਿ ਦੀ ਗਰੀਬੀ ਹੋਣ ਕਾਰਨ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਗੁਲਾਬਦਾਸੀਆਂ ਦੇ ਡੇਰੇ ਪੜ੍ਹਨ ਲਈ ਤੋਰ ਦਿੱਤਾ। ਕੁੱਝ ਸਮਾਂ ਆਪ ਆਰੀਆ ਸਮਾਜ ਵਿਚ ਵੀ ਰਹੇ, ਕਿਉਂਕਿ ਆਰੀਆ ਸਮਾਜੀਆਂ ਦੇ ਉਦੇਸ਼ ਸਿੱਖ ਧਰਮ ਨਾਲ ਮੇਲ ਖਾਂਦੇ ਸਨ, ਬਹੁਗਿਣਤੀ ਲੋਕ ਆਰੀਆ ਸਮਾਜ ਵਿਚ ਸ਼ਾਮਲ ਹੋਣ ਲੱਗ ਪਏ। ਦੂਸਰੇ ਪਾਸੇ ਸਿੱਖੀ ਦੇ ਪ੍ਰਚਾਰ ਦੀ ਵੱਡੀ ਘਾਟ ਹੋਣ ਕਾਰਨ ਜ਼ਿਆਦਾਤਰ ਸਿੱਖ ਪਰਿਵਾਰਾਂ ਨੇ ਇਸਾਈ ਧਰਮ ਕਬੂਲ ਕਰ ਲਿਆ। ਇਸ ਧਰਮ ਪਰਿਵਰਤਨ ਦੀ ਘਟਨਾ ਨੂੰ ਗੰਭੀਰਤਾ ਨਾਲ ਲੈ ਕੇ ਸਿੱਖੀ ਨੂੰ ਇਸਾਈਅਤ ਤੋਂ ਬਚਾਉਣ ਲਈ ਕੁੱਝ ਚਿੰਤਤ ਸਿੱਖ ਵਿਦਵਾਨਾਂ ਨੇ ਸਿੰਘ ਸਭਾ ਲਹਿਰ ਦਾ ਗਠਨ ਕੀਤਾ। ਪ੍ਰੋ: ਗਿਆਨੀ ਦਿੱਤ ਸਿੰਘ, ਪ੍ਰੋ: ਗੁਰਮੁਖ ਸਿੰਘ ਅਤੇ ਠਾਕੁਰ ਸਿੰਘ ਸੰਧਾਵਾਲੀਆ ਸਿੰਘ ਸਭਾ ਲਹਿਰ ਦੇ ਪ੍ਰਮੁੱਖ ਬਾਨੀ ਸਨ। ਇਸ ਲਹਿਰ ਦਾ ਉਦੇਸ਼ ਸਿਆਸੀ ਸਰਗਰਮੀਆਂ ਤੋਂ ਦੂਰ ਰਹਿ ਕੇ ਸਿੱਖੀ ਨੂੰ ਨਿਰੋਲ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਤੌਰ ’ਤੇ ਮਜ਼ਬੂਤੀ ਪ੍ਰਦਾਨ ਕਰਨਾਂ ਸੀ। ਬ੍ਰਾਹਮਣੀ ਮੱਤ ਦੇ ਅਸਰ ਕਾਰਨ ਸਿੱਖੀ ਅੰਦਰ ਘਰ ਕਰ ਚੁੱਕੀਆਂ ਜਾਤ-ਪਾਤ ਵਰਗੀਆਂ ਹੋਰ ਵੀ ਕੁਰੀਤੀਆਂ ਨੂੰ ਖਤਮ ਕਰਨ ਲਈ ਸਿੰਘ ਸਭਾ ਲਹਿਰ ਦਾ ਵੱਡਾ ਯੋਗਦਾਨ ਸੀ। ਸਿੱਖਾਂ ਦੇ ਪ੍ਰਮੁੱਖ ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਅੰਦਰ ਅਤੇ ਦਰਸ਼ਨੀ ਡਿਊਢੀ ਵਿਚ ਮੂਰਤੀਆਂ ਰੱਖਕੇ ਕਰਵਾਈ ਜਾ ਰਹੀ ਮੂਰਤੀ ਪੂਜਾ ਬੰਦ ਕਰਵਾਈ। ਸਿੱਖੀ ਦੇ ਪ੍ਰਚਾਰ ਤੇ ਪਸਾਰ ਲਈ ਪੰਜਾਬੀ ਦਾ ਪਹਿਲਾ ‘ਖਾਲਸਾ ਅਖਬਾਰ’ ਕੱਢਿਆ। ਇਸ ਅਖਬਾਰ ਦੇ ਜ਼ਰੀਏ ਆਪ ਨੇ ਸਿੱਖੀ ਉੱਪਰ ਹੋ ਰਹੇ ਚੌਤਰਫੀ ਹਮਲਿਆਂ ਨੂੰ ਬੜੀ ਨਿਡਰਤਾ, ਦਲੇਰੀ ਅਤੇ ਦ੍ਰਿੜ੍ਹਤਾ ਨਾਲ ਰੋਕਿਆ। ਇਸ ਲਈ ਗਿਆਨੀ ਦਿੱਤ ਸਿੰਘ ਨੂੰ ਪੰਜਾਬੀ ਪੱਤਰਕਾਰੀ ਦਾ ਪਿਤਾਮਾਂ ਕਹਿ ਲਿਆ ਜਾਵੇ, ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਉਨ੍ਹਾਂ ਨੇ ਮੂਰਤੀ ਪੂਜਾ, ਜਾਤ-ਪਾਤ ਅਤੇ ਵਹਿਮਾਂ-ਭਰਮਾਂ ਨੂੰ ਬੰਦ ਕਰਨ ਲਈ ਤਕੜੀ ਮੁਹਿੰਮ ਚਲਾਈ, ਜਿਸ ਤਹਿਤ ਦੁਰਗਾ ਪ੍ਰਬੋਧ, ਗੁੱਗਾ ਗਪੌੜਾ-ਸੁਲਤਾਨ ਪੁਆੜਾ, ਸਵਪਨ ਨਾਟਕ, ਸ੍ਰੀ ਗੁਰੂ ਅਰਜਨ ਪ੍ਰਬੋਧ, ਮੇਰਾ ਤੇ ਸਾਧੂ ਦਇਆ ਨੰਦ ਦਾ ਸੰਵਾਦ ਸਮੇਤ ਹੋਰ ਵੀ ਕਈ ਪੁਸਤਕਾਂ ਲਿਖੀਆਂ, ਜੋ ਅੱਜ ਸਿੱਖ ਇਤਿਹਾਸ ਦਾ ਹਿੱਸਾ ਬਣ ਚੁੱਕੀਆਂ ਹਨ। ਪ੍ਰੋ: ਗਿਆਨੀ ਦਿੱਤ ਸਿੰਘ ਦੇ ਜੀਵਨ ਤੇ ਖੋਜ ਕਰਤਾ ਡਾ. ਸੰਦੀਪ ਕੌਰ ਸੇਖ਼ੋਂ ਅਨੁਸਾਰ ਗਿਆਨੀ ਦਿੱਤ ਸਿੰਘ ਨੇ ਕਰੀਬ 22 ਸਾਲ ਸੈਂਕੜੇ ਲੇਖ ਅਤੇ 40 ਤੋਂ ਵੀ ਜ਼ਿਆਦਾ ਕਿਤਾਬਾਂ ਲਿਖ ਕੇ ਸਿੱਖ ਕੌਮ ’ਚ ਨਵੀਂ ਜਾਗ੍ਰਿਤੀ ਪੈਦਾ ਕੀਤੀ। ਆਰੀਆ ਸਮਾਜੀ ਸਵਾਮੀ ਦਇਆ ਨੰਦ ਨੂੰ ਸਵਾਲ-ਜਬਾਵ ’ਚ ਤਿੰਨ ਵਾਰ ਭਰੀ ਸਭਾ ਵਿਚ ਹਰਾ ਕੇ ਆਪਣੀ ਵਿਦਵਤਾ ਦਾ ਲੋਹਾ ਮੰਨਵਾਇਆ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਗੱਦੀ ਲਗਾ ਕੇ ਆਪਣੀ ਸਾਖਸ਼ੀ ਪੂਜਾ ਕਰਵਾ ਰਹੇ ਗੁਰੂ ਨਾਨਕ ਦੇਵ ਜੀ ਦੇ ਵੰਸ਼ਜ਼ ਅਖਵਾਉਣ ਵਾਲੇ ਬਾਬਾ ਖੇਮ ਸਿੰਘ ਬੇਦੀ ਨੂੰ ਰੋਕਿਆ। ਬਾਬਾ ਖੇਮ ਸਿੰਘ ਬੇਦੀ ਨੂੰ ਅੰਗਰੇਜ਼ੀ ਸਰਕਾਰ ਦੁਆਰਾ ਅੰਗਰੇਜ਼ਾਂ ਦੀ ਖੁਸ਼ਾਮਦ ਕਰਨ ਕਰਕੇ ‘ਸਰ’ ਦੀ ਉਪਾਧੀ ਨਾਲ ਨਿਵਾਜ਼ਿਆ ਗਿਆ ਸੀ। ਆਪ ਦੇ ਵਹਿਮਾਂ-ਭਰਮਾਂ, ਦੇਵੀ-ਦੇਵਤਿਆਂ ਜਾਂ ਮੂਰਤੀ ਪੂਜਾ ਦਾ ਸਖਤ ਵਿਰੋਧੀ ਹੋਣ ਦਾ ਪ੍ਰਮਾਣ ਉਨ੍ਹਾਂ ਦੁਆਰਾ ਲਿਖੀ ਗਈ ਵਾਰਤਕ ਵਿਚੋਂ ਮਿਲਦਾ ਹੈ, ਜਦ ਉਨ੍ਹਾਂ ਪਾਸੋਂ ਕਿਸੇ ਸਾਥੀ ਨੇ ਪੁੱਛਿਆ ਕਿ ਪੰਜਾਬ ਵਿਚ ਸਿੱਖੀ ਦਾ ਕੀ ਹਾਲ ਹੈ, ਤਾਂ ਗਿਆਨੀ ਦਿੱਤ ਸਿੰਘ ਨੇ ਜਬਾਵ ਦਿੱਤਾ:-

‘ਕੁਛ ਅੰਨ ਦੇ, ਕੁਛ ਧਨ ਦੇ,
ਬਾਕੀ ਪਹਾੜਾਂ ਵਾਲੀ ਰੰਨ ਦੇ’

**ਪੰਜਾਬੀ ਪੱਤਰਕਾਰੀ ਦਾ ਆਗਾਜ਼-**

ਪ੍ਰੋ: ਗਿਆਨੀ ਦਿੱਤ ਸਿੰਘ ਨੇ ਪੰਜਾਬੀ ਪੱਤਰਕਾਰੀ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਪੰਜਾਬੀ ਦਾ ਪਹਿਲਾ ਅਖਬਾਰ ‘ਖਾਲਸਾ ਅਖਬਾਰ’ ਸ਼ੁਰੂ ਕਰਕੇ ਸਮੁੱਚੇ ਸਿੱਖ ਜਗਤ ਨੂੰ ਬ੍ਰਾਹਮਣੀ ਕਰਮਕਾਂਡਾਂ ਤੋਂ ਮੁਕਤ ਕਰਨ ਦੇ ਨਾਲ-ਨਾਲ ਸਿੱਖੀ ਉੱਪਰ ਹੋ ਰਹੇ ਚੌਤਰਫੀ ਹਮਲਿਆਂ ਨੂੰ ਰੋਕਣ ਲਈ ਵੱਡਾ ਯੋਗਦਾਨ ਪਾਇਆ। ਗਿਆਨੀ ਦਿੱਤ ਸਿੰਘ ਅਤੇ ਪ੍ਰੋ: ਗੁਰਮਖ ਸਿੰਘ ਦੇ ਸਾਂਝੇ ਯਤਨਾਂ ਸਦਕਾ 12 ਜੂਨ ਸੰਨ 1886 ਨੂੰ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ ਤੇ ‘ਖਾਲਸਾ ਅਖਬਾਰ’ ਸ਼ੁਰੂ ਕੀਤਾ। ਇਸ ਅਖਬਾਰ ਦੇ ਸੰਪਾਦਕ ਭਾਵੇਂ ਗਿਆਨੀ ਝੰਡਾ ਸਿੰਘ ਸਨ, ਲੇਕਿਨ ਜ਼ਿਆਦਾਤਰ ਲੇਖ ਗਿਆਨੀ ਦਿੱਤ ਸਿੰਘ ਹੀ ਲਿਖਦੇ ਸਨ। ਇਸ ਅਖਬਾਰ ਦਾ ਮੁੱਖ ਉਦੇਸ਼ ਸਿੱਖ ਕੌਮ ਨੂੰ ਗੁਰੂ ਸਾਹਿਬਾਨ ਦੇ ਸਮੁੱਚੇ ਜੀਵਨ ਤੋਂ ਜਾਣੂੰ ਕਰਵਾਉਣ ਦੇ ਨਾਲ-ਨਾਲ ਸਿੱਖ ਧਰਮ ਵਿਚਲੀਆਂ ਕੁਰੀਤੀਆਂ ਨੂੰ ਦੂਰ ਕਰਨ ਅਤੇ ਵਿਦਿਆ ਦੀ ਉਨਤੀ ਲਈ ਯਤਨ ਕਰਨਾ ਸੀ। ਇਹ ਅਖਬਾਰ ਸਿੰਘ ਸਭਾ ਲਾਹੌਰ ਦੇ ਸਹਿਯੋਗ ਨਾਲ ਕੱਢਿਆ ਜਾਂਦਾ ਸੀ। ਸੰਨ 1887 ਨੂੰ ਭਾਈ ਗੁਰਮੁਖ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਕਾਬਜ਼ ਮਹੰਤਾਂ ਦੁਆਰਾ ਸਿੱਖੀ ਵਿਚੋਂ ਖਾਰਜ ਕਰ ਦਿੱਤਾ। ਇਸ ਮਾਮਲੇ ’ਤੇ ਗਿਆਨੀ ਦਿੰਤ ਸਿੰਘ ਦੁਆਰਾ ਆਪਣੇ ਲੇਖਾਂ ਦੁਆਰਾ ਧੜੱਲੇ ਨਾਲ ਗੁਰਦੁਆਰਿਆਂ ’ਤੇ ਕਾਬਜ਼ ਮਹੰਤਾਂ ਅਤੇ ਅੰਗਰੇਜ਼ ਹਕੂਮਤ ਦੇ ਕਾਰਨਾਮਿਆਂ ਨੂੰ ਭੰਡਿਆ। ਇਸ ਤੋਂ ਬਾਅਦ ਬੇਦੀ ਉਦੈ ਸਿੰਘ ਨੇ ਅਖਬਾਰ ਦੇ ਖਿਲਾਫ ਮੁਕੱਦਮਾਂ ਦਰਜ ਕਰਵਾ ਦਿੱਤਾ। ਉੱਧਰ ਸਿੰਘ ਸਭਾ ਲਾਹੌਰ ਨੇ ਅਖਬਾਰ ਵਲੋਂ ਹੱਥ ਪਿੱਛੇ ਖਿੱਚ ਲਿਆ। ਇਸ ਤਰ੍ਹਾਂ ਇੱਕ ਵਾਰ ਅਖਬਾਰ ਦਮ ਤੋੜ ਗਿਆ। ਗਿਆਨੀ ਦਿੱਤ ਸਿੰਘ ਨੇ ਹਿੰਮਤ ਕਰਕੇ ਸੰਨ੍ਹ 1893 ਨੂੰ ਮੁੜ ਅਖਬਾਰ ਕੱਢਣਾ ਸ਼ੁਰੂ ਕਰ ਦਿੱਤਾ। ਗੁਰਬਾਣੀ ਦੇ ਫੁਰਮਾਨ ‘ਧੰਨ ਲਿਖਾਰੀ ਨਾਨਕਾ, ਜਿਨ ਨਾਮ ਲਿਖਾਇਆ ਸੱਚ’ ਵਾਂਗ ਪ੍ਰੋ: ਗਿਆਨੀ ਦਿੱਤ ਸਿੰਘ ਨੇ ਪੱਤਰਕਾਰੀ ਦੇ ਖੇਤਰ ਵਿਚ ਧੜੱਲੇ ਨਾਲ ਸੱਚ ਲਿਖਦਿਆਂ ਗੋਰੀ ਹਕੂਮਤ, ਗੁਰਦੁਆਰਿਆਂ ’ਤੇ ਕਾਬਜ਼ ਮਹੰਤਾਂ ਅਤੇ ਫੋਕੇ ਬ੍ਰਾਹਮਣੀ ਕਰਮਕਾਂਡਾਂ ਖਿਲਾਫ ਆਵਾਜ਼ ਉਠਾਈ, ਉਸ ਤੋਂ ਉਨ੍ਹਾਂ ਦਾ ਦਲੇਰਾਨਾਂ ਸੁਭਾਅ, ਨਿੱਡਰਤਾ ਅਤੇ ਕੌਮ-ਪ੍ਰਸਤੀ ਝਲਕਦੀ ਹੈ।

ਸਿੱਖੀ ਦਾ ਇਹ ਅਸਲ ਵਾਰਸ 6 ਸਤੰਬਰ, 1901 ਨੂੰ ਸਦਾ ਲਈ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਗਿਆ। ਇਸ ਤਰ੍ਹਾਂ ਚੌਤਰਫੀ ਹਮਲਿਆਂ ਦਾ ਸ਼ਿਕਾਰ ਹੋ ਕੇ ਮਰ-ਮੁੱਕ ਰਹੀ ਸਿੱਖੀ ਨੂੰ ਗਫਲਤ ਵਿਚੋਂ ਕੱਢ ਕੇ ਮੁੜ ਲੀਹ ’ਤੇ ਲਿਆਉਣ ਲਈ ਪ੍ਰੋ: ਗਿਆਨੀ ਦਿੱਤ ਸਿੰਘ ਦੇ ਯਤਨਾਂ ਨੂੰ ਭੁਲਾਇਆ ਨਹੀਂ ਜਾਣਾ ਚਾਹੀਦਾ। ਧਾਰਮਿਕ ਅਤੇ ਸਮਾਜ ਸੇਵੀ ਸੰਗਠਨ ਗਿਆਨੀ ਦਿੱਤ ਸਿੰਘ ਐਜੂਕੇਸ਼ਨਲ ਐਂਡ ਵੈੱਲਫੇਅਰ ਸੁਸਾਇਟੀ (ਰਜਿ:) ਦੇ ਕੌਮੀ ਪ੍ਰਧਾਨ ਸਰਪੰਚ ਕਰਤਿੰਦਰਪਾਲ ਸਿੰਘ ਸਿੰਘਪੁਰਾ ਦੀ ਅਗਵਾਈ ਹੇਠ ਹਰ ਵਰ੍ਹੇ ਵਿਸ਼ਾਲ ਸਮਾਗਮ ਕਰਵਾਕੇ ਗਿਆਨੀ ਦਿੱਤ ਸਿੰਘ ਦੀ ਸਾਲਾਨਾ ਯਾਦ ਨੂੰ ਤਾਜ਼ਾ ਰੱਖਣ ਲਈ ਯਤਨ ਕੀਤੇ ਜਾ ਰਹੇ ਹਨ।

# ਡਿਜ਼ੀਟਲ ਭਰਮ ਤੋਂ ਮੁਕਤ ਹੋਣਾ

ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA






ਅੱਜਕੱਲ੍ਹ, ਹਰ ਸਵੇਰ, ਸੂਰਜ ਦੀਆਂ ਸੁਨਹਿਰੀ ਕਿਰਨਾਂ ਤੋਂ ਪਹਿਲਾਂ, ਸਕਰੀਨ ਦੀ ਨੀਲੀ ਰੌਸ਼ਨੀ ਸਾਡੇ ਚਿਹਰਿਆਂ ’ਤੇ ਪੈਂਦੀ ਹੈ। ਉਂਗਲਾਂ ਬਿਨਾਂ ਕਿਸੇ ਉਦੇਸ਼ ਦੇ ਸਕ੍ਰੌਲ ਕਰਦੀਆਂ ਹਨ ਅਤੇ ਰਾਤਾਂ ਸੂਚਨਾਵਾਂ ਦੇ ਹੜ੍ਹ ਵਿਚ ਡੁੱਬ ਜਾਂਦੀਆਂ ਹਨ। ਇਹ ਸਿਰਫ਼ ਇੱਕ ਆਦਤ ਨਹੀਂ ਹੈ, ਸਗੋਂ ਡਿਜ਼ੀਟਲ ਲਤ ਦਾ ਇੱਕ ਜਾਲ ਹੈ, ਜੋ ਹੌਲੀ-ਹੌਲੀ ਮਨ ਨੂੰ ਖੋਖਲਾ ਕਰ ਦਿੰਦਾ ਹੈ। ਅਸੀਂ ਤਕਨਾਲੋਜੀ ਦੀ ਤਾਕਤ ਨਾਲ ਦੁਨੀਆਂ ਨੂੰ ਆਪਣੇ ਹੱਥਾਂ ਵਿਚ ਲੈ ਲਿਆ, ਪਰ ਆਪਣੀ ਮਨ ਦੀ ਸ਼ਾਂਤੀ ਗੁਆ ਦਿੱਤੀ। ਫ਼ੋਨ ਅਣਗਿਣਤ ਐਪਸ, ਰੀਲਾਂ ਅਤੇ ਸੁਨੇਹਿਆਂ ਨਾਲ ਭਰੇ ਹੋਏ ਹਨ, ਪਰ ਦਿਮਾਗ? ਉਹ ਖਾਲੀ, ਬੇਚੈਨ ਅਤੇ ਇੱਕ ਅਜਿਹੀ ਇੱਛਾ ਨਾਲ ਭਰਿਆ ਹੋਇਆ ਹੈ, ਜੋ ਪਰਦੇ ਦੀ ਚਮਕ ਵਿਚ ਕਦੇ ਨਹੀਂ ਬੁਝਦੀ। ਇਸ ਡਿਜ਼ੀਟਲ ਹਨੇਰੇ ਵਿਚ, ਜੈਨ ਧਰਮ ਦਾ ਧਿਆਨ ਇੱਕ ਚਮਕਦੇ ਦੀਵੇ ਵਾਂਗ ਚਮਕਦਾ ਹੈ, ਜੋ ਸਾਨੂੰ ਨਾ ਸਿਰਫ਼ ਅੰਦਰੂਨੀ ਸ਼ਾਂਤੀ ਦਾ ਰਸਤਾ ਦਿਖਾਉਂਦਾ ਹੈ, ਸਗੋਂ ਸਾਨੂੰ ਸਾਡੇ ਅਸਲ ਸੁਭਾਅ ਨਾਲ ਵੀ ਜੋੜਦਾ ਹੈ। ਡਿਜ਼ੀਟਲ ਲਤ ਕੋਈ ਛੋਟੀ ਜਿਹੀ ਲਤ ਨਹੀਂ ਹੈ। ਇਹ ਸਿਰਫ਼ ਤਕਨਾਲੋਜੀ ਦੀ ਵਧੀਕੀ ਨਹੀਂ ਹੈ, ਸਗੋਂ ਮਨ ਅਤੇ ਆਤਮਾ ਦੇ ਡੂੰਘੇ ਖਾਲੀਪਣ ਦਾ ਸ਼ੀਸ਼ਾ ਹੈ। ਲੋਕ ਆਪਣੇ ਫ਼ੋਨ ਇਸ ਲਈ ਫੜੀ ਰੱਖਦੇ ਹਨ ਕਿਉਂਕਿ ਉਨ੍ਹਾਂ ਕੋਲ ਆਪਣੇ ਦਿਮਾਗ ਨੂੰ ਅਮੀਰ ਕਰਨ ਦਾ ਕੋਈ ਅਰਥਪੂਰਨ ਤਰੀਕਾ ਨਹੀਂ ਹੈ। ਇੰਟਰਨੈੱਟ ਮੀਡੀਆ ’ਤੇ ਲਾਈਕਸ ਦੀ ਭੁੱਖ, ਰੀਲਾਂ ਵਿਚ ਗੁਆਚ ਜਾਣਾ ਜਾਂ ਖੇਡਾਂ ਦੀ ਵਰਚੁਅਲ ਦੁਨੀਆਂ ਵਿਚ ਡੁੱਬ ਜਾਣਾ - ਇਹ ਸਭ ਉਸ ਅੰਦਰੂਨੀ ਉਥਲ-ਪੁਥਲ ਨੂੰ ਛੁਪਾਉਣ ਦੀਆਂ ਵਿਅਰਥ ਕੋਸ਼ਿਸ਼ਾਂ ਹਨ। ਜੈਨ ਧਰਮ ਦਾ ਅਪਰਿਗ੍ਰਹਿ ਸਿਧਾਂਤ ਡਿਜੀਟਲ ਲਤ ਤੋਂ ਆਜ਼ਾਦੀ ਲਈ ਇੱਕ ਵਿਹਾਰਕ ਅਤੇ ਡੂੰਘਾ ਰਸਤਾ ਪੇਸ਼ ਕਰਦਾ ਹੈ। ਅਪਰਿਗ੍ਰਹਿ ਸਿਰਫ਼ ਭੌਤਿਕ ਚੀਜ਼ਾਂ ਦਾ ਤਿਆਗ ਹੀ ਨਹੀਂ ਹੈ, ਸਗੋਂ ਮਨ ਦੀਆਂ ਅਤ੍ਰਿਪਤ ਇੱਛਾਵਾਂ ਦੀ ਪ੍ਰਵਿਰਤੀ ਨੂੰ ਕਾਬੂ ਕਰਨ ਦੀ ਕਲਾ ਵੀ ਹੈ। ਅੱਜ ਸਮਾਰਟਫੋਨ ਆਦਿ ਆਧੁਨਿਕ ਚੀਜ਼ਾਂ ਦੇ ਪ੍ਰਤੀਕ ਬਣ ਗਏ ਹਨ। ਸਾਡੀਆਂ ਲੋੜਾਂ ਸੀਮਤ ਹਨ, ਪਰ ਸਾਡੀਆਂ ਇੱਛਾਵਾਂ ਅਨੰਤ ਹਨ। ਹਰ ਅੱਪਡੇਟ ਸਾਨੂੰ ਡਿਜ਼ੀਟਲ ਵੌਰਟੈਕਸ ਵਿਚ ਹੋਰ ਡੂੰਘਾਈ ਨਾਲ ਲੈ ਜਾਂਦਾ ਹੈ। ਅਪਰਿਗ੍ਰਹਿ ਸਾਨੂੰ ਤਕਨਾਲੋਜੀ ਦੀ ਵਰਤੋਂ ਸੰਜਮ ਅਤੇ ਸਮਝਦਾਰੀ ਨਾਲ ਕਰਨਾ ਸਿਖਾਉਂਦਾ ਹੈ। ਜੈਨ ਪ੍ਰੰਪਰਾ ਵਿਚ, ਚੁੱਪ ਰਹਿਣ ਅਤੇ ਸਵੈ-ਅਧਿਐਨ ਦਾ ਅਭਿਆਸ ਡਿਜ਼ੀਟਲ ਲਤ ਤੋਂ ਛੁਟਕਾਰਾ ਪਾਉਣ ਲਈ ਇੱਕ ਸ਼ਕਤੀਸ਼ਾਲੀ ਦਵਾਈ ਹੈ। ਚੁੱਪ ਵਿਚ ਇੱਕ ਵਿਅਕਤੀ ਆਪਣੇ ਵਿਚਾਰਾਂ ਦਾ ਗਵਾਹ ਬਣ ਜਾਂਦਾ ਹੈ, ਉਨ੍ਹਾਂ ਨੂੰ ਡੂੰਘਾਈ ਨਾਲ ਸਮਝਦਾ ਹੈ ਅਤੇ ਹੌਲੀ-ਹੌਲੀ ਉਨ੍ਹਾਂ ਉੱਤੇ ਕਾਬੂ ਪਾ ਲੈਂਦਾ ਹੈ। ਸਵੈ-ਅਧਿਐਨ ਰਾਹੀਂ ਆਤਮਾ ਅਤੇ ਕਿਰਿਆਵਾਂ ਵਿਚਕਾਰ ਸੂਖਮ ਸਬੰਧਾਂ ਦੀ ਪੜਚੋਲ ਕਰਨਾ ਵਿਅਕਤੀ ਨੂੰ ਉਸਦੇ ਅੰਦਰੂਨੀ ਸਵਰੂਪ ਦੀਆਂ ਡੂੰਘਾਈਆਂ ਤੱਕ ਲੈ ਜਾਂਦਾ ਹੈ। ਅੱਜ ਦੀ ਨੌਜਵਾਨ ਪੀੜ੍ਹੀ ਲਈ, ਜੋ ਕਿ ਡਿਜ਼ੀਟਲ ਵੈੱਬ ਵਿਚ ਸਭ ਤੋਂ ਵੱਧ ਉਲਝੀ ਹੋਈ ਹੈ, ਇਹ ਔਜ਼ਾਰ ਨਾ ਸਿਰਫ਼ ਲਾਭਦਾਇਕ ਹਨ, ਸਗੋਂ ਲਾਜ਼ਮੀ ਵੀ ਹਨ। ਅੱਜ ਦਾ ਯੁੱਗ ਡਿਜ਼ੀਟਲ ਡੀਟੌਕਸ ਤੋਂ ਪਰੇ ਅਧਿਆਤਮਿਕ ਸ਼ੁੱਧੀਕਰਨ ਦੀ ਮੰਗ ਕਰਦਾ ਹੈ। ਇਸ ਲਈ, ਕੁਝ ਸਾਧਾਰਨ ਪਰ ਸ਼ਕਤੀਸ਼ਾਲੀ ਕਦਮ ਜ਼ਿੰਦਗੀ ਨੂੰ ਬਦਲ ਸਕਦੇ ਹਨ। ਹਰ ਰੋਜ਼ 20 ਮਿੰਟ ਦਾ ਨਿਯਮਤ ਅਭਿਆਸ ਮਨ ਨੂੰ ਡੂੰਘੀ ਸਥਿਰਤਾ ਅਤੇ ਸਪੱਸ਼ਟਤਾ ਪ੍ਰਦਾਨ ਕਰਦਾ ਹੈ। ਹਫ਼ਤੇ ਵਿਚ

# ਜਸਵਿੰਦਰ ਪੰਜਾਬੀ ਦੀਆਂ 'ਮੁਰਗਾਬੀਆਂ' ਭਾਗ-2 (ਡਬਲ ਧਮਾਕਾ) ਸ਼ੋਸ਼ਣ ਦਾ ਪਰਵਾਨਾ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA




ਜਸਵਿੰਦਰ ਪੰਜਾਬੀ ਜੋ ਵੀ ਲਿਖਦਾ ਹੈ, ਬੇਬਾਕੀ ਨਾਲ ਲਿਖਕੇ ਸਮਾਜ ਵਿਚ ਅਜਿਹੀ ਚਰਚਾ ਛੇੜ ਦਿੰਦਾ ਹੈ, ਜਿਹੜੀ ਸਮਾਜਿਕ ਤਾਣੇ-ਬਾਣੇ ਦੀਆਂ ਵਿਸੰਗਤੀਆਂ ਦਾ ਪਰਦਾਫਾਸ਼ ਕਰਕੇ ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਔਰਤਾਂ ਦੇ ਸ਼ੋਸ਼ਣਕਾਰਾਂ ਨੂੰ ਲੋਕਾਂ ਦੇ ਕਟਹਿਰੇ ਵਿਚ ਖੜ੍ਹਾ ਕਰ ਦਿੰਦਾ ਹੈ। ਉਸਦੀਆਂ ਦਸ ਸਾਹਿਤ ਦੇ ਵੱਖ-ਵੱਖ ਰੂਪਾਂ ਦੀਆਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ ਦੋ ਪੁਸਤਕਾਂ ਪ੍ਰਕਾਸ਼ਨਾ ਅਧੀਨ ਹਨ। ਉਸਦਾ ਨਾਵਲ 'ਮੁਰਗਾਬੀਆਂ' ਪਹਿਲਾਂ ਪ੍ਰਕਾਸ਼ਤ ਹੋਇਆ ਸੀ। ਇਸ ਵਿਚ ਕੁਝ ਤਬਦੀਲੀਆਂ ਅਤੇ ਵਾਧਾ ਕਰਕੇ 'ਮੁਰਗਾਬੀਆਂ' ਭਾਗ-2 (ਡਬਲ ਧਮਾਕਾ) ਹੁਣ ਪ੍ਰਕਾਸ਼ਤ ਕੀਤਾ ਹੈ। ਪਹਿਲੇ ਪ੍ਰਕਾਸ਼ਤ ਨਾਵਲ 'ਮੁਰਗਾਬੀਆਂ' ਉਪਰ ਇੱਕ ਵੈੱਬ ਸੀਰੀਜ ਬਣ ਚੁੱਕੀ ਹੈ, ਜਿਸਨੂੰ ਸੁਚੇਤ ਤੇ ਚੇਤੰਨ ਲੋਕਾਂ ਨੇ ਬਹੁਤ ਹੀ ਪਸੰਦ ਕੀਤਾ ਹੈ, ਉਸ ਸੀਰੀਜ਼ ਨੇ ਸਾਹਿਤਕ ਖੇਤਰ ਵਿਚ ਬਹੁਤ ਜ਼ਿਆਦਾ ਹਲਚਲ ਪੈਦਾ ਕੀਤੀ ਹੈ। ਪੜਚੋਲ ਅਧੀਨ 'ਮੁਰਗਾਬੀਆਂ' ਭਾਗ-2 ਵੀ ਧਮਾਕਾ ਕਰਨ ਦੀ ਸਮਰੱਥਾ ਰੱਖਦਾ ਹੈ। ਇਹ ਨਾਵਲ ਬਹੁ-ਦਿਸ਼ਾਵੀ, ਬਹੁ-ਵਿਧਾਵੀ ਤੇ ਬਹੁ-ਮੰਤਵੀ ਹੈ। ਨਾਵਲ ਵਿਚ ਕਈ ਮਹੱਤਵਪੂਰਨ ਵਿਸ਼ਿਆਂ ਨੂੰ ਲੈ ਕੇ ਬਹੁਤ ਹੀ ਨੀਝ ਨਾਲ ਉਨ੍ਹਾਂ ਖੇਤਰਾਂ ਵਿਚ ਹੋ ਰਹੀਆਂ ਚਾਲਾਂ, ਢੌਂਗ, ਧੋਖੇ, ਕਿਰਦਾਰਕੁਸ਼ੀਆਂ, ਨੈਤਿਕ ਅਤੇ ਅਨੈਤਿਕ ਕਾਰਵਾਈਆਂ ਦੀ ਦ੍ਰਿਸ਼ਟਾਂਤਿਕ ਰੂਪ ਨਾਲ ਵਿਆਖਿਆ ਕੀਤੀ ਗਈ ਹੈ, ਜੋ ਸੱਚਾਈ ਦੇ ਨੇੜੇ-ਤੇੜੇ ਮਹਿਸੂਸ ਹੁੰਦੀ ਹੈ। ਨਾਵਲ ਪੜ੍ਹਦਿਆਂ ਮਹਿਸੂਸ ਹੁੰਦਾ ਹੈ, ਜਿਵੇਂ ਸਾਰਾ ਕੁਝ ਪਾਠਕ ਦੇ ਸਾਹਮਣੇ ਵਾਪਰ ਰਿਹਾ ਹੈ। ਭਾਵੇਂ ਜਸਵਿੰਦਰ ਪੰਜਾਬੀ ਨੇ ਸਾਰੇ ਵਿਸ਼ਿਆਂ ਬਾਰੇ ਸਾਰਥਿਕ ਜਾਣਕਾਰੀ ਪ੍ਰਦਾਨ ਕੀਤੀ ਹੈ, ਪ੍ਰੰਤੂ ਪੰਜਾਬੀ ਦੇ ਕੁਝ ਸਾਹਿਤਕਾਰਾਂ, ਕਮਿਊਨਿਸਟ ਪਾਰਟੀ ਦੇ ਅਹੁਦੇਦਾਰਾਂ, ਕਾਰਕੁੰਨਾਂ ਵੱਲੋਂ ਸਾਹਿਤਕ ਸੰਸਥਾਵਾਂ ਅਤੇ ਪਾਰਟੀ ਦਫ਼ਤਰਾਂ ਦੀ ਆੜ ਵਿਚ ਇਸਤਰੀਆਂ ਦੇ ਸ਼ੋਸ਼ਣ ਕਰਨ ਦੇ ਢੰਗ-ਤਰੀਕਿਆਂ ਦਾ ਵਿਸਥਾਰਪੂਰਵਕ ਵਰਣਨ ਕੀਤਾ ਹੈ। ਸਾਰੇ ਸਾਹਿਤਕਾਰਾਂ ਅਤੇ ਸਾਹਿਤਕ ਸੰਸਥਾਵਾਂ/ ਸਭਾਵਾਂ/ ਸਿਆਸੀ ਪਾਰਟੀਆਂ ਨੂੰ ਇੱਕੋ ਰੱਸੇ ਨਾਲ ਨਹੀਂ ਬੰਨ੍ਹਿਆਂ ਜਾ ਸਕਦਾ, ਪ੍ਰੰਤੂ ਕੁਝ ਕਾਲੀਆਂ ਭੇਡਾਂ ਸਾਰੇ ਭਾਈਚਾਰੇ ਨੂੰ ਬਦਨਾਮ ਕਰ ਦਿੰਦੀਆਂ ਹਨ। ਜਸਵਿੰਦਰ ਪੰਜਾਬੀ ਨੇ ਉਨ੍ਹਾਂ ਕਾਲੀਆਂ ਭੇਡਾਂ ਦਾ ਪਰਦਾਫਾਸ਼ ਕੀਤਾ ਹੈ, ਉਹ ਕਿਵੇਂ ਨਵੀਂਆਂ ਉਭਰ ਰਹੀਆਂ ਇਸਤਰੀ ਸਾਹਿਤਕਾਰਾਂ/ਪਾਰਟੀ ਦਫ਼ਤਰਾਂ ਵਿਚ ਕੰਮ ਕਰਨ ਵਾਲੀਆਂ ਲੜਕੀਆਂ ਖਾਸ ਤੌਰ 'ਤੇ ਕਵਿਤਰੀਆਂ ਨੂੰ ਇਨਾਮ ਸਨਮਾਨ ਦਿਵਾਉਣ ਦੇ ਸ਼ਰਮਨਾਕ ਗ਼ੈਰਕਾਨੂੰਨੀ ਢੰਗ ਨਾਲ ਆਪਣੇ ਚੱਕਰ ਵਿਚ ਫ਼ੁਸਲਾਕੇ ਉਨ੍ਹਾਂ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਕਰਦੇ ਹਨ। ਉਸਨੇ ਨਾਵਲ ਦੇ ਜਿਹੜੇ ਚੈਪਟਰ ਬਣਾਏ ਹਨ, ਉਨ੍ਹਾਂ ਦੇ ਸਿਰਲੇਖ ਵੀ ਉਸ ਚੈਪਟਰ ਦੀ ਜਾਣਕਾਰੀ ਦੇ ਦਿੰਦੇ ਹਨ, ਪ੍ਰੰਤੂ ਚੈਪਟਰ ਦੇ ਨਾਲ ਉਨ੍ਹਾਂ ਦੀ ਗਿਣਤੀ ਨਹੀਂ ਲਿਖੀ, ਸਿਰਫ਼ 'ਕਾਂਡ' ਲਿਖਕੇ ਹੇਠਾਂ ਸਿਰਲੇਖ ਦੇ ਦਿੱਤਾ ਹੈ। ਇਹ ਕਾਂਡ ਲਿਖਣਾ ਵੀ ਸਿੰਬਾਲਿਕ ਹੈ, ਭਾਵ ਇਨ੍ਹਾਂ ਵਿਚ ਕੀਤੀਆਂ ਵਿਸੰਗਤੀਆਂ ਹੀ ਕਾਂਡ ਹਨ। ਨਾਵਲ ਵਿਚ ਦੋ ਕਹਾਣੀਆਂ ਬਰਾਬਰ ਚਲਦੀਆਂ ਹਨ। ਇੱਕ ਕਹਾਣੀ ਰਮਿੰਦਰਜੀਤ ਕੌਰ ਰਮਨ ਤੇ ਅਰਪਨਾ ਦੇ ਆਲੇ-ਦੁਆਲੇ ਘੁੰਮਦੀ ਹੈ, ਜਿਸਦਾ ਕਈ ਵਿਅਕਤੀਆਂ ਨੇ ਸਰੀਰਕ ਸ਼ੋਸ਼ਣ ਕੀਤਾ ਹੈ। ਮੁਰਗਾਬੀਆਂ ਭਾਗ-2 ਵਿਚ ਰਮਨ ਦੇ ਪਾਤਰ ਬਾਰੇ ਪਹਿਲਾਂ ਨਾਲੋਂ ਤਬਦੀਲੀ ਕੀਤੀ ਗਈ ਹੈ, ਰਮਨ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਕਰਦੀ ਹੈ, ਪ੍ਰੰਤੂ ਜੀਵਨ ਵਾਰਸ ਉਸਨੂੰ ਬਚਾਉਣ ਲਈ ਮਸੀਹਾ ਬਣਕੇ ਆਉਂਦਾ ਹੈ। ਇਸ ਨਾਵਲ ਵਿਚ ਰਮਨ ਨੂੰ ਆਤਮ ਹੱਤਿਆ ਦੀ ਕੋਸ਼ਿਸ਼ ਤੋਂ ਬਾਅਦ ਜਿਉਂਦਾ ਦਰਸਾਕੇ ਆਤਮ ਹੱਤਿਆ ਦੀ ਪ੍ਰਵਿਰਤੀ ਦੀ ਇੱਕ ਕਿਸਮ ਨਾਲ ਨਿੰਦਿਆ ਕੀਤੀ ਗਈ ਹੈ। ਇਸ ਤੋਂ ਇਲਾਵਾ ਉਹ ਇਤਨਾ ਸੁਧਰ ਜਾਂਦੀ ਵਿਖਾਇਆ ਹੈ ਕਿ ਉਹ ਲੋਕ ਭਲਾਈ ਅਤੇ ਔਰਤਾਂ ਦੇ ਸ਼ੋਸ਼ਣ ਦੇ ਵਿਰੁੱਧ ਆਵਾਜ਼ ਬੁਲੰਦ ਕਰਨ ਲੱਗ ਜਾਂਦੀ ਹੈ। ਰਾਮਿੰਦਰਜੀਤ ਕੌਰ ਨੂੰ ਵੀ ਆਦਰਸ਼ਕ ਬਣਾਕੇ ਪੇਸ਼ ਕੀਤਾ ਹੈ, ਜਿਹੜੀ ਆਪਣੀਆਂ ਭੁੱਲਾਂ ਤੇ ਗ਼ਲਤੀਆਂ ਦਾ ਪਛਤਾਵਾ ਕਰਕੇ, ਇਸ ਖੇਤਰ ਦੀਆਂ ਪ੍ਰਭਾਵਤ ਲੜਕੀਆਂ ਲਈ ਮਸੀਹਾ ਬਣਕੇ ਉਭਰਦੀ ਹੈ। ਬਿਲਕੁਲ ਏਸੇ ਤਰ੍ਹਾਂ ਜਿਹੜੇ ਵਿਅਕਤੀ ਰਾਮਿੰਦਰਜੀਤ, ਕਿਰਨ ਜੋਤ, ਮਨਵੀਰ ਕੌਰ ਸੰਧੂ (ਤਰਨ ਸੰਧੂ) ਤੇ ਗੁਰਵੀਨ ਦਾ ਸਰੀਰਕ ਸ਼ੋਸ਼ਣ ਕਰਦੇ ਹਨ, ਖਾਸ ਤੌਰ 'ਤੇ ਦਵਿੰਦਰ ਸਿੰਘ ਪਰਵਾਨਾ, ਬਹਾਦਰ ਸਿੰਘ ਸਿੱਧੂ, ਪ੍ਰੀਤਮ ਦਰਦੀ , ਗੁਰਿੰਦਰ ਪਾਲ ਜਖ਼ਮੀ, ਪ੍ਰੋਫ਼ੈਸਰ ਗੁਰਮੇਲ ਸਿੰਘ, ਵਿਕਰਮ, ਬਲਵਿੰਦਰ, ਤਰਵਿੰਦਰ ਅਲੌਕਿਕ ਆਦਿ ਵੀ ਪਛਤਾਵਾ ਕਰਦੇ ਹਨ। ਇੱਕ ਕਿਸਮ ਨਾਲ ਸੁਧਰਨ ਦਾ ਸੋਚਦੇ ਹਨ। ਇਸਦੀ ਕਹਾਣੀ ਦੇ ਨਾਲ ਹੀ ਜੀਵਨ ਵਾਰਸੀ ਅਤੇ ਗੁਰਕੀਰਤ ਕੌਰ ਦੇ ਪਿਆਰ ਦੀ ਕਹਾਣੀ ਚਲਦੀ ਹੈ, ਜੋ ਉਸਾਰੂ ਸੋਚ ਦੀ ਲਖਾਇਕ ਹੈ। ਜੀਵਨ ਵਾਰਸੀ ਅਤੇ ਗੁਰਕੀਰਤ ਕੌਰ ਦਾ ਪਿਆਰ ਝੱਖੜ ਝੌਲੇ ਖਾਂਦਾ ਅਖ਼ੀਰ ਸਿਰੇ ਚੜ੍ਹਦਾ ਹੈ ਤੇ ਗੁਰਕੀਰਤ ਕੌਰ ਦਾ ਪਾਤਰ ਆਦਰਸ਼ਕ ਬਣਾਕੇ ਵਧੀਆ ਸੰਦੇਸ਼ ਦਿੰਦਾ ਹੈ। ਉਹ ਜੀਵਨ ਵਾਰਸੀ ਦੇ ਭਰਾ ਜਗਬੀਰ ਨੂੰ ਜੇਲ੍ਹ ਵਿਚੋਂ ਵਧੀਆ ਵਕੀਲ ਕਰਕੇ ਛੁਡਾਉਂਦੀ ਹੈ ਤੇ ਜ਼ਿੰਦਗੀ ਵਿਚ ਸੈਟਲ ਹੋਣ ਲਈ ਉਸਦੀ ਆਰਥਿਕ ਮਦਦ ਕਰਕੇ ਡੇਅਰੀ ਫਾਰਮ ਖੁਲ੍ਹਵਾਉਂਦੀ ਹੈ। ਰਮਨ, ਗੁਰਵੀਨ ਕੌਰ, ਕਿਰਨ ਜੋਤ, ਤਰਨ ਸੰਧੂ ਅਤੇ ਹੋਰ ਕਵਿਤਰੀਆਂ ਨਾਲ ਵੀ ਸਾਹਿਤਕ ਮੰਚਾਂ ਦੇ ਰੂਹੇ ਰਵਾਂ ਮਨਮਰਜ਼ੀ ਕਰਕੇ ਅਨੈਤਿਕ ਕੰਮ ਕਰਦੇ ਹਨ। ਇਹ ਸਾਰਾ ਕੁਝ ਵਿਖਾਉਣਾ ਕੁਝ ਸਾਹਿਤਕ ਸਭਾਵਾਂ ਵਿਚ ਚੱਲ ਰਹੇ ਇਸਤਰੀਆਂ ਦੇ ਸ਼ੋਸ਼ਣ ਦੇ ਚਿੱਠਿਆਂ ਨੂੰ ਜੱਗ ਜ਼ਾਹਰ ਕਰਦਾ ਹੈ। ਇਸ ਵਿਚੋਂ ਇਹ ਵੀ ਸਾਫ਼ ਜ਼ਾਹਰ ਹੁੰਦਾ ਹੈ ਕਿ ਉਨ੍ਹਾਂ ਦੇ ਸ਼ੋਸ਼ਣ ਦੇ ਇਕੱਲੇ ਮਰਦ ਹੀ ਨਹੀਂ, ਸਗੋਂ ਔਰਤਾਂ ਵੀ ਬਰਾਬਰ ਦੀਆਂ ਜ਼ਿੰਮੇਵਾਰ ਹੁੰਦੀਆਂ ਹਨ।

ਨਾਵਲ ਦੇ ਬਾਕੀ ਵਿਸ਼ੇ ਜਿਨ੍ਹਾਂ ਵਿਚ ਕਿਸਾਨਾ ਦੀ ਜੱਦੋ-ਜਹਿਦ ਵਾਲੀ ਜ਼ਿੰਦਗੀ, ਜ਼ਾਤ-ਪਾਤ, ਕਰਜ਼ੇ, ਖੁਦਕਸ਼ੀਆਂ, ਡੇਰਾਵਾਦ, ਪੰਜਾਬ ਦਾ 80ਵਿਆਂ ਦਾ ਸੰਤਾਪ, ਕਾਮਰੇਡ ਸੁਲੱਖਣ ਸਿੰਘ ਦਾ ਕਤਲ, ਮਹਿੰਦਰ ਤੇ ਚਰਨਜੀਤ ਕੌਰ ਦਾ ਪਿਆਰ ਵਿਆਹ, ਇਸ਼ਕ ਜ਼ਾਤ ਬਿਰਾਦਰੀ ਦੇ ਬੰਧਨਾ ਨੂੰ ਤੋੜਕੇ ਸਿਰੇ ਚੜ੍ਹਨਾ, ਜਗਬੀਰ ਵੱਲੋਂ ਆਪਣੀ ਭੈਣ ਮਨਪ੍ਰੀਤ ਦਾ ਦੂਜੀ ਜ਼ਾਤ ਦੇ ਮੁੰਡੇ ਨਾਲ ਰਹਿਣਾ ਕਰਕੇ ਕਤਲ ਕਰਨਾ ਤੇ ਫਿਰ ਜਗਬੀਰ ਦਾ ਜੇਲ੍ਹ ਤੋਂ ਬਾਹਰ ਆ ਕੇ ਸੁਧਰਨਾ ਅਤੇ ਜਸਵੀਰ ਦਾ ਆਪਣੀ ਮਾਂ ਦੇ ਕਤਲ ਦਾ ਬਦਲਾ ਆਪਣੇ ਮਾਮੇ ਜਗਬੀਰ ਅਤੇ ਗੁਰਕੀਰਤ ਕੌਰ ਮਾਮੀ ਦਾ ਕਤਲ ਕਰਕੇ ਲੈਣਾ ਦਿਹਾਤੀ ਲੋਕਾਂ ਵਿਚ ਆਮ ਪ੍ਰਚਲਤ ਹੈ। ਇੱਕ ਪਾਸੇ ਜਗਬੀਰ ਆਪਣੀ ਭੈਣ ਨੂੰ ਦੂਜੀ ਜ਼ਾਤ ਵਿਚ ਵਿਆਹ ਕਰਨ ਕਰਕੇ ਕਤਲ ਕਰਦਾ ਹੈ ਤੇ ਫਿਰ ਆਪ ਦੂਜੀ ਰਾਮਦਾਸੀਆ ਜ਼ਾਤ ਦੀ ਇਸਤਰੀ ਤਲਾਕਸ਼ੁਦਾ ਸਤਵਿੰਦਰ ਕੌਰ ਨਾਲ ਵਿਆਹ ਕਰਵਾਉਣਾ ਵੀ ਪਛਤਾਪ ਹੀ ਹੈ।

ਕਮਿਊਨਿਸਟ ਪਾਰਟੀ ਦਫ਼ਤਰਾਂ ਵਿਚ ਸ਼ੋਸ਼ਣ, ਬਲਾਤਕਾਰ ਦੀਆਂ ਘਟਨਾਵਾਂ, ਵੱਡੇ ਬੰਦਿਆਂ ਵੱਲੋਂ ਗ਼ਰੀਬ ਇਸਤਰੀਆਂ ਦਾ ਸ਼ੋਸ਼ਣ, ਡਾ. ਹਰਿੰਦਰ ਸਿੰਘ ਗੁਰਬੇਟਾ ਵਰਗੇ ਦਲਾਲਾਂ ਦੇ ਕੰਮ, ਪੁਲਿਸ ਦੀ ਕਾਰਗੁਜ਼ਾਰੀ ਅਤੇ ਜੇਲ੍ਹਾਂ ਦਾ ਜੀਵਨ ਆਦਿ ਵੀ ਬਹੁਤ ਹੀ ਮਹੱਤਵਪੂਰਨ ਹਨ, ਕਿਉਂਕਿ ਇਹ ਵਿਸ਼ੇ ਪੰਜਾਬ ਦੀ ਲੜਖੜਾ ਰਹੀ ਸਥਿਤੀ ਦਾ ਪ੍ਰਤੀਕ ਬਣਕੇ ਨਿਕਲਦੇ ਹਨ। ਜੀਵਨ ਵਾਰਸੀ ਤੇ ਗੁਰਕੀਰਤ ਕੌਰ ਦੇ ਪਿਆਰ ਵਿਚ ਜ਼ਾਤ-ਪਾਤ ਦੀ ਅੜਿਚਣ ਤੇ ਸਮਾਜਿਕ ਤਾਣੇ-ਬਾਣੇ ਦੀ ਤਸਵੀਰ ਪੇਸ਼ ਕਰਦੇ ਹਨ। ਪਿੰਡਾਂ ਦੇ ਗੁਰਦੀਪ ਸਿੰਘ ਵਰਗੇ ਮੁੰਡਿਆਂ ਦਾ ਵਿਗੜ ਜਾਣ ਤੋਂ ਬਾਅਦ ਨੀਵੀਂ ਜ਼ਾਤ ਦੀ ਲੜਕੀ ਨਾਲ ਬਲਾਤਕਾਰ ਕਰਨਾ ਅਤੇ ਦੁਬਾਰਾ ਅਰਪਨਾ ਦਾ ਸ਼ੋਸ਼ਣ ਕਰਕੇ ਗ਼ੈਰ ਇਖਲਾਕੀ ਕਾਰਵਾਈਆਂ ਕਰਕੇ ਜ਼ਬਰਦਸਤੀ ਵਿਆਹ ਕਰਨਾ ਸਮਾਜਿਕ ਸਥਿਤੀ ਦਾ ਪ੍ਰਗਟਾਵਾ ਹੈ। ਅਖੌਤੀ ਡਾ. ਹਰਿੰਦਰ ਸਿੰਘ ਗੁਰਬੇਟਾ ਦੀ ਦਲਾਲੀ ਅਤੇ ਅਨੁਸੂਚਿਤ ਜ਼ਾਤਾਂ ਦੇ ਗ਼ਰੀਬ ਲੋਕਾਂ ਦੀ ਮਦਦ ਦੇ ਨਾਮ 'ਤੇ ਠੱਗੀਆਂ ਮਾਰਨਾ, ਬਲਬੀਰ ਤੇ ਸਨੇਹ ਲਤਾ ਸ਼ਰਮਾ ਵਰਗੇ ਅਧਿਆਪਕਾਂ ਦਾ ਵਿਦਿਅਕ ਅਦਾਰਿਆਂ ਵਿਚਲੀ ਕਰਤੂਤ ਦਾ ਪਰਦਾ ਚੁੱਕਣਾ, ਚਰਨਜੀਤ ਕੌਰ ਤੇ ਡਾ. ਸਤਿਆ ਵਰਗੀਆਂ ਔਰਤਾਂ ਵੱਲੋਂ ਔਰਤਾਂ ਦੇ ਸ਼ੋਸ਼ਣ ਵਿਚ ਸ਼ਾਮਲ ਹੋਣਾ, ਔਰਤ ਜ਼ਾਤੀ 'ਤੇ ਧੱਬਾ ਹਨ। ਖ਼ੁਸ਼ਵਿੰਦਰ ਕੌਰ ਸਿੱਧੂ ਦਾ ਪੁਲਿਸ ਅਧਿਕਾਰੀ ਬਣਕੇ ਮਹਿੰਦਰ ਸਿੰਘ ਦੀ ਕਾਮਰੇਡੀ ਦੇ ਵਿਖਾਵੇ ਦਾ ਪਰਦਾ ਖੋਲ੍ਹਕੇ ਸ਼ਰਮਿੰਦਾ ਕਰਨਾ ਇਸਤਰੀਆਂ ਦੇ ਮਾਨਸਿਕ ਸ਼ੋਸ਼ਣ ਦਾ ਨਮੂਨਾ ਹੈ। ਪਵਨ ਪ੍ਰੀਤ ਤੇ ਪਿਆਰਾ ਸਿੰਘ ਵਰਗੇ ਮਨਵੀਰ ਸੰਧੂ ਅਤੇ ਮਾਣੋ ਵਰਗੀਆਂ ਔਰਤਾਂ ਨੂੰ ਭੈਣਾਂ ਬਣਾਕੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਤੇ ਭੈਣ ਦੇ ਪਵਿੱਤਰ ਰਿਸ਼ਤੇ ਨੂੰ ਬਦਨਾਮ ਕਰਨ ਵਾਲਿਆਂ ਦੀਆਂ ਕਰਤੂਤਾਂ ਨੰਗੀਆਂ ਕੀਤੀਆਂ ਹਨ। ਡੇਰਿਆਂ ਵਾਲਿਆਂ ਦੀਆਂ ਵੋਟਾਂ ਬਟੋਰਨ ਲਈ ਸਿਆਸੀ ਆੜ ਵਿਚ ਗ਼ਲਤ ਕੰਮ ਕਰਦੇ ਹਨ ਤੇ ਡੇਰਿਆਂ ਵਾਲਿਆਂ ਦੇ ਪਰਿਵਾਰ ਆਪਣੇ ਬੱਚਿਆਂ ਦੀਆਂ ਭਾਵਨਾਵਾਂ ਨੂੰ ਵੀ ਦਾਅ 'ਤੇ ਲਾ ਦਿੰਦੇ ਹਨ, ਜਿਵੇਂ ਰਾਮਿੰਦਰਜੀਤ ਕੌਰ ਦਾ ਵਿਕਰਮ ਨਾਲ ਵਿਆਹ ਕਰਵਾ ਦਿੱਤਾ ਜਾਂਦਾ ਹੈ। ਐਕਸੀਡੈਂਟਾਂ ਸਮੇਂ ਰਾਹਗੀਰ ਉਨ੍ਹਾਂ ਦੀ ਮਦਦ ਕਰਨ ਦੀ ਥਾਂ ਮੂਵੀਆਂ ਬਣਾਉਂਦੇ ਰਹਿੰਦੇ ਹਨ। ਇਨਸਾਨੀਅਤ ਦੀ ਗਿਰਾਵਟ ਦੀ ਨਿਸ਼ਾਨੀ ਹੈ। ਕੁਲ ਮਿਲਾਕੇ 'ਮੁਰਗਾਬੀਆਂ' ਭਾਗ-2 (ਡਬਲ ਧਮਾਕਾ) ਪਹਿਲੇ ਐਡੀਸ਼ਨ ਨਾਲੋਂ ਬਿਹਤਰੀਨ ਉਦਮ ਹੈ।




**ਪੜਚੋਲ ਅਧੀਨ 'ਮੁਰਗਾਬੀਆਂ' ਭਾਗ-2 ਵੀ ਧਮਾਕਾ ਕਰਨ ਦੀ ਸਮਰੱਥਾ ਰੱਖਦਾ ਹੈ। ਇਹ ਨਾਵਲ ਬਹੁ-ਦਿਸ਼ਾਵੀ, ਬਹੁ-ਵਿਧਾਵੀ ਤੇ ਬਹੁ-ਮੰਤਵੀ ਹੈ। ਨਾਵਲ ਵਿਚ ਕਈ ਮਹੱਤਵਪੂਰਨ ਵਿਸ਼ਿਆਂ ਨੂੰ ਲੈ ਕੇ ਬਹੁਤ ਹੀ ਨੀਝ ਨਾਲ ਉਨ੍ਹਾਂ ਖੇਤਰਾਂ ਵਿਚ ਹੋ ਰਹੀਆਂ ਚਾਲਾਂ, ਢੌਂਗ, ਧੋਖੇ, ਕਿਰਦਾਰਕੁਸ਼ੀਆਂ, ਨੈਤਿਕ ਅਤੇ ਅਨੈਤਿਕ ਕਾਰਵਾਈਆਂ ਦੀ ਦ੍ਰਿਸ਼ਟਾਂਤਿਕ ਰੂਪ ਨਾਲ ਵਿਆਖਿਆ ਕੀਤੀ ਗਈ ਹੈ, ਜੋ ਸੱਚਾਈ ਦੇ ਨੇੜੇ-ਤੇੜੇ ਮਹਿਸੂਸ ਹੁੰਦੀ ਹੈ।**

**244 ਪੰਨਿਆਂ, 300 ਰੁਪਏ ਕੀਮਤ ਵਾਲੀ ਇਹ ਪੁਸਤਕ ਜੇ.ਪੀ. ਪਬਲੀਕੇਸ਼ਨ ਘਲੌੜੀ ਗੇਟ, ਪਟਿਆਲਾ ਨੇ ਪ੍ਰਕਾਸ਼ਤ ਕੀਤੀ ਹੈ। ਸੰਪਰਕ : ਜਸਵਿੰਦਰ ਪੰਜਾਬੀ : 9781414118**

ਸਬ ਲੈਫਟੀਨੈਂਟ ਡਾ. ਸਰਬਜੀਤ ਸਿੰਘ
ਐਸੋਸੀਏਟ ਐੱਨ.ਸੀ.ਸੀ. ਅਫਸਰ, ਨੇਵੀ ਵਿੰਗ, ਖਾਲਸਾ ਕਾਲਜ ਪਟਿਆਲਾ
94176-26925

ਪੰਜਾਬ ਮੇਲ USA

# ਅੰਤਰਰਾਸ਼ਟਰੀ ਸਿਰਜਣਾਤਮਿਕ ਅਤੇ ਨਵੀਨਤਾ ਦਿਵਸ

ਆਧੁਨਿਕ ਸਮੇਂ ਵਿਚ ਪੂਰਾ ਵਿਸ਼ਵ ਆਧੁਨਿਕ ਸਾਜੋ-ਸਮਾਨ ਅਤੇ ਤਕਨੀਕ ਦੇ ਸਹਾਰੇ ਨਾਲ ਇੱਕ ਗਲੋਬਲੀ ਪਿੰਡ ਬਣ ਚੁੱਕਾ ਹੈ। ਵਿਸ਼ਵ ਦੇ ਕਿਸੇ ਵੀ ਕੋਨੇ ਵਿਚ ਕੋਈ ਨਵੀਂ ਖੋਜ ਜਦੋਂ ਹੁੰਦੀ ਹੈ, ਤਾਂ ਪੂਰੇ ਵਿਸ਼ਵ ਵਿਚ ਉਸਦਾ ਫੈਲਾਅ ਹੁੰਦਾ ਹੈ। ਵੱਖ-ਵੱਖ ਦੇਸ਼ਾਂ ਵਿਚ ਬੈਠੇ ਉਹ ਮਨੁੱਖ ਜੋ ਕੁਝ ਨਵੇਂ ਪ੍ਰਯੋਗ ਕਰਕੇ ਅੱਗੇ ਵੱਧ ਰਹੇ ਹਨ, ਚਾਹੇ ਉਨ੍ਹਾਂ ਪ੍ਰਯੋਗਾਂ ਦੇ ਪਿੱਛੇ ਉਨ੍ਹਾਂ ਦੀ ਬਹੁਤ ਵੱਡੀ ਮਿਹਨਤ ਹੁੰਦੀ ਹੈ ਪਰ ਜਦੋਂ ਉਹ ਪ੍ਰਯੋਗ ਲੋਕਾਂ ਨੇ ਸਾਹਮਣੇ ਆਉਂਦੇ ਹਨ, ਤਾਂ ਪ੍ਰਚਲਿਤ ਕੰਮ ਧੰਦਿਆਂ ਵਿਚ ਨਵੀਨਤਾ ਆਉਂਦੀ ਹੈ। ਹਰ ਸਾਲ 21 ਅਪ੍ਰੈਲ ਨੂੰ ਦੁਨੀਆਂ ਭਰ ਵਿਚ ਵੱਡੇ ਪੱਧਰ 'ਤੇ ਸਿਰਜਨਾਤਮਿਕ ਅਤੇ ਨਵੇਂ ਸੰਕਲਪਾਂ ਨੂੰ ਆਧਾਰਿਤ ਦਿਨ ਮਨਾਇਆ ਜਾਂਦਾ ਹੈ। ਇਹ ਦਿਨ ਸਾਨੂੰ ਬਹੁਤ ਮਹੱਤਵਪੂਰਨ ਅਹਿਸਾਸ ਕਰਾਉਂਦਾ ਹੈ, ਜੇ ਅਸੀਂ ਵੱਖਰੇ ਢੰਗ ਨਾਲ ਸੋਚੀਏ ਤਾਂ ਅਸੀਂ ਆਪਣੀ ਜ਼ਿੰਦਗੀ ਅਤੇ ਦੁਨੀਆਂ ਦੋਵਾਂ ਨੂੰ ਬਿਹਤਰ ਬਣਾ ਸਕਦੇ ਹਾਂ। ਅੱਜ ਦਾ ਸਮਾਂ ਬਦਲਾਅ ਦਾ ਸਮਾਂ ਹੈ। ਹਰ ਦਿਨ ਨਵੀਆਂ ਚੁਣੌਤੀਆਂ ਆਉਂਦੀਆਂ ਹਨ ਅਤੇ ਉਨ੍ਹਾਂ ਦਾ ਹੱਲ ਵੀ ਨਵੀਂ ਸੋਚ ਅਤੇ ਸਿਰਜਣਾ ਨਾਲ ਮਿਲਦਾ ਹੈ। ਸਮਕਾਲ ਵਿਚ ਸਿਰਜਣਾਤਮਕਤਾ ਤੋਂ ਅਰਥ ਹੈ ਆਮ ਗੱਲ ਨੂੰ ਵੀ ਨਵੇਂ ਢੰਗ ਨਾਲ ਦੇਖਣਾ। ਇੱਕ ਬੱਚਾ ਖੇਡਦੇ-ਖੇਡਦੇ ਨਵੀਂ ਖੇਡ ਬਣਾ ਲੈਂਦਾ ਹੈ, ਇੱਕ ਕਿਸਾਨ ਖੇਤੀਬਾੜੀ ਦੌਰਾਨ ਆਪਣੇ ਖੇਤ ਵਿਚ ਨਵਾਂ ਤਰੀਕਾ ਅਪਣਾ ਲੈਂਦਾ ਹੈ ਜਾਂ ਇੱਕ ਘਰੇਲੂ ਮਹਿਲਾ ਘੱਟ ਸਮੇਂ ਅਤੇ ਲਾਗਤ ਨਾਲ-ਨਾਲ ਸਵਾਦਲਾ ਭੋਜਨ ਤਿਆਰ ਕਰ ਲੈਂਦੀ ਹੈ। ਇਹ ਸਾਰੇ ਰਚਨਾਤਮਕਤਾ ਦੇ ਹੀ ਰੂਪ ਹਨ। ਇਸ ਤਰ੍ਹਾਂ ਦੀ ਪਹਿਲਕਦਮੀ ਕਿਸੇ ਇੱਕ ਵਰਗ ਤੱਕ ਸੀਮਿਤ ਨਹੀਂ, ਸਗੋਂ ਹਰ ਮਨੁੱਖ ਵਿਚ ਹੁੰਦੀ ਹੈ। ਅਜਿਹੀ ਸਿਰਜਣ ਸ਼ਕਤੀ, ਉਸ ਸਮੇਂ ਹੁੰਦੀ ਹੈ, ਜਦੋਂ ਅਸੀਂ ਆਪਣੇ ਵਿਚਾਰ ਨੂੰ ਅਭਿਆਸ ਵਿਚ ਲਿਆਉਂਦੇ ਹਾਂ। ਸਿਰਫ਼ ਸੋਚਣਾ ਹੀ ਨਹੀਂ, ਸਗੋਂ ਉਸ ਨੂੰ ਕਰਕੇ ਵੀ ਦਿਖਾਉਣਾ ਜ਼ਰੂਰੀ ਹੁੰਦਾ ਹੈ। ਅੱਜ ਦੇ ਸਮੇਂ ਵਿਚ ਅਸੀਂ ਮੋਬਾਈਲ ਫੋਨ ਵਰਤਦੇ ਹਾਂ। ਆਨਲਾਈਨ ਖਰੀਦਦਾਰੀ ਕਰਦੇ ਹਾਂ। ਘਰ ਬੈਠੇ ਆਨਲਾਈਨ ਸਿੱਖਿਆ ਪ੍ਰਾਪਤ ਕਰ ਸਕਦੇ ਹਾਂ। ਇਹ ਸਾਰੀਆਂ ਉਹ ਪਹਿਲਕਦਮੀਆਂ ਹਨ, ਜੋ ਕਦੇ ਕਿਸੇ ਨੇ ਲੰਘੇ ਸਮੇਂ ਵਿਚ ਸੋਚੀਆਂ ਸਨ ਤੇ ਨਿੱਠ ਕੇ, ਇਨ੍ਹਾਂ ਬਾਰੇ ਕੰਮ ਕੀਤਾ ਸੀ। ਅੱਜ ਦੁਨੀਆਂ ਕਈ ਸਮੱਸਿਆਵਾਂ ਨਾਲ ਅੱਗੇ ਵਧ ਰਹੀ ਹੈ। ਵਾਤਾਵਰਣ ਵਿਚ ਪ੍ਰਦੂਸ਼ਣ ਵੱਧ ਰਿਹਾ ਹੈ। ਪਾਣੀ ਦੀ ਕਮੀ ਹੋ ਰਹੀ ਹੈ। ਨੌਜਵਾਨਾਂ ਨੂੰ ਰੁਜ਼ਗਾਰ ਦੀ ਲੋੜ ਹੈ। ਇਨ੍ਹਾਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਅੱਜ ਦੇ ਮਨੁੱਖ ਨੂੰ ਕੁਝ ਨਵੀਆਂ ਪਹਿਲਕਦਮੀਆਂ ਕਰਨ ਦੀ ਜ਼ਰੂਰਤ ਅਤੇ ਨਵੀਂ ਸੋਚ ਦੀ ਲੋੜ ਹੈ। ਗਲੋਬਲ ਵਾਰਮਿੰਗ ਦੇ ਸਮੇਂ ਵਿਚ ਕੁਝ ਨਵਾਂ ਸੋਚਿਆ ਜਾ ਸਕਦਾ ਹੈ, ਜਿਵੇਂ ਕਿ ਸੂਰਜੀ ਊਰਜਾ ਦੀ ਵਰਤੋਂ ਕਰਕੇ, ਬਿਜਲੀ ਬਣਾਉਣਾ, ਮੀਂਹ ਦਾ ਪਾਣੀ ਸੰਭਾਲਣ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਜਲ ਸੰਕਟ ਤੋਂ ਬਚਾ ਕੀਤਾ ਜਾ ਸਕਦਾ ਹੈ। ਸਮਕਾਲ ਦੇ ਵਿਚ ਮਹਿੰਗਾਈ ਬਹੁਤ ਵੱਧ ਰਹੀ ਹੈ, ਅਜਿਹੀ ਸਥਿਤੀ ਵਿਚ ਛੋਟੇ ਪੱਧਰ 'ਤੇ ਕਾਰੋਬਾਰ ਸ਼ੁਰੂ ਕਰਕੇ ਜਿੱਥੇ ਆਪ ਕਾਮਯਾਬ ਹੋਇਆ ਜਾ ਸਕਦਾ ਹੈ, ਉੱਥੇ ਹੌਲੀ-ਹੌਲੀ ਕੁਝ ਹੋਰ ਉਦਮੀ ਲੋਕਾਂ ਦੀ ਮਦਦ ਵੀ ਕੀਤੀ ਜਾ ਸਕਦੀ ਹੈ। ਤਕਨੀਕ ਦੇ ਇਸ ਸਮੇਂ ਵਿਚ ਕੁਝ ਨਵੀਆਂ ਸੋਚਾਂ ਸੋਚ ਕੇ ਲੋਕਾਂ ਦੀ ਜ਼ਿੰਦਗੀ ਨੂੰ ਬਦਲਿਆ ਜਾ ਸਕਦਾ ਹੈ। ਵਿਸ਼ਵ ਭਰ ਵਿਚ ਹੋ ਰਹੀਆਂ ਨਵੀਆਂ ਖੋਜਾਂ ਸਦਕਾ, ਅੱਜ ਵਿਸ਼ਵ ਵੱਡੇ ਪੱਧਰ 'ਤੇ ਤਰੱਕੀ ਕਰ ਰਿਹਾ ਹੈ ਅਤੇ ਸਾਡੇ ਦੇਸ਼ ਵਿਚ ਵੀ ਕਈ ਨੌਜਵਾਨ ਆਪਣੇ ਨਵੇਂ ਵਿਚਾਰਾਂ ਨਾਲ ਅੱਗੇ ਵਧ ਰਹੇ ਹਨ। ਅੱਜ ਦਾ ਨੌਜਵਾਨ ਕਿਰਤੀ, ਖੇਤੀ ਵਿਚ ਨਵੀਆਂ ਤਕਨੀਕਾਂ ਵਰਤ ਰਿਹਾ ਹੈ, ਜਿਸ ਨਾਲ ਘੱਟ ਸਮੇਂ ਘੱਟ ਖਰਚੇ ਨਾਲ ਬਹੁਤੀ ਪੈਦਾਵਾਰ ਕੀਤੀ ਜਾ ਸਕਦੀ ਹੈ। ਤਕਨੀਕ ਨਾਲ ਜੁੜ ਕੇ, ਅੱਜ ਦਾ ਨੌਜਵਾਨ ਆਨਲਾਈਨ ਕਾਰੋਬਾਰ ਕਰ ਰਿਹਾ ਹੈ। ਕਰੋਨਾ ਕਾਲ ਤੋਂ ਬਾਅਦ ਨਵੀਂ ਤਕਨੀਕ ਅਤੇ ਨਵੀਆਂ ਸੰਭਾਵਨਾਵਾਂ ਦਾ ਇੱਕ ਮੌਕਾ ਮਿਲਿਆ। ਦੇਸ਼ ਦੇ ਲੋਕਾਂ ਨੇ ਬਹੁਤ ਸਾਰੀਆਂ ਮੁਸ਼ਕਲਾਂ ਦਰਪੇਸ਼ ਹੋਣ ਦੇ ਬਾਵਜੂਦ ਵੀ ਦੇਸ਼ ਨੂੰ ਨਵੇਂ ਸਿਰਜਨਾਤਮਕ ਤਰੀਕਿਆਂ ਨਾਲ ਅੱਗੇ ਤੋਰਿਆ, ਜੋ ਇਸ ਗੱਲ ਦਾ ਸਬੂਤ ਹੈ ਕਿ ਜੇ ਮੌਕਾ ਮਿਲੇ ਤਾਂ ਹਰ ਵਿਅਕਤੀ ਕੋਈ ਕੁਝ ਨਵਾਂ ਕਰ ਸਕਦਾ ਹੈ। ਅੱਜ ਦੇ ਸਮੇਂ ਵਿਚ ਸਿੱਖਿਆ ਦਾ ਬਹੁਤ ਵੱਡਾ ਯੋਗਦਾਨ ਹੈ। ਪੁਰਾਣੇ ਸਮਿਆਂ ਵਿਚ ਸਿੱਖਿਆ ਗ੍ਰਹਿਣ ਕਰਨ ਦੇ ਪ੍ਰੰਪਰਾਗਤ ਤਰੀਕੇ ਸਨ। ਬਹੁਤ ਸਾਰੇ ਵਿਦਿਆਰਥੀ ਸਿੱਖਿਆ ਤੋਂ ਅਭਿੱਜ ਰਹਿ ਜਾਂਦੇ ਸਨ ਪਰ ਆਧੁਨਿਕ ਸਮੇਂ ਵਿਚ ਨਵੀਂ ਤਕਨੀਕ ਅਤੇ ਨਵੀਂ ਪਹਿਲਕਦਮੀ ਨੇ ਸਿੱਖਿਆ ਨੂੰ ਹਰੇਕ ਉਸ ਵਿਅਕਤੀ ਤੱਕ ਪਹੁੰਚਾ ਦਿੱਤਾ ਹੈ, ਜੋ ਇਹ ਸੋਚ ਵੀ ਨਹੀਂ ਸਕਦਾ ਸੀ ਕਿ ਭਵਿੱਖ ਵਿਚ ਸਿੱਖਿਆ ਦੇ ਆਨਲਾਈਨ ਸਾਧਨ ਅਤੇ ਨਵੀਆਂ ਤਕਨੀਕਾਂ ਇੰਨੀਆਂ ਵਧੀਆ ਹੋ ਸਕਦੀਆਂ ਹਨ। ਅੱਜ ਦੀ ਸਿੱਖਿਆ ਦਾ ਪ੍ਰਬੰਧ ਵਿਦਿਆਰਥੀ ਅਤੇ ਅਧਿਆਪਕ ਵਿਚ ਸੰਵਾਦ ਰਚਾਉਂਦਾ ਹੈ। ਅੱਜ ਦੀ ਸਿੱਖਿਆ ਵਿਚ ਸਵਾਲ ਜਵਾਬ ਹੈ, ਜੋ ਇਕ ਵਿਦਿਆਰਥੀ ਦੀ ਪ੍ਰਤਿਭਾ ਨੂੰ ਹੋਰ ਵੀ ਨਿਖਾਰਦੀ ਹੈ। ਨਵੀਂ ਸੋਚ ਦੀ ਸਿੱਖਿਆ ਪ੍ਰਣਾਲੀ ਵਿਚ ਵਿਦਿਆਰਥੀ ਨੂੰ ਪੁੱਛਣ, ਸਮਝਣ ਅਤੇ ਖੁਦ ਸਿੱਖਣ ਦਾ ਮੌਕਾ ਮਿਲਦਾ ਹੈ। ਇਸ ਤਰ੍ਹਾਂ ਉਹ ਆਪਣੀ ਸੋਚ ਨੂੰ ਅੱਗੇ ਵਧਾ ਸਕਦੇ ਹਨ। ਸਮਕਾਲ ਵਿਚ ਨਵੀਂ ਸਿੱਖਿਆ ਪ੍ਰਣਾਲੀ ਅਧੀਨ ਸਕੂਲਾਂ ਵਿਚ ਬੱਚਿਆਂ ਨੂੰ ਪ੍ਰੋਜੈਕਟ ਬਣਾਉਣ, ਮਾਡਲ ਤਿਆਰ ਕਰਨ ਅਤੇ ਟੀਮ ਵਿਚ ਕੰਮ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ, ਜੋ ਇੱਕ ਚੰਗੀ ਗੱਲ ਹੈ। ਮਨੁੱਖ ਦੀ ਸਿਰਜਣਸ਼ੀਲਤਾ ਨੇ ਤਕਨਾਲੋਜੀ ਵਜੋਂ ਇਸ ਖੇਤਰ ਵਿਚ ਕਮਾਲ ਕਰ ਦਿੱਤਾ ਹੈ। ਅੱਜ ਇੱਕ ਆਮ ਮਨੁੱਖ ਵੀ ਆਪਣੀ ਗੱਲ ਦੁਨੀਆਂ ਤੱਕ ਪਹੁੰਚਾ ਸਕਦਾ ਹੈ। ਯੂਟਿਊਬ, ਸੋਸ਼ਲ ਮੀਡੀਆ ਅਤੇ ਹੋਰ ਡਿਜ਼ੀਟਲ ਪਲੇਟਫਾਰਮਾਂ ਨੇ ਹਰ ਕਿਸੇ ਨੂੰ ਆਪਣੀ ਕਲਾ ਦਿਖਾਉਣ ਦਾ ਮੌਕਾ ਦਿੱਤਾ ਹੈ। ਇਸ ਨਾਲ ਨਾ ਸਿਰਫ਼ ਲੋਕ ਪ੍ਰਸਿੱਧ ਹੋ ਰਹੇ ਹਨ, ਸਗੋਂ ਉਹ ਆਪਣੀ ਰੋਜ਼ੀ-ਰੋਟੀ ਵੀ ਕਮਾ ਰਹੇ ਹਨ। ਸਮਾਜ ਦੇ ਵਿਚ ਜਿੱਥੇ ਅਸੀਂ ਨਵੀਂ ਤਕਨੀਕ, ਪਹਿਲ ਕਦਮੀ ਅਤੇ ਨਵੀਆਂ ਪ੍ਰਸਥਿਤੀਆਂ ਦੀ ਗੱਲ ਕਰਦੇ ਹਾਂ, ਤਾਂ ਉੱਥੇ ਨਾਲ-ਨਾਲ ਸਾਨੂੰ ਸਾਡੀ ਪ੍ਰੰਪਰਾ ਅਤੇ ਇਤਿਹਾਸ ਦੇ ਵਿਚ ਕੀਤੀਆਂ ਹੋਈਆਂ ਗਲਤੀਆਂ ਬਾਰੇ ਵੀ ਸੋਚਣਾ ਚਾਹੀਦਾ ਹੈ। ਇੱਕ ਗੱਲ ਯਾਦ ਰੱਖਣ ਵਾਲੀ ਹੈ। ਤਕਨੀਕ ਦਾ ਵਿਕਾਸ ਉਨ੍ਹਾਂ ਹੀ ਬਿਹਤਰ ਹੁੰਦਾ ਹੈ, ਜਿੱਥੋਂ ਤੱਕ ਉਹ ਕਿਸੇ ਸੱਭਿਅਤਾ ਲਈ ਖਤਰਾ ਨਾ ਹੋਵੇ। ਇਤਿਹਾਸ ਗਵਾਹ ਹੈ ਕਿ ਮਨੁੱਖ ਜਦੋਂ ਵੀ ਵਿਕਾਸ ਕਰਦਾ ਹੈ ਜਾਂ ਕੋਈ ਨਵੀਂ ਤਕਨੀਕ ਆਉਂਦੀ ਹੈ, ਜਿੱਥੇ ਉਹ ਮਨੁੱਖਤਾ ਲਈ ਫਾਇਦੇਮੰਦ ਹੁੰਦੀ ਹੈ, ਨਾਲ-ਨਾਲ ਕੁਝ ਨੁਕਸਾਨਦੇਹ ਵੀ ਹੁੰਦੀ ਹੈ ਪਰ ਜਿਹੜੀਆਂ ਵੀ ਸੱਭਿਅਤਾ ਨੇ ਵਿਕਾਸ ਕੀਤਾ ਹੈ, ਉਨ੍ਹਾਂ ਦੇ ਵਿਚ ਨਵੀਂ ਸਿਰਜਣਸ਼ੀਲਤਾ ਕਰਕੇ ਹੀ ਇਹ ਸੰਭਵ ਹੋਇਆ ਹੈ। ਸੱਚ ਇਹ ਹੈ ਹਰ ਵੱਡੀ ਕਾਮਯਾਬੀ ਤੋਂ ਪਹਿਲਾਂ ਕਈ ਕੋਸ਼ਿਸ਼ਾਂ ਹੁੰਦੀਆਂ ਹਨ। ਜੇ ਅਸੀਂ ਹਿੰਮਤ ਕਰਕੇ ਅੱਗੇ ਵਧੀਏ ਤਾਂ ਸਫਲਤਾ ਜ਼ਰੂਰ ਮਿਲਦੀ ਹੈ।

ਸਮਾਜਿਕ ਢਾਂਚੇ ਵਿਚ ਪਰਿਵਾਰ ਅਤੇ ਸਮਾਜ ਨੂੰ ਵੀ ਇਹ ਸਮਝਣ ਦੀ ਲੋੜ ਹੈ ਕਿ ਨਵੀਂ ਸੋਚ ਨੂੰ ਹੌਂਸਲਾ ਦੇਣਾ ਚਾਹੀਦਾ ਹੈ। ਨੌਜਵਾਨ ਕੁਝ ਵੱਖਰਾ ਕਰਨਾ ਚਾਹੁੰਦਾ ਹੈ, ਤਾਂ ਉਸਨੂੰ ਰੋਕਣ ਦੀ ਬਜਾਏ ਉਸਦਾ ਸਾਥ ਦੇਣਾ ਚਾਹੀਦਾ ਹੈ। ਇਹ ਸਹਿਯੋਗ ਹੀ ਉਸਨੂੰ ਅੱਗੇ ਵਧਣ ਦੀ ਤਾਕਤ ਦਿੰਦਾ ਹੈ। ਇਕ ਹੋਰ ਮਹੱਤਵਪੂਰਨ ਗੱਲ ਹੈ, ਜਦੋਂ ਅਸੀਂ ਇਕੱਠੇ ਹੋ ਕੇ ਸੋਚਦੇ ਹਾਂ, ਤਾਂ ਹੋਰ ਵਧੀਆ ਵਿਚਾਰ ਆਉਂਦੇ ਹਨ। ਇੱਕ ਵਿਅਕਤੀ ਦੀ ਸੋਚ ਨਾਲੋਂ ਟੀਮ ਦੀ ਸੋਚ ਵੱਧ ਤਾਕਤਵਰ ਹੁੰਦੀ ਹੈ। ਇਸ ਲਈ ਸਕੂਲਾਂ, ਦਫ਼ਤਰਾਂ ਅਤੇ ਪਿੰਡਾਂ ਵਿਚ ਵੀ ਮਿਲਜੁਲ ਕੇ ਕੰਮ ਕਰਨ ਦੀ ਆਦਤ ਪੈਦਾ ਕਰਨੀ ਚਾਹੀਦੀ ਹੈ। ਸਾਡੇ ਦੇਸ਼ ਦੀ ਵੱਖ-ਵੱਖ ਸੱਭਿਆਚਾਰ ਵੀ ਸਾਡੀ ਤਾਕਤ ਹੈ। ਹਰ ਇਲਾਕੇ ਦੀ ਆਪਣੀ ਸੋਚ ਅਤੇ ਆਪਣਾ ਤਰੀਕਾ ਹੁੰਦਾ ਹੈ। ਅਸੀਂ ਇੱਕ-ਦੂਜੇ ਤੋਂ ਸਿੱਖਦੇ ਹਾਂ, ਤਾਂ ਸਾਡੀ ਸੋਚ ਹੋਰ ਵੀ ਵਧਦੀ ਹੈ। ਇਹ ਅਨੇਕਤਾ ਸਾਨੂੰ ਨਵੇਂ ਵਿਚਾਰ ਦਿੰਦੀ ਹੈ। ਇਤਿਹਾਸ ਦੇ ਵਿਚ ਵਾਪਰੇ ਵਰਤਾਰਿਆਂ ਤੋਂ ਅਸੀਂ ਇਹ ਕਹਿ ਸਕਦੇ ਹਾਂ। ਹਰ ਮਨੁੱਖ ਵਿਚ ਕੁਝ ਨਵਾਂ ਕਰਨ ਦੀ ਸਮਰੱਥਾ ਹੁੰਦੀ ਹੈ। ਆਪਣੇ ਆਪ 'ਤੇ ਭਰੋਸਾ ਕਰਨ ਦੀ ਜ਼ਰੂਰਤ ਹੈ। ਅਸੀਂ ਨਵੀਂ ਸੋਚ ਅਪਣਾਈਏ, ਤਾਂ ਵੱਡੇ ਬਦਲਾਅ ਆ ਸਕਦੇ ਹਨ। ਇਸ ਦਿਨ ਨੂੰ ਸਿਰਫ ਇੱਕ ਦਿਨ ਨਾ ਮੰਨਦੇ ਹੋਏ ਇਸ ਦੇ ਮੂਲ ਭਾਵ ਨੂੰ ਸਮਝੀਏ। ਆਪਣੇ ਜੀਵਨ ਵਿਚ ਨਵੀਂ ਸੋਚ ਲਿਆਈਏ। ਨਵੇਂ ਕੰਮ ਕਰੀਏ ਅਤੇ ਹੋਰਨਾਂ ਨੂੰ ਵੀ ਪ੍ਰੇਰਿਤ ਕਰੀਏ। ਹਰ ਮਨੁੱਖ ਆਪਣੀ ਤੰਗ ਦਿਲੀ ਤੋਂ ਬਾਹਰ ਨਿਕਲ ਕੇ, ਪੂਰੀ ਮਨੁੱਖਤਾ ਲਈ ਸੋਚੇਗਾ ਕੁਝ ਨਵਾਂ ਕਰੇਗਾ ਤਾਂ ਹੀ ਵਧੀਆ ਸੰਸਾਰ ਬਣ ਸਕੇਗਾ। ਕੁਝ ਨਵਾਂ ਸੋਚੋ, ਕੁਝ ਨਵਾਂ ਕਰੋ। ਇਹੀ ਆਵਾਜ਼ ਨਾਲ ਸ਼ਾਇਦ ਅਸੀਂ ਇਸ ਦਿਹਾੜੇ ਨੂੰ ਯਾਦ ਕਰਕੇ, ਇਸ ਦੀ ਅਸਲ ਰੂਹ ਤੱਕ ਪਹੁੰਚ ਸਕਦੇ ਹਾਂ। ਹਰੇਕ ਦਿਨ ਨਵੇਂਪਣ ਦੇ ਨਿਸ਼ਾਨੀ ਹੈ। ਸੋ ਆਪਣੇ ਚੇਤਿਆਂ ਦੇ ਵਿਚੋਂ ਆਲਸ ਕੱਢ ਕੇ, ਕੁਝ ਨਵਾਂ ਸੋਚੋ ਕੁਝ ਨਵਾਂ ਕਰੋ, ਤਾਂ ਜੋ ਸਾਡਾ ਦੇਸ਼ ਅੱਗੇ ਵੱਧਦਾ ਹੋਇਆ। ਪੂਰੇ ਵਿਸ਼ਵ ਵਿਚ ਆਪਣੀ ਨਿਵੇਕਲੀ ਹਸਤੀ ਸਥਾਪਿਤ ਕਰ ਸਕੇ।



ਵਾਤਾਵਰਣ ਵਿਚ ਪ੍ਰਦੂਸ਼ਣ ਵੱਧ ਰਿਹਾ ਹੈ। ਪਾਣੀ ਦੀ ਕਮੀ ਹੋ ਰਹੀ ਹੈ। ਨੌਜਵਾਨਾਂ ਨੂੰ ਰੁਜ਼ਗਾਰ ਦੀ ਲੋੜ ਹੈ। ਇਨ੍ਹਾਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਅੱਜ ਦੇ ਮਨੁੱਖ ਨੂੰ ਕੁਝ ਨਵੀਆਂ ਪਹਿਲਕਦਮੀਆਂ ਕਰਨ ਦੀ ਜ਼ਰੂਰਤ ਅਤੇ ਨਵੀਂ ਸੋਚ ਦੀ ਲੋੜ ਹੈ। ਗਲੋਬਲ ਵਾਰਮਿੰਗ ਦੇ ਸਮੇਂ ਵਿਚ ਕੁਝ ਨਵਾਂ ਸੋਚਿਆ ਜਾ ਸਕਦਾ ਹੈ, ਜਿਵੇਂ ਕਿ ਸੂਰਜੀ ਊਰਜਾ ਦੀ ਵਰਤੋਂ ਕਰਕੇ, ਬਿਜਲੀ ਬਣਾਉਣਾ, ਮੀਂਹ ਦਾ ਪਾਣੀ ਸੰਭਾਲਣ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਜਲ ਸੰਕਟ ਤੋਂ ਬਚਾ ਕੀਤਾ ਜਾ ਸਕਦਾ ਹੈ। ਸਮਕਾਲ ਦੇ ਵਿਚ ਮਹਿੰਗਾਈ ਬਹੁਤ ਵੱਧ ਰਹੀ ਹੈ, ਅਜਿਹੀ ਸਥਿਤੀ ਵਿਚ ਛੋਟੇ ਪੱਧਰ 'ਤੇ ਕਾਰੋਬਾਰ ਸ਼ੁਰੂ ਕਰਕੇ ਜਿੱਥੇ ਆਪ ਕਾਮਯਾਬ ਹੋਇਆ ਜਾ ਸਕਦਾ ਹੈ, ਉੱਥੇ ਹੌਲੀ-ਹੌਲੀ ਕੁਝ ਹੋਰ ਉਦਮੀ ਲੋਕਾਂ ਦੀ ਮਦਦ ਵੀ ਕੀਤੀ ਜਾ ਸਕਦੀ ਹੈ।

ਡਾ. ਸਤਿੰਦਰ ਪਾਲ ਸਿੰਘ
ਲਖਨਊ
akaalpurkh.7@gmail.com
ਪੰਜਾਬ ਮੇਲ USA



# ਅੱਜ ਦੀ ਸਿਆਸਤ 'ਤੇ ਸਿੱਖ ਧਰਮ ਦਾ ਮੂਲ ਸਵਰੂਪ, ਦੋ ਵਿਪਰੀਤ ਧੁਰੇ



ਸਿੱਖ ਜਗਤ ਵਿਚ ਰਾਜਨੀਤੀ ਤੇ ਧਰਮ ਨੂੰ ਨਾਲ ਜੋੜ ਕੇ ਵੇਖਣ ਦੇ ਅਤਿ ਉਤਸਾਹ ਨੇ ਧਰਮ ਤੇ ਰਾਜਨੀਤੀ ਦੋਹਾਂ ਲਈ ਗੁੰਝਲਦਾਰ ਸਥਿਤੀਆਂ ਪੈਦਾ ਕਰ ਦਿੱਤੀਆਂ ਹਨ। ਜ਼ਿਆਦਾ ਘਾਨ ਧਾਰਮਿਕ ਸਿਧਾਂਤਾਂ ਦਾ ਹੋ ਰਿਹਾ ਹੈ ਕਿਉਂਕਿ ਰਾਜਨੀਤੀ ਦਾ ਤਾਂ ਕੋਈ ਮਿਆਰ ਕਦੇ ਰਿਹਾ ਨਹੀਂ ਹੈ। ਸੰਸਦੀ ਲੋਕਤੰਤਰ ਵਿਚ ਰਾਜਨੀਤੀ ਦਾ ਇੱਕੋ ਮਨੋਰਥ ਹੈ, ਰਾਜਸੀ ਤਾਕਤ ਪ੍ਰਾਪਤ ਕਰਨਾ ਤੇ ਉਸ ਨੂੰ ਬਣਾਈ ਰੱਖਣਾ। ਰਾਜਨੀਤੀ ਰਾਜ ਲਈ ਹੈ, ਜ਼ਰੀਆ ਕੋਈ ਵੀ ਹੋ ਸਕਦਾ ਹੈ। ਧਰਮ ਮਨੁੱਖੀ ਭਾਵਨਾ ਦਾ ਸੰਚਾਲਕ ਤੱਤ ਹੋਣ ਕਾਰਨ ਰਾਜਨੀਤੀ ਨੂੰ ਧਰਮ ਦੀ ਵਰਤੋਂ ਆਦਿ ਕਾਲ ਤੋਂ ਹੀ ਭਾਉਂਦੀ ਰਹੀ ਹੈ। ਧਾਰਮਿਕ ਹਿੱਤਾਂ ਦੇ ਨਾਮ 'ਤੇ ਆਪਣੇ ਨਿੱਜੀ ਹਿੱਤ ਸਿੱਧ ਕਰਨ ਦੀਆਂ ਕੋਸ਼ਿਸ਼ਾਂ ਧਰਮ ਦੀ ਮਰਿਆਦਾ ਤਾਰ-ਤਾਰ ਕਰਦੀਆਂ ਰਹੀਆਂ ਹਨ। ਇਹ ਅੱਜ ਵੀ ਹੋ ਰਿਹਾ ਹੈ ਪਰ ਫਰਕ ਇਹ ਹੈ ਕਿ ਕੋਈ ਹੱਦ ਨਹੀਂ ਰਹੀ, ਕੋਈ ਸੰਗ ਨਹੀਂ ਆ ਰਹੀ। ਅੱਜ ਦਾ ਪਰਿਦ੍ਰਿਸ਼ ਇਹ ਹੈ ਕਿ ਇੱਕ ਹੀ ਵਿਅਕਤੀ ਹੈ, ਜੋ ਧਾਰਮਿਕ ਸਟੇਜ 'ਤੇ ਸਿੱਖੀ ਸਿਧਾਂਤਾਂ ਦਾ ਆਪ ਹੁੱਦਰਾ ਵਿਆਖਿਆਕਾਰ ਬਣਿਆ ਹੁੰਦਾ ਹੈ, ਅਗਲੇ ਪਲ ਉਹ ਹੀ ਸਿਆਸੀ ਮੰਚ 'ਤੇ ਦਾਅਪੇਚ ਚੱਲ ਰਿਹਾ ਹੁੰਦਾ ਹੈ। ਉਹ ਗੁਰਦੁਆਰੇ ਦਾ ਪ੍ਰਬੰਧਕਾਰ ਵੀ ਹੈ, ਰਾਜਨੀਤਿਕ ਦਲ ਦਾ ਅਹੁਦੇਦਾਰ ਵੀ ਹੈ। ਇਸ ਰਲਗੱਡ ਨੇ ਧਰਮ ਜਗਤ ਲਈ ਗੰਭੀਰ ਚੁਣੌਤੀਆਂ ਪੈਦਾ ਕਰ ਦਿੱਤੀਆਂ ਹਨ, ਪਰ ਸਿੱਖ ਜਗਤ ਇਸ ਤੋਂ ਅਵੇਸਲਾ, ਅਣਜਾਣ ਜਿਹਾ ਬਣਿਆ ਹੋਇਆ ਹੈ। ਆਮ ਸਿੱਖ ਦੀ ਰੁਚੀ ਹੀ ਨਹੀਂ ਹੈ ਕਿ ਪੰਥ ਕਿਸ ਦੌਰ ਤੋਂ ਗੁਜ਼ਰ ਰਿਹਾ ਹੈ। ਕੁੱਝ ਸਮਾਂ ਪਹਿਲਾਂ ਸਿੱਖ ਪੰਥ ਦੀ ਇੱਕ ਸਿਰਮੌਰ ਸੰਸਥਾ ਦੇ ਮੁਖੀ ਦਾ ਬਿਆਨ ਆਇਆ ਕਿ ਉਹ ਇੱਕ ਰਾਜਨੀਤਿਕ ਦਲ ਦੇ ਆਮ ਸਿਪਾਹੀ ਹਨ। ਇਸ ਬਿਆਨ 'ਤੇ ਕੁੱਝ ਸਿਆਸੀ ਤੀਰ ਚੱਲੇ ਪਰ ਮਸਲਾ ਆਇਆ ਗਿਆ ਹੋ ਗਿਆ। ਉਨ੍ਹਾਂ ਕੁੱਝ ਗਲਤ ਜਾਂ ਅਣਹੋਣੀ ਗੱਲ ਨਹੀਂ ਕਹੀ। ਇਹ ਹਕੀਕਤ ਹੈ ਕਿ ਧਾਰਮਿਕ ਸੰਸਥਾਵਾਂ, ਧਾਰਮਿਕ ਮੁੱਦੇ ਸਿਆਸੀ ਤਾਕਤਾਂ ਦੇ ਮੁਥਾਜ ਹੁੰਦੇ ਜਾ ਰਹੇ ਹਨ। ਸਿਆਸਤ ਦਾ ਧਰਮ 'ਤੇ ਪੈ ਰਿਹਾ ਸਾਇਆ ਸਪੱਸ਼ਟ ਵਿਖਾਈ ਦੇ ਰਿਹਾ ਹੈ। ਇੱਕ ਸਮਾਂ ਸੀ, ਜਦੋਂ ਵਿਸ਼ਾਲ ਸਿੱਖ ਰਾਜ ਦਾ ਤਾਕਤਵਰ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਅਕਾਲੀ ਫੂਲਾ ਸਿੰਘ ਦਾ ਨਾਮ ਸੁਪਨੇ ਵਿਚ ਵੀ ਡਰਾਉਂਦਾ ਸੀ। ਉਹ ਸਮਾਂ ਹੁਣ ਨਹੀਂ ਰਿਹਾ। ਰਾਜ ਤੇ ਧਰਮ ਦੇ ਵਿਚਕਾਰ ਦਾ ਸੰਤੁਲਨ ਬਿੰਦੂ ਜੋ ਮਹਾਰਾਜਾ ਰਣਜੀਤ ਸਿੰਘ ਤੇ ਅਕਾਲੀ ਫੂਲਾ ਸਿੰਘ ਨੇ ਕਾਇਮ ਕੀਤਾ ਸੀ, ਪੂਰੀ ਤਰ੍ਹਾਂ ਅਲੋਪ ਹੋ ਗਿਆ ਹੈ। ਧਰਮ ਤੇ ਸਿਆਸਤ ਦੇ ਸਬੰਧ ਨੂੰ ਸਮਝਣਾ ਔਖਾ ਹੋ ਗਿਆ ਹੈ।

ਪੰਥ ਵਿਚ ਧਰਮ ਤੇ ਸਿਆਸਤ ਦੇ ਮੇਲ ਦੇ ਪੈਰੋਕਾਰ ਬਹੁਤ ਸਾਰੇ ਮਿਲ ਜਾਣਗੇ, ਜੋ ਆਪਣੇ ਪੱਖ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰੀ ਤੇ ਪੀਰੀ ਦੇ ਸਿਧਾਂਤ ਦਾ ਹਵਾਲਾ ਦਿੰਦਿਆਂ ਨਹੀਂ ਥੱਕਦੇ। ਗੁਰੂ ਸਾਹਿਬ ਨੇ ਬੇਸ਼ੱਕ ਰਾਜ ਤੇ ਧਰਮ ਦੇ ਸਬੰਧ ਦੀ ਗੱਲ ਕੀਤੀ ਪਰ ਇਹ ਸਬੰਧ ਤਾਲਮੇਲ ਦਾ ਸੀ, ਰਲਗੱਡ ਦਾ ਨਹੀਂ। ਗੁਰੂ ਸਾਹਿਬ ਨੇ ਸੈਨਿਕ ਸ਼ਕਤੀ ਕਾਇਮ ਕੀਤੀ ਪਰ ਰਾਜ ਸਥਾਪਿਤ ਕਰਨ ਲਈ ਨਹੀਂ, ਧਾਰਮਿਕ ਕਦਰਾਂ-ਕੀਮਤਾਂ ਦੀ ਰੱਖਿਆ ਲਈ। ਉਨ੍ਹਾਂ ਸਿੱਖਾਂ ਅੰਦਰ ਧਰਮ ਦੇ ਨਾਲ ਹੀ ਰਾਜਸੀ ਚੇਤਨਾ ਵੀ ਪੈਦਾ ਕੀਤੀ ਪਰ ਉਸ ਚੇਤਨਾ ਦਾ ਮਨੋਰਥ ਆਪਣੇ ਧਰਮ ਦਾ ਨਿਰਵਿਘਨ ਤੇ ਸੁਚੱਜਾ ਨਿਰਵਾਹ ਕਰਨ ਜੋਗ ਸਥਿਤੀਆਂ ਵਿਕਸਿਤ ਕਰਨਾ ਸੀ। ਰਾਜ ਤੇ ਧਰਮ ਨੂੰ ਲੈ ਕੇ ਗੁਰਬਾਣੀ ਵਿਚ ਕੋਈ ਭੁਲੇਖਾ ਨਹੀਂ ਨਜ਼ਰ ਆਉਂਦਾ, ਸਗੋਂ ਸਪੱਸ਼ਟ ਚਿੰਤਨ ਪ੍ਰਗਟ ਹੋਇਆ ਹੈ। ਰਾਜ ਸਦਾ ਹੀ ਜ਼ੋਰ, ਹਠ, ਹੰਕਾਰ 'ਤੇ ਚੱਲੇ ਹਨ। ਗੁਰੂ ਸਾਹਿਬਾਨ ਆਪ ਇਸ ਸੱਚ ਦੇ ਪ੍ਰਤੱਖ ਗਵਾਹ ਸਨ। ਰਾਜ ਦੀ ਇਸ ਪ੍ਰਵਿਰਤੀ ਨਾਲ ਗੁਰੂ ਕਾਲ ਵਿਚ ਵੀ ਤੇ ਉਸ ਤੋਂ ਬਾਅਦ ਵੀ ਸਦਾ ਟਕਰਾਵ ਹੁੰਦਾ ਰਿਹਾ ਕਿਉਂਕਿ ਗੁਰਮਤਿ ਗੁਣਾਂ ਨੂੰ ਜੀਵਨ ਦੇ ਕੇਂਦਰ ਵਿਚ ਰੱਖਦੀ ਸੀ ਪਰ ਰਾਜ ਵਿਵਸਥਾ ਗੁਣਾਂ ਤੋਂ ਵਿਹੂਣੀ, ਜਾਬਰ, ਮਨੁੱਖੀ ਹੱਕਾਂ ਦੀ ਵੈਰੀ ਸੀ। ਮੁਗਲ ਕਾਲ, ਅੰਗਰੇਜ਼ ਸ਼ਾਸਨ ਕਾਲ, ਉਸ ਤੋਂ ਬਾਅਦ ਵੀ ਸੱਤਾ ਦਾ ਇਹੋ ਕਿਰਦਾਰ ਬਣਿਆ ਰਿਹਾ ਹੈ, ਜੋ ਗੁਰਮਤਿ ਤੇ ਗੁਰਮਤਿ ਦੇ ਧਾਰਨੀ ਸਿੱਖਾਂ ਨੂੰ ਅਪ੍ਰਵਾਨ ਰਿਹਾ ਹੈ। ਗੁਰਮਤਿ ਮੁੱਢਲੇ ਪੱਧਰ 'ਤੇ ਹੀ ਰਾਜ ਨੂੰ ਗੁਣਾਂ ਨਾਲ ਜੋੜਦੀ ਹੈ।

ਤਖਤਿ ਬਹੈ ਤਖਤੈ ਕੀ ਲਾਇਕ ॥
ਪੰਚ ਸਮਾਏ ਗੁਰਮਤਿ ਪਾਇਕ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 1038)

ਜ਼ਿੰਮੇਵਾਰੀ ਉਸ ਨੂੰ ਹੀ ਮਿਲੇ ਜਿਸ ਅੰਦਰ ਜ਼ਿੰਮੇਵਾਰੀ ਨਿਭਾਉਣ ਦੀ ਯੋਗਤਾ ਹੋਵੇ। ਇਹ ਯੋਗਤਾ ਗੁਰਮਤਿ ਅਨੁਸਾਰ, ਧਰਮ ਅਨੁਸਾਰ ਆਚਾਰ, ਵਿਚਾਰ ਦਾ ਸੰਕਲਪ ਧਾਰਨ ਕਰਨ ਵਾਲੇ ਅੰਦਰ ਹੀ ਆ ਸਕਦੀ ਹੈ। ਇਹ ਕੋਰੀ ਕਲਪਨਾ ਜਾਂ ਵਿਚਾਰ ਹੀ ਨਹੀਂ, ਇੱਕ ਵਿਵਹਾਰ ਸਿੱਧ ਆਦਰਸ਼ ਹੈ, ਜਿਸ 'ਤੇ ਗੁਰਸਿੱਖਾਂ ਨੇ ਚੱਲ ਕੇ ਵਿਖਾਇਆ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਬਾਅਦ ਸਿੱਖਾਂ ਨੇ ਬਾਬਾ ਬੰਦਾ ਸਿੰਘ ਦੀ ਅਗਵਾਈ ਵਿਚ ਆਪਣੇ ਬਲ 'ਤੇ ਸਿੱਖ ਰਾਜ ਕਾਇਮ ਕੀਤਾ। ਰਾਜ ਚਲੇ ਜਾਣ ਤੋਂ ਬਾਅਦ ਸਿੱਖਾਂ ਨੇ ਜ਼ੁਲਮ, ਜਬਰ ਸਹੇ, ਜੰਗਲਾਂ ਵਿਚ ਚਲੇ ਗਏ ਪਰ ਆਪਣੇ ਅਸੂਲਾਂ ਤੋਂ ਨਾ ਡਿੱਗੇ। ਮੁੜ ਵਾਪਿਸ ਆਉਣ ਤੋਂ ਬਾਅਦ ਜੱਥੇਬੰਦ ਹੋਏ। ਸਿੱਖਾਂ ਨੂੰ ਮਿਟਾਉਣ ਦਾ ਸਾਰਾ ਜ਼ੋਰ ਲਾਉਣ ਤੋਂ ਬਾਅਦ ਥੱਕ-ਹਾਰ ਕੇ ਸੁਲਾਹ ਲਈ ਪੰਜਾਬ ਦੇ ਸੂਬੇਦਾਰ ਜ਼ਕਰੀਆ ਖਾਨ ਨੇ ਦਿੱਲੀ ਸਲਤਨਤ ਤੋਂ ਮਨਜ਼ੂਰੀ ਲੈ ਕੇ ਸਿੱਖਾਂ ਨੂੰ ਨਵਾਬੀ ਤੇ ਇੱਕ ਲੱਖ ਰੁਪਏ ਦੀ ਸਾਲਾਨਾ ਆਮਦਨੀ ਵਾਲੀ ਦੀਪਾਲਪੁਰ, ਕੰਗਣਵਾਲ ਤੇ ਝਬਾਲ ਦੀ ਜਾਗੀਰ ਦੀ ਪੇਸ਼ਕਸ਼ ਭੇਜੀ। ਉਸ ਸਮੇਂ ਦੇ ਪ੍ਰਸਿੱਧ ਸਿੱਖ ਆਗੂ ਦੀਵਾਨ ਦਰਬਾਰਾ ਸਿੰਘ ਸਮੇਤ ਸਾਰੇ ਪ੍ਰਮੁੱਖ ਆਗੂਆਂ ਨੇ ਨਵਾਬੀ ਤੇ ਜਾਗੀਰ ਸੰਭਾਲਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ "ਇਸ ਨਵਾਬੀ ਵਿਚ ਕੀ ਪਿਆ ਹੈ। ਸਾਨੂੰ ਤਾਂ ਗੁਰੂ ਨੇ ਰਾਜ ਦੇਣ ਦਾ ਵਚਨ ਕੀਤਾ ਹੋਇਆ ਹੈ। ਗੁਰੂ ਦਾ ਵਚਨ ਪੂਰਾ ਜ਼ਰੂਰ ਹੋਵੇਗਾ। ਖਾਲਸਾ ਜੋ ਸੁਤੰਤਰ ਹੋ ਕੇ ਰਾਜ ਕਰੇਗਾ, ਉਹ ਇਕ ਅਧੀਨ ਪਦਵੀ ਨੂੰ ਸਵੀਕਾਰ ਨਹੀਂ ਕਰ ਸਕਦਾ"। ਫਿਰ ਵਿਚਾਰ ਹੋਇਆ ਕਿ ਇਹ ਨਵਾਬੀ ਕਿਸੇ ਅਜਿਹੇ ਸਿੱਖ ਨੂੰ ਦੇ ਦਿੱਤੀ ਜਾਵੇ, ਜੋ ਸੇਵਾ ਨਾਲ ਜੁੜਿਆ ਹੋਵੇ। ਉਸ ਸਮੇਂ ਪੱਖਾਂ ਝੱਲ ਰਹੇ ਸਰਦਾਰ ਕਪੂਰ ਸਿੰਘ ਫੈਜ਼ਲਪੁਰੀਆ ਨੂੰ ਇਹ ਨਵਾਬੀ ਸੌਂਪ ਦਿੱਤੀ ਗਈ। ਸਰਦਾਰ ਕਪੂਰ ਸਿੰਘ ਨੇ ਵੀ ਪੰਜਾਂ ਸਿੰਘਾਂ ਦੀ ਚਰਨ ਛੋਹ ਨਾਲ ਪਵਿੱਤਰ ਕਰਨ ਤੋਂ ਬਾਅਦ ਹੀ ਪੇਸ਼ਕਸ਼ ਪ੍ਰਵਾਨ ਕੀਤੀ ਸੀ। ਇਹ ਗੁਰੂ ਨੂੰ ਸਮਰਪਿਤ, ਗੁਰਮਤਿ 'ਤੇ ਚੱਲਣ ਲਈ ਸੰਕਲਪਬੱਧ ਸਿੱਖ ਸਨ, ਜਿਨ੍ਹਾਂ ਅੰਦਰ ਰਾਜ ਦਾ ਕੋਈ ਮੋਹ, ਲੋਭ ਨਹੀਂ ਸੀ, ਕੋਈ ਉਤਾਵਲੀ ਨਹੀਂ ਸੀ, ਮਰਿਆਦਾ ਸੀ, ਜੋ ਉਨ੍ਹਾਂ ਨੂੰ ਸੱਚਾ ਸਿੱਖ ਸਿੱਧ ਕਰਦੀ ਸੀ। ਮੀਰੀ ਤੇ ਪੀਰੀ ਦਾ ਸਿਧਾਂਤ ਇਸ ਭਾਵਨਾ 'ਤੇ ਟਿਕਿਆ ਹੋਇਆ ਸੀ। ਧਰਮ ਉੱਪਰ ਸੀ ਰਾਜ, ਨਵਾਬੀ ਸਦਾ ਧਰਮ ਦੀ ਛਾਇਆ ਹੇਠ ਪ੍ਰਫੁੱਲਿਤ ਹੋਈ। ਸਮਾਂ ਆਇਆ ਤਾਂ ਨਵਾਬ ਕਪੂਰ ਸਿੰਘ ਨੂੰ ਨਵਾਬੀ ਛੱਡਣ ਵਿਚ ਇਕ ਪਲ ਵੀ ਨਾ ਲੱਗਿਆ। ਸਿੱਖ ਤਖ਼ਤ 'ਤੇ ਬੈਠਣ ਲਾਇਕ ਸਨ, ਤਾਂ ਹੀ ਮੁੜ ਖਾਲਸਾ ਰਾਜ ਕਾਇਮ ਹੋਇਆ ਤੇ ਮਹਾਰਾਜ ਰਣਜੀਤ ਸਿੰਘ ਨੇ ਲੰਮੀ ਰਾਜਸ਼ਾਹੀ ਦਾ ਇੱਕ ਇਤਿਹਾਸ ਰਚਿਆ। ਇਹ ਭਾਵਨਾ ਅੱਜ ਪੂਰੀ ਤਰ੍ਹਾਂ ਅਦ੍ਰਿਸ਼ ਹੋ ਚੁਕੀ ਹੈ। ਅੱਜ ਸੱਤਾ ਲਈ ਬੇਚੈਨੀ ਹੈ, ਸੱਤਾ ਦੇ ਲੋਭ ਹੇਠ ਸਾਰੀ ਮਰਿਆਦਾ ਵਿਸਾਰ ਦਿੱਤੀ ਗਈ ਹੈ। ਧਰਮ ਨੂੰ ਸੱਤਾ ਪ੍ਰਾਪਤੀ ਦੀ ਪੌੜੀ ਸਮਝ ਲਿਆ ਗਿਆ ਹੈ। ਅੱਜ ਜਿਤਨੇ ਵੀ ਸਿੱਖ ਕਿਸੇ ਵੀ ਪੱਧਰ 'ਤੇ ਸਿਆਸਤ ਵਿਚ ਸਰਗਰਮ ਹਨ, ਉਤਨੇ ਹੀ ਪੰਥਕ ਹਨ, ਜਿਤਨਾ ਉਨ੍ਹਾਂ ਨੂੰ ਸਿਆਸਤ ਵਿਚ ਸਫਲ ਹੋਣ ਲਈ ਜ਼ਰੂਰੀ ਲੱਗਦਾ ਹੈ।

ਸਿੱਖ ਪੰਥ ਪੂਰੀ ਤਰ੍ਹਾਂ ਧਾਰਮਿਕ ਆਗੂ ਵਿਹੀਨ ਹੋ ਚੁੱਕਿਆ ਹੈ। ਆਸ ਜਾਂ ਸੰਸਥਾਵਾਂ ਤੋਂ ਹੁੰਦੀ ਹੈ ਜਾਂ ਵਿਅਕਤੀਆਂ ਤੋਂ। ਬਹੁਤ ਸਾਰਿਆਂ ਸੰਸਥਾਵਾਂ ਪੰਥਕ ਹੋਣ ਦਾ ਦਾਅਵਾ ਕਰਦੀਆਂ ਹਨ। ਇਨ੍ਹਾਂ ਸੰਸਥਾਵਾਂ ਵਿਚ ਮੁੱਖ ਤੌਰ 'ਤੇ ਪ੍ਰਬੰਧਕ ਕਮੇਟੀਆਂ ਤੇ ਸਿਆਸੀ ਦਲ ਹਨ। ਗੁਰਦੁਆਰਿਆਂ ਦਾ ਪ੍ਰਬੰਧ ਦੇਖਣ ਵਾਲਿਆਂ ਕਮੇਟੀਆਂ ਦੀ ਆਪਣੀ ਹੱਦ 'ਤੇ ਕੰਮ ਕਰਨ ਦਾ ਆਪਣਾ ਢੰਗ ਹੈ। ਸੰਸਥਾਵਾਂ ਚਲਾਉਣ ਲਈ ਸਮਝੌਤੇ ਕਰਨੇ ਪੈਂਦੇ ਹਨ, ਜਿਸ ਕਾਰਨ ਉਹ ਨੈਤਿਕ ਰੂਪ ਨਾਲ ਕਮਜ਼ੋਰ ਹੋ ਜਾਂਦੀਆਂ ਹਨ। ਧਾਰਮਿਕ ਹਿੱਤਾਂ ਲਈ ਲੋੜੀਂਦੀ ਅਡੋਲਤਾ, ਹਿੰਮਤ ਦੀ ਆਸ ਉਨ੍ਹਾਂ ਤੋਂ ਨਹੀਂ ਕੀਤੀ ਜਾ ਸਕਦੀ। ਅਜਿਹੀਆਂ ਸੰਸਥਾਵਾਂ ਲਗਾਤਾਰ ਰਾਜਸੀ, ਸਮਾਜਿਕ, ਆਰਥਿਕ ਦਬਾਅ ਹੇਠ ਕੰਮ ਕਰਦੀਆਂ ਹਨ। ਪੰਜਾਬ ਦੇ ਬਹੁਤ ਸਾਰੇ ਸਿਆਸੀ ਦਲ ਪੰਥਕ ਹਿੱਤਾਂ ਦਾ ਪਹਿਰੇਦਾਰ ਹੋਣ ਦਾ ਦਾਅਵਾ ਕਰਦੇ ਹਨ ਪਰ ਇਹ ਦਾਅਵਾ ਸੱਤਾ ਪ੍ਰਾਪਤੀ, ਚੋਣਾਂ ਜਿੱਤਣ ਦੇ ਮਕਸਦ ਨਾਲ ਹੀ ਸਬੰਧ ਰੱਖਦਾ ਹੈ। ਸੰਸਦੀ ਲੋਕਤੰਤਰ ਵਿਚ ਇਸ ਸੱਚ ਨੂੰ ਖੁੱਲ੍ਹੇ ਦਿਲ-ਦਿਮਾਗ ਨਾਲ ਸਵੀਕਾਰ ਕੀਤਾ ਜਾਣਾ ਚਾਹੀਦੈ। ਸਮੱਸਿਆ ਇਹ ਹੈ ਕਿ ਸਿੱਖ ਕੌਮ ਨੇ ਇਸ ਹਕੀਕਤ ਨੂੰ ਅਣਦੇਖਾ ਕੀਤਾ ਹੈ, ਜਿਸ ਦਾ ਪੂਰਾ ਲਾਭ ਸਿਆਸੀ ਦਲ ਅੱਜ ਵੀ ਚੁੱਕ ਰਹੇ ਹਨ ਤੇ ਧਰਮ ਨੂੰ ਸੱਤਾ ਪ੍ਰਾਪਤੀ ਲਈ ਵਰਤਣ ਦਾ ਸਾਹਸ ਕਰ ਰਹੇ ਹਨ। ਦਹਾਕਿਆਂ ਤੋਂ ਧਰਮ ਦੇ ਮਸਲੇ ਅਣਸੁਲਝੇ ਪਏ ਹਨ, ਮਰਿਆਦਾ ਨਾਲ ਵੱਖ ਖੇਡਿਆ ਜਾ ਰਿਹਾ ਹੈ। ਇਹੋ ਸੱਚ ਵਿਅਕਤੀਆਂ ਨਾਲ ਜੁੜਿਆ ਹੋਇਆ ਹੈ, ਖਾਸ ਤੌਰ 'ਤੇ ਪੰਜਾਬ ਤੋਂ ਬਾਹਰ। ਜਿਨ੍ਹਾਂ ਕੋਲ ਦੌਲਤ ਹੈ, ਉਹ ਗੁਰਦੁਆਰਿਆਂ ਦੇ ਪ੍ਰਬੰਧ 'ਤੇ ਕਾਬਿਜ਼ ਹੋ ਗਏ ਹਨ। ਆਪਣੀ ਦੌਲਤ ਬਚਾਉਣ ਲਈ ਸਿਆਸੀ ਦਲਾਂ ਵਿਚ ਸ਼ਾਮਲ ਹੋ ਗਏ ਹਨ। ਸਿਆਸੀ ਦਲਾਂ ਵਿਚ ਉਨ੍ਹਾਂ ਦੀ ਥਾਂ ਗੁਰਦੁਆਰਿਆਂ ਵਿਚ ਮਹੱਤਤਾ ਮੁਤਾਬਕ ਤੈਅ ਹੋ ਰਹੀ ਹੈ।

ਅਜਿਹੇ ਲੋਕਾਂ ਦੀ ਜੱਦੋ-ਜਹਿਦ ਗੁਰਦੁਆਰਿਆਂ ਵਿਚ ਆਪਣਾ ਕਬਜ਼ਾ ਬਣਾਈ ਰੱਖਣ ਤੇ ਉਸ ਦੀ ਕੀਮਤ 'ਤੇ ਸਿਆਸੀ ਹੈਸੀਅਤ ਬਣਾਉਣ ਦੀ ਹੈ। ਇਸ ਲਈ ਉਹ ਕੋਈ ਵੀ ਸਮਝੌਤਾ ਕਰਨ ਨੂੰ ਤਿਆਰ ਹੋ ਜਾਂਦੇ ਹਨ। ਸਿੱਖ ਮਿਸਲਾਂ ਦੀ ਦਿੱਲੀ ਫਤਿਹ ਤੋਂ ਬਾਅਦ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਲਾਲ ਕਿਲ੍ਹੇ ਵਿਚ ਤਾਜਪੋਸ਼ੀ ਕਰ ਤਖਤ 'ਤੇ ਬਿਠਾਇਆ ਗਿਆ। ਇਹ ਕਿਸੇ ਇੱਕ ਮਿਸਲ ਦੇ ਜੱਥੇਦਾਰ ਨੂੰ ਪਸੰਦ ਨਹੀਂ ਆਇਆ, ਤਾਂ ਬਿਨਾ ਦੇਰ ਕੀਤਿਆਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਤਖ਼ਤ ਤਿਆਗ ਦਿੱਤਾ ਸੀ, ਸਿਰਫ ਇਸ ਲਈ ਕਿ ਪੰਥਕ ਏਕਤਾ ਬਣੀ ਰਹੇ। ਅੱਜ ਤਾਂ ਪੰਥਕ ਏਕਤਾ ਦੀ ਰਾਹ ਵਿਚ ਅੜਿੱਕਾ ਹੀ ਇਹ ਹੈ ਕਿ ਕੋਈ ਕੁਰਸੀ ਛੱਡਣਾ ਨਹੀਂ ਚਾਹੁੰਦਾ, ਸਾਰੇ ਹੀ ਕੁਰਸੀ ਦੇ ਦਾਅਵੇਦਾਰ ਹਨ, ਭਾਵੇਂ ਕਿਸੇ ਵੀ ਕੀਮਤ 'ਤੇ ਮਿਲੇ। ਧਰਮ ਦੀ ਚਿੰਤਾ ਉੱਥੇ ਤੱਕ ਹੀ ਹੈ, ਜਿੱਥੇ ਤੱਕ ਆਪਣੀ ਚਿੰਤਾ ਪੂਰੀ ਹੁੰਦੀ ਹੈ। ਇਹ ਗੱਲ ਆਮ ਸਿੱਖ ਨੂੰ ਸਮਝ ਲੈਣੀ ਚਾਹੀਦੀ ਹੈ ਕਿ ਸਿਆਸੀ ਦਲਾਂ ਨਾਲ ਜੁੜੇ ਲੋਕਾਂ ਲਈ ਆਪਣਾ ਹਿੱਤ ਪਹਿਲਾਂ ਹੁੰਦਾ ਹੈ। ਸਿਆਸਤ ਦਾ ਮਿਆਰ ਜਿੰਨਾ ਡਿੱਗ ਗਿਆ ਹੈ, ਨਿੱਜੀ ਹਿੱਤ ਵੀ ਉਤਨਾ ਹੀ ਸੌੜਾ ਹੋ ਗਿਆ ਹੈ। ਅਜਿਹੇ ਲੋਕਾਂ ਦੇ ਵੱਡੇ-ਵੱਡੇ ਬੋਲ ਲੁਭਾਉਣੇ ਹੋ ਸਕਦੇ ਹਨ ਪਰ ਨਿਰੇ ਖੋਖਲੇ ਕਿਉਂਕਿ ਭਾਵਨਾ ਤੋਂ ਵਿਹੀਨ ਹੁੰਦੇ ਹਨ "ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ। ਬਾਤਨ ਹੀ ਅਸਮਾਨੁ ਗਿਰਾਵਹਿ॥" ਇਨ੍ਹਾਂ ਤੋਂ ਕੋਈ ਆਸ ਰੱਖਣਾ ਆਪਣੇ ਆਪ ਨੂੰ ਭੁਲੇਖੇ ਵਿਚ ਰੱਖਣਾ ਹੈ।

ਇਹ ਸਾਫ ਤੌਰ ਤੇ ਸਮਝਣ ਦੀ ਗੱਲ ਹੈ ਕਿ ਜਿਸ ਸੰਸਥਾ ਜਾਂ ਵਿਅਕਤੀ ਦਾ ਧਰਮ ਤੋਂ ਵੱਖ ਕੋਈ ਹਿੱਤ ਹੈ, ਉਹ ਧਰਮ ਲਈ ਖੜ੍ਹੇ ਹੋਣ ਯੋਗ ਨਹੀਂ ਰਹਿ ਜਾਂਦਾ। ਵਿਅਕਤੀਗਤ ਲੋਭ, ਮੋਹ ਧਰਮ ਦੇ ਮਾਰਗ ਤੋਂ ਦੂਰ ਕਰਦਾ ਹੈ। ਧਰਮ ਨਿਰਲੇਪ ਅਵਸਥਾ ਦਾ ਵਿਸ਼ਾ ਹੈ। ਲੋਭ, ਮੋਹ ਸਮਾਜਿਕ, ਆਰਥਿਕ, ਸਿਆਸੀ ਕਾਮਨਾਵਾਂ ਨੂੰ ਜਨਮ ਦਿੰਦਾ ਹੈ, ਜਦਕਿ ਧਰਮ ਮਨੁੱਖ ਨੂੰ ਨਿਸ਼ਕਾਮ, ਨਿਰਲੇਪ ਬਣਾਉਂਦਾ ਹੈ। ਸਿਆਸਤ ਵਿਚ ਖੁਸ਼ਾਮਦ ਹੈ, ਮੌਕਾਪ੍ਰਸਤੀ ਹੈ, ਹੰਕਾਰ ਹੈ, ਜਦਕਿ ਧਰਮ ਵਿਚ ਸਹਿਜ ਹੈ, ਸਮਰਪਣ ਹੈ, ਹਲੀਮੀ ਹੈ। ਸਿਆਸਤ ਦਾ ਜੋੜ ਪ੍ਰਾਪਤੀ ਨਾਲ ਹੈ, ਜਦਕਿ ਧਰਮ ਦਾ ਜੋੜ ਤਿਆਗ ਨਾਲ ਹੈ ।

ਕੁੱਝ ਦਿਨ ਪਹਿਲਾਂ ਇੱਕ ਵੈੱਬੀਨਾਰ ਵਿਚ ਸੁਝਾਅ ਆਇਆ ਸੀ ਕਿ ਗੁਰਦੁਆਰਿਆਂ ਦੇ ਗ੍ਰੰਥੀ ਅੱਗੇ ਹੋ ਕੇ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਣ ਤੇ ਵਰਤਮਾਨ ਪ੍ਰਬੰਧਕ ਕਤਾਰ ਨੂੰ ਬੇਦਖਲ ਕਰਨ, ਜਿਵੇਂ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਗੁਰੂ ਘਰਾਂ ਨੂੰ ਮਹੰਤਾਂ ਤੋਂ ਮੁਕਤ ਕਰਾਇਆ ਗਿਆ ਸੀ। ਦਰਅਸਲ ਗੁਰਦੁਆਰਿਆਂ ਵਿਚ ਸੇਵਾ ਨਿਭਾਉਣ ਵਾਲਿਆਂ ਨੇ ਵੀ ਆਪਣੀ ਸੇਵਾ ਨੂੰ ਨੌਕਰੀ ਮੰਨ ਲਿਆ ਹੈ। ਸੇਵਾ ਦੀ ਭਾਵਨਾ ਘੱਟ ਹੋ ਗਈ ਹੈ। ਆਰਥਿਕ ਦਬਾਅ ਇਸ ਦਾ ਵੱਡਾ ਕਾਰਨ ਹੈ। ਪ੍ਰਬੰਧਕ ਇਸ ਦਾ ਲਾਭ ਉਠਾ ਕੇ ਨਿਰੰਕੁਸ਼ ਹੋ ਗਏ ਹਨ ਤੇ ਗੁਰੂ ਘਰਾਂ ਦੀ ਮਰਿਆਦਾ ਦੇ ਵੀ ਸੰਚਾਲਕ ਬਣ ਬੈਠੇ ਹਨ। ਇਸ ਨਾਲ ਧਾਰਮਿਕ ਮਰਿਆਦਾ ਦਾ ਘੋਰ ਘਾਣ ਹੋ ਰਿਹਾ ਹੈ। ਸਿਆਸੀ ਸ਼ਖਸੀਅਤਾਂ ਨੂੰ ਪੱਗਾਂ ਬੰਨ੍ਹ ਕੇ ਗੁਰਦੁਆਰਿਆਂ ਵਿਚ ਮਹਿਮਾਨ ਵਾਂਗੂੰ ਸਤਿਕਾਰ ਦੇਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਉਨ੍ਹਾਂ ਦੀ ਸ਼ਾਨ ਵਿਚ ਕਸੀਦੇ ਪੜ੍ਹਨੇ ਗੁਰੂ ਤੇ ਗੁਰ ਸੰਗਤ ਦੋਹਾਂ ਦਾ ਨਿਰਾਦਰ ਹੈ। ਤੰਗ ਸਿਆਸੀ ਨਜ਼ਰੀਏ ਦੀ ਪੂਰਤੀ ਲਈ ਗੁਰ ਇਤਿਹਾਸ ਵਿਗਾੜਨ ਵਿਚ ਸਹਿਯੋਗ ਦਿੱਤਾ ਜਾ ਰਿਹਾ ਹੈ। ਇਹ ਸਿਲਸਿਲਾ ਵੱਧਦਾ ਹੀ ਜਾ ਰਿਹਾ ਹੈ ਕਿਉਂਕਿ ਲੋਭ ਵਿਚ ਨਿਵਾਨ ਦੀ ਕੋਈ ਸੀਮਾ ਨਹੀਂ ਹੁੰਦੀ।

ਦੌਲਤ ਤੇ ਸਿਆਸਤ ਦੇ ਇਸ ਧਾਰਮਿਕ ਹਿੱਤਾਂ ਵਿਰੋਧੀ ਗਠਜੋੜ ਨੂੰ ਤੋੜਨ ਲਈ ਆਮ ਸਿੱਖ ਨੂੰ ਵਿਚਾਰ ਕਰਨਾ ਚਾਹੀਦੇ। ਸਿੱਖ ਧਰਮ ਦਾ ਮੂਲ ਸਵਰੂਪ ਬਚਾਉਣਾ ਹੈ, ਤਾਂ ਇਸ ਨੂੰ ਸਿਆਸਤ ਤੋਂ ਇੱਕਦਮ ਵੱਖ ਕਰਨ ਦੀ ਲੋੜ ਹੈ। ਅੱਜ ਦੀ ਸਿਆਸਤ ਨੂੰ ਮੀਰੀ ਨਹੀਂ ਕਿਹਾ ਜਾ ਸਕਦਾ। ਗੁਰੂ ਹਰਿਗੋਬਿੰਦ ਸਾਹਿਬ ਨੇ ਜਿਸ ਮੀਰੀ ਦੀ ਗੱਲ ਕੀਤੀ, ਉਹ ਇੱਕ ਆਦਰਸ਼ ਰਾਜ ਦੀ ਸੱਤਾ ਵਿਵਸਥਾ ਸੀ, ਜਿਸ ਨੂੰ ਬੇਗਮਪੁਰਾ ਜਾਂ ਅੰਮ੍ਰਿਤਸਰ ਸਿਫਤੀ ਦਾ ਘਰ ਕਿਹਾ ਗਿਆ। ਅੱਜ ਦੀ ਮੀਰੀ ਨੂੰ ਤਾਂ ਉਦੋਂ ਹੀ ਨਕਾਰ ਦਿੱਤਾ ਗਿਆ ਸੀ, ਜਦੋਂ ਗੁਰੂ ਅਮਰਦਾਸ ਸਾਹਿਬ ਨੇ ਅਕਬਰ ਦੀ ਮਦਦ ਦੀ ਪੇਸ਼ਕਸ਼ ਨੂੰ ਰੱਦ ਕਰ ਦਿੱਤਾ ਸੀ , ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਔਰੰਗਜ਼ੇਬ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਸੀ, ਗੁਰਦੁਆਰਾ ਸੁਧਾਰ ਲਹਿਰ ਹੇਠ ਮੋਰਚੇ ਲਾਏ ਗਏ ਸਨ।

## ਜ਼ੁਬਾਨ

ਇਹ ਤਲਵਾਰ ਦੋ ਧਾਰੀ ਹੈ।
ਵਾਰ ਕਰਦੀ ਵਾਰੋ ਵਾਰੀ ਹੈ।
ਕਦੇ ਫਿੱਕੇ ਬੋਲ ਬੋਲਦੀ ਹੈ।
ਕਦੇ ਕੁਫ਼ਰ ਵੀ ਤੋਲਦੀ ਹੈ।

ਹੈ ਮਹਾਂਭਾਰਤ ਕਰਵਾ ਦਿੰਦੀ।
ਭਰਾ ਤੋਂ ਭਰਾ ਮਰਵਾ ਦਿੰਦੀ।
ਜੇ ਰਾਮ ਦੇ ਸੀਨੇ ਚੁੱਭ ਜਾਂਦੀ।
ਸੀਤਾ ਨੂੰ ਘਰੋਂ ਕੱਢਵਾ ਜਾਂਦੀ।

ਸੱਚ ਮਨਸੂਰੋਂ ਬੁਲਵਾ ਦਿੰਦੀ।
ਈਸਾ ਸੂਲੀ ਚੜ੍ਹਵਾ ਦਿੰਦੀ।
ਸੁਕਰਾਤ ਨੂੰ ਜ਼ਹਿਰ ਪਿਆਵੇ।
ਕਦੇ ਨਿਊਟਨ ਵੀ ਧੱਕੇ ਖਾਵੇ।

ਕਦੇ ਖੱਟੀ ਹੈ ਕਦੇ ਮਿੱਠੀ ਹੈ।
ਰਾਜਨੀਤੀ ਲੜਦੀ ਡਿੱਠੀ ਹੈ।
ਜਦ ਡੰਗੇ ਪਾਣੀ ਮੰਗਦਾ ਨਾ।
ਮੁੜ ਕੇ ਕਦੇ ਵੀ ਖੰਘਦਾ ਨਾ।

ਅੱਗ ਵੀ ਦਿਲ 'ਤੇ ਲਾ ਦਿੰਦੀ।
ਕਦੇ ਠੰਢੇ ਫਹੇ ਰਖਾ ਦਿੰਦੀ।
ਜਦ ਝੂਠ ਬੋਲਦੀ ਜੱਜ ਅੱਗੇ।
ਫਿਰ ਨਿਰਦੋਸ਼ੇ ਫਾਂਸੀ ਟੰਗੇ।

ਜ਼ੁਬਾਨ ਦੇ ਪੱਕੇ ਵਾਅਦੇ ਹੁੰਦੇ।
ਮੁੱਕਰਨ ਦੇ ਵੀ ਇਰਾਦੇ ਹੁੰਦੇ।
ਕਦੇ ਸਾਂਝ ਉਮਰ ਦੀ ਬੰਨ੍ਹਦੀ।
ਕਦੇ ਅੱਧ ਵਿਚਾਲੋਂ ਹੀ ਭੰਨਦੀ।

ਬੁਜ਼ਦਿਲ ਨੂੰ ਸ਼ੇਰ ਬਣਾ ਦਿੰਦੀ।
ਤੇ ਅਰਜਨ ਵਾਂਗ ਲੜਾ ਦਿੰਦੀ।
ਕਦੇ ਤਾਪ ਜੰਗ ਦਾ ਚੜ੍ਹਾ ਦੇਵੇ।
ਫਿਰ ਸਮਝੌਤਾ ਭੀ ਕਰਾ ਦੇਵੇ।

ਖੁਸ਼ਾਮਦ ਵੀ ਹੈ ਨਿੱਤ ਕਰਦੀ।
ਨਹੀਂ ਚੁਗਲੀ ਕਰਨੋਂ ਡਰਦੀ।
ਕਦੇ ਅਸਮਾਨ 'ਤੇ ਚੜ੍ਹ ਜਾਂਦੀ।
ਕਦੇ ਡਰਦੀ ਥੱਲੇ ਵੜ ਜਾਂਦੀ।

ਜਦੋਂ ਕੌੜਾ ਮੂੰਹ ਤੋਂ ਬੱਕਦੀ ਹੈ।
ਤੇ ਸ਼ਰਮ ਨੂੰ ਪਿੱਛੇ ਧੱਕਦੀ ਹੈ।
ਜਦੋਂ ਵਿਚ ਸਲੀਕੇ ਰਹਿੰਦੀ ਹੈ।
ਫਿਰ ਸਦਾ ਜੀ ਜੀ ਕਹਿੰਦੀ ਹੈ।

ਸਭ ਲੁੱਤਰੋ ਦੀ ਚਤੁਰਾਈ ਹੈ।
ਜੱਗ ਨੂੰ ਸਮਝ ਨਾ ਆਈ ਹੈ।

-ਸੇਵਾ ਸਿੰਘ "ਨੂਰਪੁਰੀ"



ਪੰਜਾਬ ਮੇਲ USA

## ਰੱਬ ਦੀਆਂ ਖੇਡਾਂ

ਜਿੱਤ ਮਿਲਜੇ, ਰਣ ਵਿਚ ਲੜਦੇ ਨੂੰ
ਸਾਹ ਮਿਲਜੇ, ਵਾਧੂ ਮਰਦੇ ਨੂੰ
ਨਿੱਘ ਮਿਲਜੇ ਬੰਦੇ ਠਰਦੇ ਨੂੰ
ਜਾਂ ਮਿਲਜੇ ਆਸਰਾ ਹੜਦੇ ਨੂੰ
ਫਿਰ ਸਮਝੋ ਰੱਬ ਦੀਆਂ ਮਿਹਰਾਂ ਨੇ

ਜਦੋਂ ਪਾਣੀ ਮਿਲੇ ਪਿਆਸੇ ਨੂੰ
ਜਾਂ ਮਿਲਜੇ ਗਰਾਂਟ ਇਲਾਕੇ ਨੂੰ
ਪੁੱਤ ਮਿਲਜੇ ਵਿਛੜੀਆਂ ਮਾਵਾਂ ਨੂੰ
ਟੁੱਕ ਮਿਲਜੇ ਭੁੱਖਿਆਂ ਕਾਵਾਂ ਨੂੰ
ਫਿਰ ਸਮਝੋ ਰੱਬ ਦੀਆਂ ਮਿਹਰਾਂ ਨੇ

ਸੱਪ ਬੱਚਜੇ ਬਾਜ ਦੇ ਪੰਜਿਆਂ 'ਚੋਂ
ਕੋਈ ਬੱਚਜੇ ਸੱਪ ਦੇ ਡੰਗਿਆਂ ਤੋਂ
ਕੋਈ ਬੱਚਜੇ ਸ਼ੇਰ ਦੇ ਮੂੰਹ ਵਿਚੋਂ
ਕੋਈ ਬੱਚਜੇ ਡਿੱਗ ਕੇ ਖੂਹ ਵਿਚੋਂ
ਇਹ ਮਿੱਤਰੋ ਰੱਬ ਦੀਆਂ ਮਿਹਰਾਂ ਨੇ

ਛੜੇ ਨੂੰ ਵਹੁਟੀ ਮਿਲ ਜਾਵੇ
ਨਿੱਤ ਤਾਜ਼ੀ ਰੋਟੀ ਮਿਲ ਜਾਵੇ
ਜਦੋਂ ਰਾਣੀ ਮਿਲਜੇ ਗੋਲੇ ਨੂੰ
ਜਦ ਮੁੰਦੀ ਮਿਲੇ ਵਿਚੋਲੇ ਨੂੰ
ਜਦ ਖੁਸ਼ੀ 'ਚ ਵੱਜਦੀਆਂ ਲੇਰਾਂ ਨੇ
ਫਿਰ ਸਮਝੋ ਰੱਬ ਦੀਆਂ ਮਿਹਰਾਂ ਨੇ

ਜਦ ਡਾਲਰ ਚਾਰ ਕੁ ਜੁੜਦੇ ਆ
ਫਿਰ ਪਿੰਡ ਪਰਦੇਸੀ ਮੁੜਦੇ ਆ
ਜਦ ਘਰਦਾ ਕੁੰਡਾ ਖੁੱਲਦਾ ਏ
ਫਿਰ ਅੱਖ 'ਚੋਂ ਹੰਝੂ ਡੁੱਲਦਾ ਏ
ਗੱਡੀ 'ਚੋਂ ਟੈਚੀ ਲਾਹੁੰਦਾ ਏ
ਘੁੱਟ ਮਾਂ ਨੂੰ ਜੱਫੀ ਪਾਉਂਦਾ ਏ
ਖੇਤਾਂ ਦੀ ਗੇੜੀ ਲਾਉਂਦਾ ਏ
ਬਹਿ ਮੋਟਰ ਉੱਤੇ ਨਾਹੁੰਦਾ ਏ
ਖੜ ਪੈਲੀ ਵੱਲ ਨੂੰ ਤੱਕਦਾ ਏ
ਧਾਹ ਨਿੱਕਲੇ ਕਾਲਜਾ ਮੱਚਦਾ ਏ
ਪੈਲੀ ਨੂੰ ਬੈਠ ਕੇ ਛੋਹ ਲੈਂਦਾ
ਫਿਰ ਡਾਨਸੀਵਾਲੀਆ ਰੋ ਪੈਂਦਾ
ਫਿਰ ਕਹਿੰਦਾ ਹੋ ਗਏ ਧੋਖੇ ਆ
ਸਭ ਰੱਬ ਦੇ ਲੇਖੇ ਜੋਖੇ ਆ
ਸਭ ਰੱਬ ਦੇ ਲੇਖੇ ਜੋਖੇ ਆ

ਕੁਲਵੀਰ ਸਿੰਘ ਡਾਨਸੀਵਾਲ,
ਸਰ੍ਹੀ, ਬੀ.ਸੀ. ਕੈਨੇਡਾ
778-863-2472



ਪੰਜਾਬ ਮੇਲ USA

## ਰਿਉੜੀਆਂ

ਅੱਡ ਲਓ ਲੋਕੋ ਝੋਲੀਆਂ, ਸਰਕਾਰਾਂ ਰਿਉੜੀਆਂ ਵੰਡਣ,
ਆਪਣੀ ਰਿਉੜੀ ਨੂੰ ਵਧੀਆ ਕਹਿਣ, ਬੇਗਾਨੀ ਨੂੰ ਭੰਡਣ।

ਬਦਲੇ ਵਿਚ ਤੁਹਾਡੀਆਂ ਸੋਚਾਂ ਨੂੰ, ਕਰਕੇ ਨਿਕੰਮੀਆਂ,
ਤੁਹਾਡੇ ਹੀ ਸਰਮਾਏ ਨਾਲ, ਰੱਜ ਰੱਜ ਹੱਥ ਰੰਗਣ।

ਘਾਟੇ ਵਿਚ ਚੱਲਣ ਸਰਕਾਰਾਂ, ਕੇਂਦਰ ਅਤੇ ਸੂਬੇ ਦੀਆਂ,
ਪਰਵਾਹ ਨਹੀਂ ਲੋਕ ਕਰਜ਼ੇ ਦਾ ਭਾਰ, ਝੱਲਣ ਜਾਂ ਨਾ ਝੱਲਣ।

ਲਾ ਲਾ ਨਿੱਤ ਝੂਠੇ ਲਾਰੇ, ਜਨਤਾ ਨੂੰ ਬੁੱਧੂ ਬਣਾਵਣ,
ਝੂਠ ਬੋਲਣੋਂ ਲੀਡਰਾਂ ਦੀਆਂ, ਜੀਭਾਂ ਕਦੀ ਨਾ ਥੰਮਣ।

ਵਿਹਲੜਾਂ ਦੀ ਭੀੜ ਦਿਨੋਂ ਦਿਨ, ਵਧਾਵਣ ਵਾਲੇ ਲੀਡਰ,
ਫੜਾ ਰਹੇ ਠੂਠੇ ਲੋਕਾਂ ਨੂੰ ਤਾਂਕਿ, ਉਹ ਮੰਗਣ ਤੋਂ ਨਾ ਸੰਗਣ।

ਮਖੌਲ ਕਰ ਰਹੇ ਨੇ ਮਖੱਟੂ, ਮਿਹਨਤੀਆਂ ਨੂੰ ਹੱਸ ਹੱਸ ਕੇ,
ਜੇਕਰ ਰੋਕਣ ਸ਼ਰੀਫ ਉਨ੍ਹਾਂ ਦੇ ਹੀ, ਉਲਟੇ ਮੂੰਹ ਭੰਨਣ।

ਅੰਨ੍ਹੀਆਂ ਸਰਕਾਰਾਂ ਪੀਹਣ ਪੀਂਹਦੀਆਂ, ਜੋ ਵੀ ਨਿੱਤ ਦਿਨ,
ਸਰਕਾਰੀ ਕੁੱਤੇ ਚੱਟਦੇ ਜਾਣ, ਸਭ ਤੋੜ ਕੇ ਬੰਧਨ।

ਅੱਡ ਲਓ ਲੋਕੋ ਝੋਲੀਆਂ, ਸਰਕਾਰਾਂ ਰਿਉੜੀਆਂ ਵੰਡਣ,
ਆਪਣੀ ਰਿਉੜੀ ਨੂੰ ਵਧੀਆ ਕਹਿਣ, ਬੇਗਾਨੀ ਨੂੰ ਭੰਡਣ।

- ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ, ਯੂ.ਕੇ.



ਪੰਜਾਬ ਮੇਲ USA

## ਮੇਰਾ ਪਿੰਡ

ਕਿਤੇ ਸ਼ਹਿਰ ਵਸੇਂਦੀ ਕੁੜੀਏ ਨੀਂ,
ਮੇਰੇ ਪਿੰਡ ਦਾ ਗੇੜਾ ਲਾ ਜਾਵੀਂ।
ਮੇਰੇ ਪਿੰਡ ਫਰਿਸ਼ਤੇ ਵੱਸਦੇ ਨੇ,
ਇੱਕ ਵਾਰੀ ਦਰਸ਼ਨ ਪਾ ਜਾਵੀਂ।
ਮੇਰੇ ਪਿੰਡ ਦੇ ਲੋਕਾਂ ਦਾ ਗੂੜ੍ਹਾ,
ਆਪਸ ਵਿਚ ਭਾਈਚਾਰਾ ਏ।
ਲਹਿੰਦੇ ਵੱਲ੍ਹ ਇੱਕ ਮਸੀਤ ਬਣੀ,
ਚੜ੍ਹਦੇ ਵੱਲ੍ਹ ਗੁਰਦੁਆਰਾ ਏ।
ਸਾਰੇ ਤੇਰੇ ਦੁੱਖ ਟੁੱਟ ਜਾਣੇ,
ਇੱਕ ਵਾਰੀ ਸੀਸ ਨਿਵ੍ਹਾ ਜਾਵੀਂ।
ਕਿਤੇ ਸ਼ਹਿਰ.... .... .... ....।
ਕਿਤੇ ਸੌਣ ਮਹੀਨੇ ਆ ਵੇਖੀਂ,
ਕਿੰਝ ਪਿੰਡ ਵਿਚ ਤੀਆਂ ਲੱਗਦੀਆਂ ਨੇ।
ਪਿੱਪਲਾਂ 'ਤੇ ਪੀਂਘਾਂ ਪੈਂਦੀਆਂ ਨੇ,
ਜਦ ਮਹਿਕੀਆਂ ਵਾਵ੍ਹਾਂ ਵੱਗਦੀਆਂ ਨੇ।
ਤੂੰ ਵੀ ਮਿਲਕੇ ਸੰਗ ਉਨ੍ਹਾਂ ਦੇ,
ਅੰਬਰਾਂ ਤੱਕ ਪੀਂਘ ਚੜ੍ਹਾ ਜਾਵੀਂ।
ਕਿਤੇ ਸ਼ਹਿਰ.... .... .... ....।
ਤੂੰ ਬਰਗਰ ਪੀਜ਼ਾ ਭੁੱਲ ਜਾਏਂਗੀ,
ਜਦ ਭੁੱਜੀਆਂ ਛੱਲੀਆਂ ਚੱਬੇਂਗੀ।
ਤੂੰ ਮੁੜ-ਮੁੜਕੇ ਮੇਰੇ ਪਿੰਡ ਵਰਗੀ,
ਫੇਰ ਐਸ਼ ਪ੍ਰਸਤੀ ਲੱਭੇਂਗੀ।
ਤੂੰ ਪਿੰਡ 'ਮਹਿੰਦ ਪੁਰ' ਵਾਲੇ ਦੇ,
ਸੁੱਖਾਂ ਲਈ ਸੁੱਖ ਮਨਾ ਜਾਵੀਂ।
ਕਿਤੇ ਸ਼ਹਿਰ.... .... .... ....।

-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'
ਪੋਰਟਲੈਂਡ, ਓਰੇਗਨ (ਅਮਰੀਕਾ)
+1-360-448-1989



ਪੰਜਾਬ ਮੇਲ USA

## ਮੁਹੱਬਤ: ਜ਼ਿੰਦਗੀ ਦੀ ਪਾਰ ਗਾਥਾ

ਮੁਹੱਬਤ, ਸੁਭਾਵਕ ਹੀ,
ਇਕ ਦੂਜੇ 'ਤੇ ਘਟਣ
ਦਾ ਅਹਿਸਾਸ ਹੈ!

ਮੁਹੱਬਤ ਵਿਚ,
ਮਹਿਕ ਰੌਸ਼ਨੀ ਬਣ ਜਾਂਦੀ ਹੈ
ਤੇ ਰੌਸ਼ਨੀ ਗੀਤ!

ਸੂਰਜ ਦੀਆਂ ਕਿਰਨਾਂ ਦੀ ਸਰਗਮ:
ਨ੍ਰਿਤ ਕਰਦੀ ਆਬਸ਼ਾਰ –
ਨਦੀ ਗੁਣਗੁਣਾਉਂਦੀ ਹੈ!!!

ਮੁਹੱਬਤ,
ਪਿੰਡ ਤੇ ਬ੍ਰਹਮੰਡ ਦੀ,
ਮਾਂ ਵੀ ਹੈ ਤੇ ਮਹਿਬੂਬ ਵੀ!

ਮੁਹੱਬਤ,
ਜ਼ਿੰਦਗੀ ਦੀ ਪਾਰ ਗਾਥਾ ਹੈ!!!

-ਰਵਿੰਦਰ ਰਵੀ, ਕੈਨੇਡਾ
250-635-4455



ਪੰਜਾਬ ਮੇਲ USA

# PUNJAB MAIL USA

TV Channel, Newspaper, Radio




24 Hours
7 Days

## All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

Gold # 2867, Gem # 375, TV Zon # 6888, Glow TV # 1828, Tashan # 131, Real TV etc.

For any Information & Advertisement Call at

**+1-916-320-9444**





## FOR SALE & PURCHASE OF ANY KIND OF PROPERTY



RE/MAX

RE/MAX®
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

**916-320-9444**